# ਵਿਗਿਆਨ ਜੋਤ

**ਸਾਲ 12, ਅੰਕ 5**

ਸਤੰਬਰ ਅਕਤੂਬਰ, 2017

PUNPUN/2006/17457



ਮੁੱਖ ਸੰਪਾਦਕ:
ਮੇਘ ਰਾਜ ਮਿੱਤਰ

ਸੰਪਾਦਕ:
ਅਜਮੇਰ ਸਿੱਧੂ
ਸੁਰਜੀਤ ਟੱਗ

ਮੁੱਖ ਪ੍ਰਬੰਧਕ:
ਅਮਿੱਤ ਮਿੱਤਰ

**ਸੰਪਾਦਕੀ ਬੋਰਡ**
- ✻ ਰਾਜਾ ਰਾਮ ਹੰਢਿਆਇਆ
- ✻ ਮੇਘ ਰਾਜ ਰੱਲਾ
- ✻ ਸਰਜੀਤ ਤਲਵਾਰ
- ✻ ਗੁਰਪ੍ਰੀਤ ਮੱਲੋਕੇ
- ✻ ਮਨਿੰਦਰ ਰੰਧਾਵਾ
- ✻ ਨਗਿੰਦਰ ਮਾਨਾਂ

**ਸਲਾਹਕਾਰੀ ਬੋਰਡ**
- ✻ ਡਾ. ਹਰੀਸ਼ ਮਲਹੋਤਰਾ ਬਰਮਿੰਘਮ
- ✻ ਅਵਤਾਰ ਨਿਊਜ਼ੀਲੈਂਡ
- ✻ ਡਾ. ਵਿਸ਼ਾਲ ਭਾਰਤੀ (ਐਮ.ਡੀ.)



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |



ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ:
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ-148101
ਫ਼ੋਨ 01679-241744
Email : tarksheel@gmail.com



**ਨੋਟ ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**

ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰਬਰ 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


## ਸੰਪਾਦਕੀ ਤਰਕਸ਼ੀਲ ਮਨੁੱਖ ਅਤੇ ਧਾਰਮਿਕ ਮਨੁੱਖ



ਧਰਤੀ ਉੱਤੇ ਰਹਿਣ ਵਾਲੇ ਮਨੁੱਖਾਂ ਦੀ ਨਸਲ ਭਾਵੇਂ ਇੱਕ ਹੀ ਹੈ ਪਰ ਇਨ੍ਹਾਂ ਮਨੁੱਖਾਂ ਵਿੱਚ ਅੰਤਰ ਜ਼ਮੀਨ ਅਸਮਾਨ ਦਾ ਹੋ ਜਾਂਦਾ ਹੈ। ਇੱਕ ਮਨੁੱਖ ਉਹ ਹਨ ਜਿਹੜੇ ਪੁਲਾੜ ਵਿੱਚ ਉੱਡੇ ਫਿਰਦੇ ਹਨ, ਦੂਜੇ ਪਾਸੇ ਅੱਜ ਵੀ ਅਜਿਹੇ ਮਨੁੱਖ ਹਨ ਜਿਹੜੇ ਗੁਫਾਵਾਂ ਵਿੱਚ ਰਹਿੰਦੇ ਹਨ। ਮਨੁੱਖਾਂ ਵਿੱਚ ਇਹ ਅੰਤਰ ਸੋਚ, ਆਰਥਿਕਤਾ, ਨਾਗਰਿਕਤਾ ਆਦਿ ਕਰਕੇ ਹੁੰਦਾ ਹੈ। ਸਾਡਾ ਤਰਕਸ਼ੀਲਾਂ ਦਾ ਜ਼ਿਆਦਾ ਸਬੰਧ ਸੋਚ ਨਾਲ ਹੈ। ਆਓ ਵੇਖੀਏ ਕਿ ਸੋਚ ਨਾਲ ਮਨੁੱਖਤਾ ਵਿੱਚ ਕੀ ਫ਼ਰਕ ਪੈ ਜਾਂਦੇ ਹਨ।

1. ਸਿਹਤ ਪੱਖੋਂ - ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਹੋਏ ਸਰਵੇ ਦਸਦੇ ਹਨ ਕਿ ਤਰਕਸ਼ੀਲ ਸੋਚ ਦੇ ਮਨੁੱਖਾਂ ਨਾਲੋਂ ਧਾਰਮਿਕ ਸੋਚ ਵਾਲੇ ਘੱਟ ਔਸਤ ਉਮਰ ਜਿਉਂਦੇ ਹਨ। ਇਹ ਇਸ ਕਰਕੇ ਹੁੰਦਾ ਕਿ ਉਹ ਆਪਣੇ ਧਾਰਮਿਕ ਵਿਸ਼ਵਾਸ ਹੋਣ ਕਰਕੇ ਆਪਣੇ ਧਰਮ ਦੀਆਂ ਦਵਾਈਆਂ ਆਦਿ ਦਾ ਇਸਤੇਮਾਲ ਵੱਧ ਕਰਦੇ ਹਨ।ਇਸੇ ਤਰ੍ਹਾਂ ਉਹ ਦਵਾਈਆਂ ਦੇ ਪੱਖੋਂ ਸਾਰੀ ਦੁਨੀਆਂ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਦੀ ਬਜਾਏ ਆਪਣੇ ਇਲਾਕੇ ਦੀਆਂ ਦਵਾਈਆਂ ਪਸੰਦ ਕਰਦੇ ਹਨ। ਉਨ੍ਹਾਂ ਦਾ ਆਤਮਵਿਸਵਾਸ਼ ਵੀ ਘੱਟ ਹੁੰਦਾ ਹੈ। ਇਸ ਲਈ ਵਾਰ-ਵਾਰ ਦਵਾਈਆਂ ਬਦਲਦੇ ਰਹਿੰਦੇ ਹਨ।

2. ਨਜ਼ਰੀਆ - ਤਰਕਸ਼ੀਲ ਮਨੁੱਖਾਂ ਦਾ ਨਜ਼ਰੀਆ ਬਹੁਤ ਵਿਸ਼ਾਲ ਹੋ ਜਾਂਦਾ ਹੈ। ਉਨ੍ਹਾਂ ਨੂੰ ਸਾਰੀ ਦੁਨੀਆਂ ਦੇ ਲੋਕ, ਸਾਰੀਆਂ ਜਾਤਾਂ ਦੇ ਲੋਕ ਅਤੇ ਸਾਰੇ ਧਰਮਾਂ ਦੇ ਲੋਕ ਚੰਗੇ ਲੱਗਣ ਲੱਗ ਜਾਂਦੇ ਹਨ। ਇਸ ਤਰ੍ਹਾਂ ਖਾਣ-ਪੀਣ ਵੀ ਉਨ੍ਹਾਂ ਦਾ ਵਧੀਆ ਹੋ ਜਾਂਦਾ ਹੈ। ਉਹ ਹਰ ਇਲਾਕੇ, ਹਰ ਧਰਮ, ਹਰ ਜਾਤੀ ਦੇ ਚੰਗੇ ਅਤੇ ਸਾਫ਼-ਸੁਥਰੇ ਖਾਣੇ ਪਸੰਦ ਕਰਨ ਲੱਗ ਜਾਂਦੇ ਹਨ। ਉਨ੍ਹਾਂ ਦਾ ਪਹਿਰਾਵਾ ਵੀ ਵਧੀਆ ਹੋ ਜਾਂਦਾ ਹੈ। ਲੋਕਾਂ ਨਾਲ ਸਹਿਯੋਗ ਵੀ ਵਧ ਜਾਂਦਾ ਹੈ। ਪਰ ਧਾਰਮਿਕ ਲੋਕ ਆਪਣੇ ਖਾਣਿਆਂ ਅਤੇ ਪਹਿਰਾਵਿਆਂ ਉੱਪਰ ਬੇਲੋੜੀਆਂ ਬੰਦਸ਼ਾਂ ਲਾ ਦਿੰਦੇ ਹਨ। ਕੋਈ ਲਸਣ ਨਹੀਂ ਖਾਂਦਾ, ਕੋਈ ਪਿਆਜ ਨਹੀਂ ਖਾਂਦਾ, ਕੋਈ ਆਂਡਾ ਛੱਡ ਦਿੰਦਾ ਹੈ, ਕੋਈ ਮੀਟ ਛੱਡ ਦਿੰਦਾ ਹੈ, ਕਿਸੇ ਨੂੰ ਖੀਰ ਪਸੰਦ ਹੈ, ਕਿਸੇ ਨੂੰ ਕੜਾਹ।

3. ਸੁਭਾਅ - ਤਰਕਸ਼ੀਲਾਂ ਦਾ ਸੁਭਾਅ ਜ਼ਿਆਦਾ ਸਹਿਣਸ਼ੀਲ ਹੋ ਜਾਂਦਾ ਹੈ। ਉਨ੍ਹਾਂ ਲਈ ਬੇਅਦਬੀ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ। ਧਾਰਮਿਕ ਲੋਕ, ਇਸਤਰੀ ਨੂੰ ਆਪਣੇ ਪੈਰ ਦੀ ਜੁੱਤੀ ਸਮਝਣ ਲੱਗ ਪੈਂਦੇ ਹਨ ਪਰ ਤਰਕਸ਼ੀਲ ਇਸਤਰੀ ਨੂੰ ਬਰਾਬਰ ਮੰਨ ਕੇ ਚੱਲਦੇ ਹਨ। ਧਾਰਮਿਕ ਲੋਕ ਕਾਮ ਤੋਂ ਵੀ ਗੁਰੇਜ਼ ਕਰਨ ਲੱਗ ਜਾਂਦੇ ਹਨ ਪਰ ਤਰਕਸ਼ੀਲਾਂ ਲਈ ਇਸ ਕਿਸਮ ਦੀ ਕੋਈ ਬੰਦਸ਼ ਨਹੀ ਹੁੰਦੀ। ਧਾਰਮਿਕ ਲੋਕਾਂ ਦਾ ਆਪਣੇ ਬੱਚਿਆਂ ਨੂੰ ਦੇਣ ਲਈ ਸਮਾਂ ਘਟ ਜਾਂਦਾ ਹੈ ਕਿਉਂਕਿ ਉਹ ਘੰਟਿਆਂ ਬੱਧੀ ਪਾਠ-ਪੂਜਾ ਵਿੱਚ ਰੁੱਝੇ ਰਹਿੰਦੇ ਹਨ। ਉਂਝ ਵੀ ਧਾਰਮਿਕ ਲੋਕ ਮੋਹ ਤਿਆਗ ਦਿੰਦੇ ਹਨ ਪਰ ਤਰਕਸ਼ੀਲ ਤਾਂ ਪਰਿਵਾਰਕ ਮੈਂਬਰਾਂ ਪ੍ਰਤੀ ਮੋਹ ਵਧਾਉਂਦੇ ਹਨ।

4. ਗਿਆਨ -ਧਾਰਮਿਕ ਵਿਅਕਤੀਆਂ ਦਾ ਗਿਆਨ ਆਪਣੇ ਧਾਰਮਿਕ ਗ੍ਰੰਥ ਜਾਂ ਕੁੱਝ ਸੀਮਿਤ ਗ੍ਰੰਥਾਂ ਤੱਕ ਹੁੰਦਾ ਹੈ। ਪਰ ਤਰਕਸ਼ੀਲਾਂ ਦਾ ਗਿਆਨ ਇਸ ਲਈ ਵਧੇਰੇ ਹੁੰਦਾ ਹੈ ਕਿਉਂਕਿ ਉਨ੍ਹਾਂ ਨੇ ਹਜ਼ਾਰਾਂ ਕਿਤਾਬਾਂ,ਅਖ਼ਬਾਰਾਂ, ਰਸਾਲਿਆਂ ਅਤੇ ਇੰਟਰਨੈੱਟ ਤੋਂ ਗਿਆਨ ਪ੍ਰਾਪਤ ਕੀਤਾ ਹੁੰਦਾ ਹੈ। ਧਾਰਮਿਕ ਵਿਅਕਤੀ ਜੇ ਘੁੰਮਣ-ਫਿਰਨ ਲਈ ਜਾਂਦੇ ਹਨ ਤਾਂ ਉਹ ਵੀ ਆਪਣੇ ਹੀ ਧਾਰਮਿਕ ਸਥਾਨਾਂ ਤੇ ਜਾਂਦੇ ਹਨ ਪਰ ਤਰਕਸ਼ੀਲ ਮਨੁੱਖਾਂ ਲਈ ਤਾਂ ਉਡਾਰੀਆਂ ਲਾਉਣ ਵਾਸਤੇ ਸਾਰਾ ਸੰਸਾਰ ਹੁੰਦਾ ਹੈ। ਧਾਰਮਿਕ ਵਿਅਕਤੀਆਂ ਵਿੱਚ ਕੀਰਤਨ ਅਤੇ ਕਥਾਵਾਂ ਕਰਨ ਵਾਲੇ ਕਲਪਿਤ ਕਿੱਸੇ ਕਹਾਣੀਆਂ ਭਰ ਦਿੰਦੇ ਹਨ। ਇਸ ਤਰ੍ਹਾਂ ਉਹ ਸੱਚ ਤੋਂ ਦੂਰ ਹੋ ਜਾਂਦੇ ਹਨ। ਪਰ ਤਰਕਸ਼ੀਲਾਂ ਨੇ ਤਾਂ ਸੱਚ ਨੂੰ ਲੱਭਣਾ ਹੁੰਦਾ ਹੈ ਜਿਹੜਾ ਉਹ ਹਜ਼ਾਰਾਂ ਵਿਅਕਤੀਆਂ ਦੇ ਭਾਸ਼ਣਾਂ, ਰਚਨਾਵਾਂ ਆਦਿ ਵਿੱਚੋਂ ਭਾਲਦੇ ਹਨ।

5. ਕਾਰੋਬਾਰ - ਮੈਂ ਬਹੁਤ ਸਾਰੇ ਧਾਰਮਿਕ ਵਿਅਕਤੀਆਂ ਨੂੰ ਦੇਖਿਆ ਹੈ। ਉਹ ਆਪਣੀ ਭਗਤੀ ਦੀ ਲਗਨ ਕਾਰਨ ਡਿਊਟੀ ਪ੍ਰਤੀ ਵੀ ਇਮਾਨਦਾਰ ਨਹੀਂ ਹੁੰਦੇ। ਉਨ੍ਹਾਂ ਦਾ ਗਿਆਨ ਸੀਮਿਤ ਹੋਣ ਕਰਕੇ ਵਿਦਿਆਰਥੀਆਂ ਨੂੰ ਵਧੀਆ ਗਿਆਨ ਨਹੀਂ ਦੇ ਸਕਦੇ। ਤਰਕਸ਼ੀਲਾਂ ਨੂੰ ਪਤਾ ਹੁੰਦਾ ਹੈ ਕਿ ਜ਼ਿੰਦਗੀ ਇੱਕ ਸੰਘਰਸ਼ ਹੈ। ਆਪਣੇ ਕਾਰੋਬਾਰਾਂ ਵਿੱਚ ਮੁਕਾਬਲਾ ਕਰਨ ਲਈ ਉਨ੍ਹਾਂ ਨੂੰ ਦੂਜਿਆਂ ਨਾਲੋਂ ਬਿਹਤਰ ਹੋਣਾ ਹੀ ਪਵੇਗਾ। ਉਂਝ ਵੀ ਤਰਕਸ਼ੀਲਾਂ ਦਾ ਕਿਸਮਤਵਾਦ ਵਿੱਚ ਕੋਈ ਵਿਸ਼ਵਾਸ਼ ਨਹੀਂ ਹੁੰਦਾ। ਇਸ ਲਈ ਉਹ ਆਪਣੇ ਉਹ ਕਾਰੋਬਾਰਾਂ ਵਿੱਚ ਵੀ ਸਫ਼ਲ ਹੋ ਜਾਂਦੇ ਹਨ।

ਸੋ ਆਓ ! ਤਰਕਸ਼ੀਲ ਸੋਚ ਨੂੰ ਅਪਨਾਈਏ। ਇਹ ਤੁਹਾਡੀ ਜ਼ਿੰਦਗੀ ਦੀ ਸਫ਼ਲਤਾ ਲਈ ਬੇਹੱਦ ਜ਼ਰੂਰੀ ਹੈ।

**ਮੇਘ ਰਾਜ ਮਿੱਤਰ**
ਮੁੱਖ ਸੰਪਾਦਕ

# ਗੁੱਤਾਂ ਕੱਟਣ ਵਾਲਾ 'ਭੂਤ'

ਜੂਨ-ਜੁਲਾਈ ਅਤੇ ਅਗਸਤ ਮਹੀਨਿਆਂ ਵਿੱਚ ਭਾਰਤ ਦੇ ਉੱਤਰੀ ਸੂਬਿਆਂ ਵਿੱਚ ਇੱਕ ਅਜੀਬ ਵਰਤਾਰਾ ਸ਼ੁਰੂ ਹੋਇਆ। ਦੁਨੀਆਂ ਜਿੱਥੇ ਇਸ ਸਿਲਸਿਲੇ ਨੂੰ ਸੁਣ ਕੇ ਭਾਰਤੀ ਲੋਕਾਂ ਦੀ ਅੰਧਵਿਸ਼ਵਾਸ਼ੀ ਸੋਚ ਤੇ ਹੱਸੇਗੀ ਅਤੇ ਨਾਲ ਹੀ ਉਨ੍ਹਾਂ ਨੂੰ ਇੱਕੀਵੀਂ ਸਦੀ ਦੇ ਭਾਰਤੀਆਂ ਦੀ ਸੋਚ ਤੇ ਅਫਸੋਸ ਵੀ ਹੋਵੇਗਾ। ਇਹ ਸਿਲਸਿਲਾ ਰਾਜਸਥਾਨ ਦੇ ਜ਼ਿਲ੍ਹੇ ਜੋਧਪੁਰ ਦੇ 55 ਪਿੰਡਾਂ ਵਿੱਚ ਸ਼ੁਰੂ ਹੋਇਆ। ਕਹਿੰਦੇ ਹਨ ਕਿ ਕਿਸੇ ਪਰਿਵਾਰ ਦੀ ਘੋੜੀ ਦਿਨੇ ਸੂ ਪਈ। ਮੰਨਿਆਂ ਇਹ ਜਾਂਦਾ ਹੈ ਕਿ ਘੋੜੀਆਂ ਆਮ ਤੌਰ ਤੇ ਰਾਤ ਨੂੰ ਹੀ ਸੂੰਦੀਆਂ ਹਨ। ਪਰਿਵਾਰ ਜੋਤਸ਼ੀਆਂ ਦੇ ਚੱਕਰ ਵਿੱਚ ਪੈ ਗਿਆ। ਕਿਸੇ ਜੋਤਸ਼ੀ ਨੇ ਕਹਿ ਦਿੱਤਾ ਕਿ ਇਹ ਤਾਂ ਵੱਡੀ ਅਪਸ਼ਗਨੀ ਹੋਈ ਹੈ। ਜੇ ਤੁਹਾਡੇ ਘਰ ਦੀ ਕੋਈ ਜੇਠੀ ਇਸਤਰੀ ਆਪਣੇ ਵਾਲ ਕੱਟ ਲਵੇ ਅਤੇ ਪੇਟ ਤੇ ਤ੍ਰਿਸ਼ੂਲ ਦਾ ਨਿਸ਼ਾਨ ਬਣਾਵੇ ਤਾਂ ਇਹ ਅਪਸ਼ਗਨੀ ਦੂਰ ਹੋ ਸਕਦੀ ਹੈ। ਇਹ ਘਟਨਾ ਪਿੰਡਾਂ ਵਿੱਚ ਫੈਲ ਗਈ। ਦੇਖਾ-ਦੇਖੀ ਇਸਤਰੀਆਂ ਦੀਆਂ ਗੁੱਤਾਂ ਕੱਟੀਆਂ ਜਾਣ ਲੱਗ ਪਈਆਂ। ਅਖ਼ਬਾਰਾਂ ਨੂੰ ਸਨਸਨੀ ਫੈਲਾਉਣ ਲਈ ਅਜਿਹੀਆਂ ਖ਼ਬਰਾਂ ਦੀ ਲੋੜ ਹੁੰਦੀ ਹੈ ਤੇ ਉਨ੍ਹਾਂ ਨੇ ਅਜਿਹੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਾਪਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤਰ੍ਹਾਂ ਇਹ ਸਿਲਸਿਲਾ ਰਾਜਸਥਾਨ ਤੋਂ ਸੁਰੂ ਹੋ ਕੇ ਯੂ.ਪੀ., ਹਰਿਆਣੇ ਅਤੇ ਪੰਜਾਬ ਦੇ ਬਹੁਤ ਸਾਰੇ ਸਹਿਰਾਂ, ਪਿੰਡਾਂ ਅਤੇ ਕਸਬਿਆਂ ਵਿੱਚ ਫੈਲ ਗਿਆ।ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਾਲਿਆਂ ਨੇ ਤਰਕਸ਼ੀਲਾਂ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ।ਮੈਨੂੰ ਵੀ ਬਹੁਤ ਸਾਰੇ ਅਖ਼ਬਾਰਾਂ ਨੂੰ ਬਿਆਨ ਜਾਰੀ ਕਰਨੇ ਪਏ । ਜਲੰਧਰ ਦੂਰਦਰਸ਼ਨ ਅਤੇ ਪੀ.ਟੀ.ਸੀ. ਨਿਊਜ਼ ਤੇ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਬਹਿਸ਼-ਬਟਾਂਦਰਾ ਕਰਨਾ ਪਿਆ।ਮੈਂ ਆਪਣੇ ਵਿਚਾਰਾਂ ਵਿੱਚ ਇਸ ਗੱਲ ਤੇ ਜ਼ੋਰ ਦਿੰਦਾ ਰਿਹਾ ਹਾਂ ਕਿ ਗੁੱਤਾਂ ਕੱਟਣ ਵਾਲੀ ਕੋਈ ਭੂਤ-ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ ਹੈ। ਸਗੋਂ ਆਪਣੀਆਂ ਗੁੱਤਾਂ ਤਾਂ ਖ਼ੁਦ ਵਿਅਕਤੀ ਹੀ ਕੱਟ ਰਹੇ ਹਨ।ਮੈਂ ਆਪਣੇ 34 ਸਾਲ ਤੇ ਤਜ਼ਰਬੇ ਵਿੱਚ ਇਹ ਗੱਲ ਨੋਟ ਕੀਤੀ ਹੈ ਕਿ ਜਦੋਂ ਵੀ ਕਿਸੇ ਵਿਅਕਤੀ ਨਾਲ ਕੋਈ ਵਿਅਕਤੀਗਤ ਘਟਨਾ ਵਾਪਰਦੀ ਹੈ ਤਾਂ ਉਹ ਕਰਨ ਵਾਲਾ ਖ਼ੁਦ ਹੀ ਹੁੰਦਾ ਹੈ। ਇਸਤਰੀਆਂ ਦੇ ਨੀਲ ਪੈਣੇ, ਦੰਦੀਆਂ ਵੱਢੀਆਂ ਜਾਣੀਆਂ, ਛਾਤੀਆਂ ਸੁੱਜ ਜਾਣੀਆਂ, ਸਵਪਨਦੋਸ਼ ਹੋ ਜਾਣੇ, ਖ਼ੁਦ ਨਾਲ ਵਾਪਰੀਆਂ ਅਤੇ ਖ਼ੁਦ ਦੀਆਂ ਕੀਤੀਆਂ ਕਾਰਵਾਈਆਂ ਹੁੰਦੀਆਂ ਹਨ। ਕੋਈ ਵੀ ਦੂਸਰਾ ਵਿਅਕਤੀ ਅਜਿਹੇ ਵਿਅਕਤੀਆਂ ਨਾਲ ਅਜਿਹਾ ਕੁੱਝ ਨਹੀਂ ਕਰ ਸਕੇਗਾ। ਜੇ ਇੱਕ ਵਾਰ ਨਹੀਂ ਫੜਿਆ ਜਾਊ ਤਾਂ ਦੂਜੀ ਵਾਰ ਜ਼ਰੂਰ ਫੜਿਆ ਜਾਊ। ਅਸੀਂ ਸਮਝਦੇ ਹਾਂ ਕਿ ਵਿਅਕਤੀਗਤ ਕਿਰਿਆਵਾਂ ਕਰਨ ਲਈ ਬਲ ਦੀ ਲੋੜ ਹੁੰਦੀ ਹੈ। ਇਹ ਬਲ ਕਿੱਥੋਂ ਆਉਂਦਾ ਹੈ। ਸਿੱਧਾ ਜਿਹਾ ਜਵਾਬ ਹੈ ਕਿ ਖ਼ੁਦ ਹੀ ਵਿਅਕਤੀ ਅਜਿਹਾ ਕਰਦਾ ਹੈ।

ਬਲ ਦੀ ਵਿਗਿਆਨਕ ਭਾਸ਼ਾ ਵਿੱਚ ਉਸ ਕਿਰਿਆ ਨੂੰ ਬਲ ਕਿਹਾ ਜਾਂਦਾ ਹੈ ਜੋ ਕਿਸੇ ਚੀਜ਼ ਨੂੰ ਹਿਲਾਵੇ ਜਾਂ ਹਿਲਾਉਣ ਦਾ ਯਤਨ ਕਰੇ। ਜੇ ਚੀਜ਼ਾਂ ਨੂੰ ਹਿਲਾਉਣ ਵਾਲਾ ਕੋਈ ਭੂਤ-ਪ੍ਰੇਤ ਜਾਂ ਚੁੜੇਲ ਸਿੱਧ ਹੋ ਜਾਵੇ ਤਾਂ ਸਾਡੀ ਸੰਸਥਾ ਇਸ ਗੱਲ ਲਈ ਇੱਕ ਕਰੋੜ ਰੁਪਏ ਦਾ ਇਨਾਮ ਦੇਣ ਲਈ ਤਿਆਰ ਹੈ। ਅਸੀਂ ਇਸ ਤਰ੍ਹਾਂ ਦੇ ਕੇਸ ਪਹਿਲਾਂ ਵੀ ਹੱਲ ਕੀਤੇ ਹਨ। ਜਿਵੇਂ ਹਰਿਆਣੇ ਵਿੱਚ ਟੋਹਾਣੇ ਦੇ ਨੇੜੇ ਪਿੰਡ ਜਮਾਲਪੁਰ ਸੇਖਾ ਵਿੱਚ ਸਾਰੇ ਪਿੰਡ ਦੀਆਂ ਕੁੜੀਆਂ ਦੇ ਘਰੂਟ ਵੱਢੇ ਜਾਣੇ ਸ਼ੁਰੂ ਹੋ ਗਏ ਸਨ। ਲੋਕਾਂ ਨੇ ਆਪਣੀਆਂ ਧੀਆਂ-ਭੈਣਾਂ ਨੂੰ ਰਿਸ਼ਤੇਦਾਰੀਆਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਪਿੰਡ ਦੇ ਸਰਪੰਚ ਦੇ ਕਹਿਣ ਤੇ ਅਸੀਂ ਆਪਣੀ ਟੀਮ ਸਮੇਤ ਉਸ ਪਿੰਡ ਵਿੱਚ ਪੁੱਜ ਗਏ। ਲੋਕਾਂ ਦਾ ਇਕੱਠ ਕੀਤਾ ਗਿਆ। ਕੁੱਝ ਨਾਟਕ ਤੇ ਜਾਦੂ ਦੇ ਟਰਿੱਕ ਵੀ ਦਿਖਾਏ ਗਏ। ਪਰ ਮੁੱਖ ਜ਼ੋਰ ਇਸ ਗੱਲ ਤੇ ਦਿੱਤਾ ਗਿਆ ਕਿ ਭੂਤਾਂ-ਪ੍ਰੇਤਾਂ ਦੀ ਹੋਂਦ ਹੋ ਹੀ ਨਹੀਂ ਸਕਦੀ। ਬਹੁਤ ਸਾਰੀਆਂ ਕਿਤਾਬਾਂ ਵੀ ਪਿੰਡ ਵਿੱਚ ਵੰਡੀਆਂ ਗਈਆਂ। ਇਸ ਤਰ੍ਹਾਂ ਉਹ ਘਟਨਾਵਾਂ ਸਦਾ ਲਈ ਬੰਦ ਹੋ ਗਈਆਂ। ਅਸੀਂ ਵਿਗਿਆਨਿਕ ਭਾਸ਼ਾ ਵਿੱਚ ਇਸ ਗੱਲ ਨੂੰ 'ਮਾਸ਼ ਹਿਸਟੀਰੀਆ' ਕਹਿੰਦੇ ਹਾਂ। ਚੈਨਲ 'ਤੇ ਮੈਂ ਇਸ ਗੱਲ ਦੀ ਵੀ ਘੋਸ਼ਣਾ ਕੀਤੀ ਕਿ ਜੇ ਪੁਲੀਸ ਪ੍ਰਸ਼ਾਸ਼ਨ ਸਾਨੂੰ ਸਾਥ ਦੇਵੇ ਤਾਂ ਅਸੀਂ ਇੱਕ ਦਿਨ ਵਿੱਚ ਅਜਿਹੀਆਂ ਘਟਨਾਵਾਂ ਦਾ ਸਿਲਸਿਲਾ ਬੰਦ ਕਰ ਸਕਦੇ ਹਾਂ।








**ਮੇਘ ਰਾਜ ਮਿੱਤਰ**
ਫੋਨ ਨੰ: 98887-87440

ਪੁਲੀਸ ਨੇ ਸਿਰਫ਼ ਵਿਅਕਤੀਆਂ ਨਾਲ ਵਾਪਰੀਆਂ ਘਟਨਾਵਾਂ ਦੀ ਸਖਤੀ ਨਾਲ ਉਨ੍ਹਾਂ ਵਿਅਕਤੀਆਂ ਤੋਂ ਪੁੱਛਗਿੱਛ ਕਰਨੀ ਹੈ ਜਿਨ੍ਹਾਂ ਨਾਲ ਇਹ ਘਟਨਾਵਾਂ ਵਾਪਰੀਆਂ ਹਨ। ਸਾਰੇ ਵਿਅਕਤੀ ਕੁੱਝ ਮਿੰਟਾਂ ਦੀ ਪੁੱਛ-ਪੜਤਾਲ ਵਿੱਚ ਹੀ ਸਵੀਕਾਰ ਕਰਨਗੇ ਕਿ ਇਹ ਘਟਨਾ ਮੈਂ ਹੀ ਕੀਤੀ ਸੀ ਅਤੇ ਇਸ ਦੀ ਤਸਦੀਕ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਤੇ ਕੀਤੀ ਜਾਵੇ। ਬਹੁਤ ਸਾਰੀਆਂ ਥਾਵਾਂ ਤੇ ਘਟਨਾਵਾਂ ਕਰਨ ਵਾਲੇ ਵਿਅਕਤੀ ਖੁਦ ਹੀ ਬੇਹੋਸ਼ ਅਤੇ ਸਵੀਕਾਰ ਕਰਦੇ ਨਜ਼ਰ ਆਏ ਹਨ।

ਅਜਿਹੇ ਦੌਰ ਵਿੱਚ ਕੁੱਝ ਵਿਅਕਤੀਆਂ ਨੇ ਇਹ ਸ਼ੋਸ਼ਾ ਛੱਡਣ ਦਾ ਯਤਨ ਵੀ ਕੀਤਾ ਹੈ ਕਿ ਗੁੱਤਾਂ ਕੱਟਣ ਵਾਲਾ ਕੋਈ ਕੀੜਾ ਹੈ।ਕੀੜੇ ਇੱਕ ਅੱਧਾ ਵਾਲ ਤਾਂ ਕੱਟ ਸਕਦੇ ਹਨ ਪਰ ਪੂਰੀਆਂ ਗੁੱਤਾਂ ਨੂੰ ਨਹੀਂ। ਵਾਲ ਤਾਂ ਪ੍ਰੋਟੀਨ ਦੇ ਮੁਰਦਾ ਸੈੱਲ ਹੁੰਦੇ ਹਨ। ਇਨ੍ਹਾਂ ਵਿੱਚ ਖਾਣ ਲਈ ਕੁੱਝ ਨਹੀਂ ਹੁੰਦਾ। ਬਹੁਤ ਸਾਰੇ ਪਸ਼ੂਆਂ ਅਤੇ ਮੁਰਦਿਆਂ ਦੇ ਵਾਲ ਹਜ਼ਾਰਾਂ ਸਾਲਾਂ ਤੋਂ ਧਰਤੀ ਵਿੱਚ ਦਬੇ ਸਹੀ ਸਲਾਮਤ ਮਿਲੇ ਹਨ।

ਬਹੁਤ ਸਾਰੇ ਵਿਅਕਤੀ ਇਹ ਸਵਾਲ ਖੜ੍ਹਾ ਕਰਨਗੇ ਕਿ ਗੁੱਤਾਂ ਕੱਟਣ ਦਾ ਫਾਇਦਾ ਕਿਸ ਨੂੰ ਹੈ? ਇਹ ਵੀ ਗੱਲ ਸਹੀ ਹੈ ਕਿ ਜਦੋਂ ਅੰਧਵਿਸ਼ਵਾਸ਼ ਫੈਲਦਾ ਹੈ ਤਾਂ ਪੁਜਾਰੀਆਂ ਦੀ ਦੱਸ-ਪੁੱਛ ਅਤੇ ਕਮਾਈ ਵਧ ਜਾਂਦੀ ਹੈ। ਬਹੁਤ ਸਾਰੇ ਲੋਕਾਂ ਨੇ ਆਪਣੇ ਘਰਾਂ ਅੱਗੇ ਨਿੰਮ ਟੰਗਣੇ ਸ਼ੁਰੂ ਕਰ ਦਿੱਤੇ। ਕਈ ਨਿੰਬੂ ਅਤੇ ਮਿਰਚਾਂ ਵੀ ਟੰਗਦੇ ਦੇਖੇ ਗਏ। ਕਈ ਥਾਵਾਂ ਤੇ ਯੱਗ ਅਤੇ ਹਵਨ ਵੀ ਕੀਤੇ ਗਏ। ਇਹ ਸਾਰਾ ਸਿਲਸਿਲਾ ਪੁਜਾਰੀਆਂ ਲਈ ਲਾਹੇਵੰਦ ਹੁੰਦਾ ਹੈ। ਭਾਰਤੀ ਲੋਕਾਂ ਵਿੱਚ ਕਦੇ-ਕਦਾਈਂ ਬਦਸ਼ਗਨੀ ਨੂੰ ਹਟਾਉਣ ਲਈ ਅਫ਼ਵਾਹਾਂ ਛੱਡੀਆਂ ਜਾਂਦੀਆਂ ਹਨ। ਕਈ ਵਾਰ ਇਹ ਅਫਵਾਹਾਂ ਰਾਜਸੀ ਵਿਚਾਰਧਾਰਾ ਨੂੰ ਵੀ ਹੋਰ ਹੁੰਗਾਰਾ ਦੇਣ ਲਈ ਵਿਉਂਤਵੱਧ ਢੰਗ ਨਾਲ ਫੈਲਾਈਆਂ ਜਾਂਦੀਆਂ ਹਨ।

ਇਨ੍ਹਾਂ ਘਟਨਾਵਾਂ ਤੇ ਅਫ਼ਵਾਹਾਂ ਤੋਂ ਬਚਣ ਦਾ ਇੱਕੋ ਢੰਗ ਹੈ ਕਿ ਮੇਰੇ ਦੇਸ਼ ਦੇ ਲੋਕ ਵਿਗਿਆਨਿਕ ਸੋਚ ਅਪਨਾਉਣ। ਕੀ, ਕਿਉਂ, ਕਿਵੇਂ, ਕਦੋਂ, ਕਿੱਥੇ ਦੇ ਪੰਜ ਅੱਖਰ ਹੀ ਵਿਗਿਆਨਕ ਸੋਚ ਲਈ ਕਾਫੀ ਹੁੰਦੇ ਹਨ। ਜੇ ਇਹ ਲੋਕ ਇਨ੍ਹਾਂ ਪੰਜਾਂ ਅੱਖਰਾਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਂਦੇ ਹਨ ਤਾਂ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਰੁਕ ਸਕਦੀਆਂ ਹਨ। ਇੱਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਜਦੋਂ ਕੋਈ ਵਿਸ਼ਾ ਅਖ਼ਬਾਰਾਂ ਵਿੱਚ ਵੱਧ ਚਰਚਾ ਦਾ ਬਣ ਜਾਂਦਾ ਹੈ ਤਾਂ ਉਹ ਵਿਖਾਈ ਵੀ ਵੱਧ ਦੇਣ ਲੱਗ ਜਾਂਦਾ ਹੈ। ਪੰਜਾਬ ਦੇ ਸਾਢੇ ਬਾਰਾਂ ਹਜ਼ਾਰ ਪਿੰਡਾਂ ਵਿੱਚ ਦੋ-ਚਾਰ ਘਟਨਾਵਾਂ ਤਾਂ ਅਜਿਹੀਆਂ ਵਾਪਰਦੀਆਂ ਹੀ ਹਨ। ਪਰ ਜਦੋਂ ਇਹ ਲੱਭਣੀਆਂ ਸ਼ੁਰੂ ਕਰ ਦਿੱਤੀਆਂ ਜਾਣ ਤਾਂ ਲਾਜ਼ਮੀ ਤੌਰ ਤੇ ਇਨ੍ਹਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਜਾਵੇਗੀ। ਬਹੁਤ ਸਾਰੇ ਇਲਾਕਿਆਂ ਵਿੱਚ ਤਰਕਸ਼ੀਲ ਸੰਸਥਾਵਾਂ ਨੇ ਇਨ੍ਹਾਂ ਘਟਨਾਵਾਂ ਦੀ ਪੜਤਾਲ ਕੀਤੀ ਹੈ। ਤੇ ਉਹ ਸਾਰੇ ਸ਼ਲਾਘਾ ਦੇ ਪਾਤਰ ਹਨ।

# ਲੇਖਕਾਂ ਤੇ ਹੋ ਰਹੇ ਹਮਲਿਆਂ ਬਾਰੇ




ਬਲਦੇਵ ਸੜਕਨਾਮਾ ਪੰਜਾਬ ਦਾ ਸਨਮਾਨਿਤ ਲੇਖਕ ਹੈ। ਇਤਿਹਾਸ ਹਮੇਸ਼ਾਂ ਰਾਜਿਆਂ-ਮਹਾਰਾਜਿਆਂ ਦਾ ਹੁੰਦਾ ਹੈ। ਪਰਜਾ ਦੀਆਂ ਹਾਲਤਾਂ ਕਿਹੋ ਜਿਹੀਆਂ ਸਨ, ਇਸਦਾ ਵਰਨਣ ਇਸ ਵਿੱਚ ਘੱਟ ਹੀ ਕੀਤਾ ਜਾਂਦਾ ਹੈ। ਰਾਜੇ-ਮਹਾਰਾਜੇ ਸਭ ਕਿਸਮ ਦੇ ਵੈਲ ਅਤੇ ਐਬਾਂ ਨਾਲ ਭਰੇ ਹੁੰਦੇ ਹਨ। ਬਹੁਤਿਆਂ ਨੇ ਸੈਂਕੜਿਆਂ ਦੀ ਤਾਦਾਦ ਵਿੱਚ ਰਾਣੀਆਂ ਵੀ ਰੱਖੀਆਂ ਹੁੰਦੀਆਂ ਹਨ। ਇਨ੍ਹਾਂ ਦੇ ਰਾਜਾਂ ਵਿੱਚ ਸਾਜਿਸ਼ਾਂ ਦਾ ਭੰਡਾਰ ਹੁੰਦਾ ਹੈ। ਮਹਾਰਾਜਾ ਰਣਜੀਤ ਸਿੰਘ ਸਿੱਖਾਂ ਦਾ ਅਤੇ ਪੰਜਾਬੀਆਂ ਦਾ ਇੱਕੋ-ਇੱਕ ਰਾਜਾ ਸੀ। ਉਸ ਦੀਆਂ ਕਈ ਗੱਲਾਂ ਚੰਗੀਆਂ ਅਤੇ ਕਈ ਗੱਲਾਂ ਮਾੜੀਆਂ ਵੀ ਸਨ। ਉਸਨੇ ਪੰਜਾਬੀਆਂ ਦਾ ਰਾਜ ਅਫਗਾਨਿਸਤਾਨ ਤੱਕ ਵਧਾ ਦਿੱਤਾ ਸੀ। ਪਰ ਉਸ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਂ ਨੇ ਉਸਦੇ ਰਾਜ ਨੂੰ ਕੁੱਝ ਸਾਲਾਂ ਵਿੱਚ ਹੀ ਖ਼ਤਮ ਕਰ ਦਿੱਤਾ ਸੀ। ਬਲਦੇਵ ਸਿੰਘ ਸੜਕਨਾਮੇ ਨੇ ਆਪਣੇ ਨਾਵਲ 'ਸੂਰਜ ਦੀ ਅੱਖ' ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਹੋ ਰਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਕੁੱਝ ਵਿਅਕਤੀ ਬਲਦੇਵ ਸਿੰਘ ਦੇ ਨਾਵਲ ਵਿਚ ਲਿਖੀਆਂ ਘਟਨਾਵਾਂ ਦੇ ਕਾਰਨ ਉਸਨੂੰ ਗਾਲਾਂ ਕੱਢ ਰਹੇ ਹਨ। ਇਸ ਦੀ ਨਿਖੇਧੀ ਕਰਨੀ ਬਣਦੀ ਹੈ। ਜੇ ਬਲਦੇਵ ਨੇ ਕੁੱਝ ਗਲਤ ਗੱਲ ਲਿਖੀ ਹੈ ਤਾਂ ਉਸ ਨਾਲ ਸੰਵਾਦ ਰਚਾਇਆ ਜਾ ਸਕਦਾ ਸੀ।

ਸੁਰਜੀਤ ਗੱਗ ਦੁਆਰਾ ਲਿਖੀਆਂ ਗਈਆਂ ਕੁੱਝ ਕਹਾਣੀਆਂ ਮੈਨੂੰ ਬਹੁਤ ਵਧੀਆ ਲੱਗੀਆਂ ਹਨ। ਦੋ ਕਹਾਣੀਆਂ ਦਾ ਜ਼ਿਕਰ ਮੈਂ ਜ਼ਰੂਰ ਕਰਨਾ ਚਾਹੂੰਗਾ। ਹਰਿਆਣੇ ਵਿੱਚ ਜਾਟਾਂ ਦੇ ਰਿਜਰਵੇਸ਼ਨ ਸਬੰਧੀ ਕੀਤੇ ਅੰਦੋਲਨ ਵਿੱਚ ਸਾੜ-ਫੂਕ ਕੀਤੀ ਗਈ ਅਤੇ ਸਮਾਨ ਵੱਡੀ ਮਾਤਰਾ ਵਿੱਚ ਲੁੱਟਿਆ ਗਿਆ। ਇਸ ਵਿੱਚ ਐਨ. ਆਈ. ਆਰ ਨਾਗਰਿਕ ਵੀ ਇਨ੍ਹਾਂ ਦੰਗਿਆਂ ਦਾ ਸ਼ਿਕਾਰ ਹੋ ਗਿਆ। ਉਸ ਪਰਿਵਾਰ ਦੀਆਂ ਇਸਤਰੀਆਂ ਨਾਲ ਹੋਵੇ ਬਲਾਤਕਾਰ ਨੂੰ ਗੱਗ ਨੇ ਇਸ ਘਟਨਾ ਦਾ ਵਧੀਆ ਢੰਗ ਨਾਲ ਇੱਕ ਕਹਾਣੀ ਰਾਹੀਂ ਵਿਰਤਾਂਤ ਕੀਤਾ ਸੀ। ਇਸੇ ਤਰ੍ਹਾਂ ਭਾਰਤ ਵਿੱਚ ਅਮੀਰੀ-ਗਰੀਬੀ ਵਧਣ ਦੇ ਫਾਸਲੇ ਤੇ ਕਰਾਰੀ ਚੋਟ ਕਰਦੀ ਉਸਦੀ ਕਹਾਣੀ ਮੈਨੂੰ ਬਹੁਤ ਪਸੰਦ ਆਈ। ਗੱਗ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਚੰਗੀਆਂ ਵੀ ਹਨ। ਜੋ ਵਹਿਮਾਂ-ਭਰਮਾਂ ਅਤੇ ਪਖੰਡਾਂ ਤੇ ਕਰਾਰੀ ਚੋਟ ਕਰਦੀਆਂ ਹਨ। ਪਰ ਕਈ ਕਵਿਤਾਵਾਂ ਵਿੱਚ ਉਹ ਸਖ਼ਤ ਲਿਖ ਜਾਂਦਾ ਹੈ। ਮੈਂ ਪਿਛਲੇ ਸਮੇਂ ਵਿੱਚ ਵੀ ਉਸਨੂੰ ਸਮੇਂ ਦੀ ਨਬਜ਼ ਤੇ ਹੱਥ ਰੱਖ ਕੇ ਚੱਲਣ ਲਈ ਕਿਹਾ ਸੀ। ਪਰ ਉਹ ਬੇਪਰਵਾਹ ਬੰਦਾ ਹੈ। ਉਸ ਦੁਆਰਾ ਸ੍ਰੀ ਗੁਰੂ ਨਾਨਕ ਬਾਰੇ ਲਿਖੀ ਗਈ ਇੱਕ ਕਵਿਤਾ ਵੱਡੇ ਵਾਦ-ਵਿਵਾਦ ਵਿੱਚ ਫਸ ਗਈ ਹੈ। ਸ਼੍ਰੋਮਣੀ ਕਮੇਟੀ ਨੇ ਉਸ ਉੱਤੇ 295ਏ ਦੀ ਧਾਰਾ ਦਰਜ ਕਰਾ ਦਿੱਤੀ ਹੈ। ਅਸੀਂ ਤਰਕਸ਼ੀਲ ਅਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ 295ਏ ਧਾਰਾ ਦਾ ਵਿਰੋਧ ਕਰਦੀਆਂ ਰਹੀਆਂ ਹਾਂ। ਅੱਜ ਵੀ ਅਸੀਂ ਚਾਹੁੰਦੇ ਹਾਂ ਕਿ ਸੰਵਿਧਾਨ ਦੀ ਧਾਰਾ 295ਏ ਦੀ ਕੁਵਰਤੋਂ ਦਾ ਵਿਰੋਧ ਧਾਰਮਿਕ ਅਤੇ ਅਗਾਂਹ ਵਧੂ ਜਥੇਬੰਦੀਆਂ ਨੂੰ ਕਰਨਾ ਚਾਹੀਦਾ ਹੈ। ਕਿਉਂਕਿ ਧਾਰਮਿਕ ਗ੍ਰੰਥਾਂ ਵਿੱਚ ਵੀ ਦੂਸਰੇ ਧਰਮਾਂ ਬਾਰੇ ਅਤੇ ਜਾਤਾਂ ਬਾਰੇ ਅਵਾ-ਤਵਾ ਲਿਖਿਆ ਹੋਇਆ ਹੈ। ਇਸ ਲਈ ਇਹ ਧਾਰਾ ਕਿਸੇ ਦਿਨ ਧਾਰਮਿਕ ਜਥੇਬੰਦੀਆਂ ਤੇ ਵੀ ਪਹਾੜ ਬਣ ਕੇ ਡਿੱਗ ਸਕਦੀ ਹੈ। ਇਨਕਲਾਬੀ ਜਥੇਬੰਦੀਆਂ ਹਮੇਸ਼ਾਂ ਹੀ ਸਰਕਾਰਾਂ ਦੀ ਨਜ਼ਰ ਵਿੱਚ ਰੜਕਦੀਆਂ ਹਨ। ਉਨ੍ਹਾਂ ਦੇ ਆਗੂਆਂ ਦੁਆਰਾ ਦਿੱਤੇ ਗਏ ਭਾਸ਼ਣਾਂ ਨੂੰ ਵੀ ਕਿਸੇ ਦਿਨ ਧਾਰਾ 295ਏ ਦਾ ਸ਼ਿਕਾਰ ਬਣਾਇਆ ਜਾਵੇਗਾ। ਇਸ ਲਈ ਧਾਰਾ 295ਏ ਦਾ ਸਮੂਹ ਜਥੇਬੰਦੀਆਂ ਨੂੰ ਵਿਰੋਧ ਕਰਨਾ ਚਾਹੀਦਾ ਹੈ।

# ਯਾਦਾਂ ਦੇ ਝਰੋਖੇ 'ਚੋਂ...





**ਮੇਘ ਰਾਜ ਮਿੱਤਰ**
ਫੋਨ ਨੰ: 98887-87440

ਇਸ ਦੇਸ਼ ਦੀ ਰਾਜ ਸਤਾ ਛੱਡੋ। ਤੁਹਾਡੀ ਰਾਜ ਸਤਾ ਵਿੱਚ ਦੇਸ਼ ਹੇਠਾਂ ਵੱਲ ਜਾਵੇਗਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਬੀ.ਜੇ.ਪੀ. ਦੇ ਦੌਰ ਵਿੱਚ ਸਮੁੱਚਾ ਇਤਿਹਾਸ ਬਦਲ ਦਿੱਤਾ ਜਾਵੇਗਾ ਅਤੇ ਇਸ ਦਾ ਹਿੰਦੂਕਰਨ ਕਰ ਦਿੱਤਾ ਜਾਵੇਗਾ। ਸਾਰੇ ਤੱਥ ਤੋੜ ਮਰੋੜ ਦਿੱਤੇ ਜਾਣਗੇ।

### ✪ ਮੇਰੇ ਅੰਦਰ ਮੌਜੂਦ ਤੱਤਾਂ ਦਾ ਨਿਰਮਾਣ ਕਿਵੇਂ ਹੋਇਆ?

ਮਨੁੱਖਤਾ ਦਾ ਨਿਰਮਾਣ ਅਤੇ ਉਸਦੇ ਆਲੇ-ਦੁਆਲੇ ਦੀਆਂ ਸਾਰੀਆਂ ਚੀਜ਼ਾਂ ਦਾ ਨਿਰਮਾਣ ਅਰਬਾਂ ਖਰਬਾਂ ਸਾਲ ਦੂਰ ਵਸੇ ਤਾਰਿਆਂ ਤੋਂ ਹੋਇਆ ਹੈ। ਜਿਵੇਂ ਸਾਡੇ ਸੂਰਜ ਵਿੱਚ ਹਾਈਡਰੋਜਨ ਗੈਸ ਹੀਲੀਅਮ ਗੈਸ ਵਿੱਚ ਬਦਲ ਗਈ ਹੈ ਅਤੇ ਇਸਦਾ ਤਾਪਮਾਨ ਲੱਖ ਡਿਗਰੀ ਦੇ ਲਗਭਗ ਹੋ ਜਾਂਦਾ ਹੈ। ਲੱਖ ਡਿਗਰੀ ਦੇ ਤਾਪਮਾਨ ਵਿੱਚ ਕਈ ਹੋਰ ਪਦਾਰਥਾਂ ਦਾ ਨਿਰਮਾਣ ਵੀ ਹੁੰਦਾ ਰਹਿੰਦਾ ਹੈ। ਜਿਵੇਂ ਹੀਲੀਅਮ ਕਾਰਬਨ ਵਿੱਚ ਅਤੇ ਕਾਰਬਨ ਨਾਈਟਰੋਜਨ ਵਿੱਚ। ਇਸ ਤਰ੍ਹਾਂ ਵੱਖ-ਵੱਖ ਤੱਤਾਂ ਦਾ ਨਿਰਮਾਣ ਹੁੰਦਾ ਰਹਿੰਦਾ ਹੈ। ਹੁਣ ਮੇਰੇ ਸਰੀਰ ਵਿੱਚ ਜੋ ਫਾਸਫੋਰਸ, ਪੋਟਾਸ਼ੀਅਮ, ਆਇਰਨ, ਕਾਰਬਨ, ਹਾਈਡਰੋਜਨ, ਆਕਸੀਜਨ ਆਦਿ ਕਾਫ਼ੀ ਸਾਰੇ ਤੱਤ ਹਨ। ਮੇਰੇ ਆਲੇ-ਦੁਆਲੇ ਪਿੱਤਲ, ਚਾਂਦੀ, ਸੋਨਾ, ਲੋਹਾ, ਕਰੋਮੀਅਮ, ਗਰੇਨਾਈਟ, ਸੰਗਮਰਮਰ ਆਦਿ ਪਦਾਰਥ ਹਨ। ਇਹ ਸਾਰੇ ਪਦਾਰਥ ਜਾਂ ਤਾਂ ਖੁਦ ਤੱਤ ਹਨ ਜਾਂ ਕੁੱਝ ਤੱਤਾਂ ਤੋਂ ਮਿਲ ਕੇ ਬਣੇ ਹਨ ਜਾਂ ਰਸਾਇਣਿਕ ਪਦਾਰਥਾਂ ਦੀਆਂ ਕਿਰਿਆਵਾਂ ਰਾਹੀਂ ਬਣੇ ਹਨ। ਇਸ ਲਈ ਮੈਂ ਕਹਿ ਸਕਦਾ ਹਾਂ ਕਿ ਮੇਰਾ ਸਰੀਰ 70-80 ਵਰ੍ਹੇ ਪੁਰਾਣਾ ਨਹੀਂ ਸਗੋਂ ਅਰਬਾਂ ਵਰ੍ਹੇ ਪੁਰਾਣਾ ਹੈ ਕਿਉਂਕਿ ਮੇਰੇ ਸਰੀਰ ਅੰਦਰਲੇ ਕਈ ਪਦਾਰਥਾਂ ਦਾ ਨਿਰਮਾਣ ਅਰਬਾਂ ਵਰ੍ਹੇ ਪਹਿਲਾਂ ਦੂਰ-ਦਰਾਡੇ ਤਾਰਿਆਂ ਤੇ ਹੋਇਆ ਹੋਵੇਗਾ। ਉਹ ਪਦਾਰਥ ਮੇਰੇ ਸਰੀਰ ਨੂੰ ਮੇਰੀ ਮਾਂ ਦੁਆਰਾ ਖਾਧੀ ਗਈ ਖੁਰਾਕ ਅਤੇ ਮੇਰੇ ਦੁਆਰਾ ਖਾਧੇ ਗਏ ਭੋਜਨ ਵਿੱਚੋਂ ਮਿਲੇ ਹੋਣਗੇ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਹ ਸਾਰਾ ਸੰਸਾਰ ਜਾਣਨਯੋਗ ਹੈ ਕਿ ਇਸਦੇ ਕਣ-ਕਣ ਵਿੱਚ ਰਹੱਸ ਭਰੇ ਹੋਏ ਹਨ। ਵਿਗਿਆਨੀਆਂ ਨੇ ਅਰਬਾਂ ਰਹੱਸਾਂ ਨੂੰ ਖੋਲ੍ਹ ਕੇ ਪਤਾ ਲਗਾ ਲਿਆ ਹੈ ਤੇ ਹੋਰ ਖੋਜਾਂ ਕਰ ਲਈਆਂ ਹਨ। ਅਜੇ ਅਰਬਾਂ-ਖਰਬਾਂ ਰਹੱਸਾਂ ਦਾ ਪਤਾ ਲਾਉਣਾ ਬਾਕੀ ਹੈ। ਆਉਣ ਵਾਲੇ ਹਜ਼ਾਰਾਂ ਸਾਲਾਂ ਤੱਕ ਇਨ੍ਹਾਂ ਰਹੱਸਾਂ ਤੋਂ ਪਰਦੇ ਉਠਾਏ ਜਾਂਦੇ ਰਹਿਣਗੇ।

### ✪ ਮੇਰੇ ਦੇਸ਼ ਦੇ ਵਿਗਿਆਨਕਾਂ ਨੂੰ ਮੁਜ਼ਹਰੇ ਕਰਨ ਦੀ ਲੋੜ ਕਿਉਂ ਪਈ?

9 ਅਗਸਤ ਨੂੰ ਭਾਰਤ ਦੇ ਛੇ ਸ਼ਹਿਰਾਂ ਵਿੱਚ ਬਹੁਤ ਸਾਰੇ ਵਿਗਿਆਨਕਾਂ ਨੇ ਮੁਜ਼ਾਹਰੇ ਕੀਤੇ ਹਨ। ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਵੀ ਅਜਿਹਾ ਮੁਜ਼ਾਹਰਾ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਵਿਗਿਆਨਕਾਂ ਨੇ ਛੇ ਸੌ ਸ਼ਹਿਰਾਂ ਵਿੱਚ ਮੁਜ਼ਾਹਰਾ ਕੀਤਾ ਸੀ। ਉਨ੍ਹਾਂ ਦੀ ਮੰਗ ਸੀ ਕਿ ਵਿਗਿਆਨ ਦੇ ਫੰਡ ਵਧਾਏ ਜਾਣੇ। ਅੱਜ ਸਾਡੇ ਦੇਸ਼ ਦੀ ਕੁੱਲ ਜੀ. ਡੀ. ਪੀ. ਦਾ ਕੁੱਲ 0.9 ਪ੍ਰਤੀਸ਼ਤ ਹੀ ਵਿਗਿਆਨ ਖੋਜਾਂ ਤੇ ਖਰਚ ਕੀਤਾ ਜਾ ਰਿਹਾ ਹੈ। ਜਿਵੇਂ ਦੱਖਣ ਕੋਰੀਆ ਆਪਣੀ ਜੀ. ਡੀ. ਪੀ. ਦਾ 4.1 ਪ੍ਰਤੀਸ਼ਤ ਅਤੇ ਜਾਪਾਨ ਆਪਣੀ ਜੀ. ਡੀ. ਪੀ. ਦਾ 3.47 ਪ੍ਰਤੀਸ਼ਤ ਖਰਚ ਕਰ ਰਿਹਾ ਹੈ। ਜਦੋਂ ਤੱਕ ਭਾਰਤ ਵਿੱਚ ਇਹ ਪੈਸਾ ਵਿਗਿਆਨਿਕਾਂ ਨੂੰ ਖੋਜ ਪੜਤਾਲ ਕਰਨ ਲਈ ਨਹੀਂ ਵਧਾਇਆ ਜਾਂਦਾ ਤਾਂ ਸਾਡਾ ਦੇਸ ਤਰੱਕੀ ਨਹੀਂ ਕਰ ਸਕੇਗਾ। ਮੁਜ਼ਾਹਰਾਕਾਰੀ ਮੰਗ ਕਰ ਰਹੇ ਸਨ ਕਿ ਜੀ. ਡੀ. ਪੀ. ਲਈ ਇਹ ਰਾਸ਼ੀ ਵਧਾਈ ਜਾਵੇ। ਇਸ ਤਰ੍ਹਾਂ ਵਿਗਿਆਨਿਕ ਇਹ ਵੀ ਮੰਗ ਕਰ ਰਹੇ ਸਨ ਕਿ ਸਿਲੇਬਸ ਵਿੱਚ ਗੀਤਾ ਆਦਿ ਦੀ ਬਜਾਏ ਵਿਗਿਆਨਕ ਸੋਚ ਆਦਿ ਸ਼ਾਮਿਲ ਕੀਤੀ ਜਾਵੇ। ਕਿਉਂਕਿ 9 ਅਗਸਤ ਨੂੰ ਭਾਰਤੀ ਲੋਕਾਂ ਨੇ ਅੰਗਰੇਜ਼ੋ ਭਾਰਤ ਛੱਡੋ ਦਾ ਨਾਅਰਾ ਲਾਇਆ ਗਿਆ ਸੀ। ਇਸ ਲਈ ਇੱਥੋਂ ਦੇ ਵਿਗਿਆਨਿਕਾਂ ਨੇ ਇਸ ਗੱਲ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਅੰਧਵਿਸ਼ਵਾਸ਼ੀ ਤੇ ਗੈਰ-ਵਿਗਿਆਨੀ ਲੀਡਰੋ,

### ✪ ਚੀਨ ਦੇ ਹਮਲੇ ਨੂੰ ਨਾਕਾਮ ਕਰਨ ਲਈ ਮੰਤਰਾਂ ਦਾ ਜਾਪ

ਸਿੱਕਿਮ ਵਿੱਚ ਡੋਕਲਾਮ ਦੇ ਮਸਲੇ ਤੇ ਭਾਰਤ ਅਤੇ ਚੀਨ ਦੇ ਸਬੰਧ ਤਣਾਅਪੂਰਨ ਹੋ ਰਹੇ ਹਨ। ਭਾਰਤ ਦੇ ਜੋਤਸ਼ੀਆਂ ਨੇ ਹੁਣੇ ਹੀ ਇਸ ਹਮਲੇ ਨੂੰ ਨਾਕਾਮ ਕਰਨ ਲਈ ਜੋਤੀਲਿੰਗ ਦੀ ਤੀਸਰਾ ਨੇਤਰ ਖੋਲ੍ਹਣ ਲਈ ਮੰਤਰਾਂ ਦਾ ਜਾਪ ਸ਼ੁਰੂ ਕਰ ਦਿੱਤਾ ਹੈ। ਸੋਮਨਾਥ ਦੇ ਮੰਦਰ ਨੂੰ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਬਚਾਉਣ ਲਈ ਇਨ੍ਹਾਂ ਨੇ ਮੰਤਰਾਂ ਦਾ ਜਾਪ ਕੀਤਾ ਸੀ। ਇਹ ਕਹਿੰਦੇ ਰਹੇ ਕਿ ਹੇ ਭਗਵਾਨ ਪ੍ਰਗਟ ਹੋ ਤੇ ਰਾਖਸ਼ਸ਼ ਦਾ ਅੰਤ ਕਰ। ਉਹ ਸਾਰਾ ਸੋਨਾ ਚਾਂਦੀ ਲੁੱਟ ਕੇ ਅਤੇ ਪੁਜਾਰੀਆਂ ਦੀਆਂ ਲਾਸ਼ਾਂ ਦਾ ਢੇਰ ਲਾ ਕੇ ਆਪਣੇ ਦੇਸ਼ ਸਹੀ ਸਲਾਮਤ ਪੁੱਜ ਗਿਆ। ਗਵਾਲੀਅਰ ਦੀ ਆਈ.ਟੀ. ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਮਾਸ਼ੰਕਰ ਨੇ ਲਿਖਿਆ ਹੈ ਕਿ ਮੰਤਰਾਂ ਦੇ ਜਾਪ ਨਾਲ ਮੇਰੇ ਦੇਸ਼ ਦੇ ਸਾਰੀਆਂ ਕੌਮਾਂ ਦੇ ਲੋਕਾਂ ਦੀ ਊਰਜਾ ਤੇ ਫੁਰਤੀ ਵਧ ਜਾਵੇਗੀ ਅਤੇ ਉਹ ਚੀਨੀਆਂ ਦਾ ਨਾਸ਼ ਕਰ ਦੇਣਗੇ। ਆਰ.ਐਸ.ਐਸ. ਦੇ ਇੰਦਰੇਸ਼ ਕੁਮਾਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕੈਲਾਸ਼, ਹਿਮਾਲਿਆ ਅਤੇ ਤਿੱਬਤ ਰਾਖਸ਼ੀ ਸ਼ਕਤੀ ਤੋਂ ਮੁਕਤ ਕਰਵਾਉਣ ਲਈ ਇਹ ਹਵਨਾਂ ਦਾ ਹੋਣਾ ਜ਼ਰੂਰੀ ਹੈ। ਭਾਰਤ ਦੇ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਹਵਨਾਂ ਨਾਲ ਅਜਿਹਾ ਸੰਭਵ ਹੋ ਜਾਵੇਗਾ?

### ✪ ਜ਼ਿਲ੍ਹਾ ਬਰਨਾਲਾ ਦੇ ਪਿੰਡ ਬਖਤਗੜ੍ਹ ਵਿੱਚ ਬੋਰ ਦੀਆਂ ਪਾਈਪਾਂ ਦਾ ਖੜ੍ਹੇ ਹੋ ਜਾਣਾ

ਬਖਤਗੜ੍ਹ ਜ਼ਿਲ੍ਹਾ ਬਰਨਾਲਾ ਦਾ ਉੱਘਾ ਪਿੰਡ ਹੈ। ਇੱਕ ਦਿਨ ਇੱਕ ਕਿਸਾਨ ਦੇ ਖੇਤ ਵਿੱਚ ਮੋਟਰ ਚੱਲ ਰਹੀ ਸੀ। ਪਰਿਵਾਰ ਦੇ ਮੈਂਬਰਾਂ ਨੂੰ ਪਤਾ ਸੀ ਕਿ ਕੁੱਝ ਘੰਟਿਆਂ ਬਾਅਦ ਬਿਜਲੀ ਦਾ ਕੱਟ ਆਟੋਮੈਟਿਕ ਲੱਗ ਜਾਵੇਗਾ।

ਇਸ ਲਈ ਮੋਟਰ ਨੂੰ ਚਲਦੀ ਛੱਡ ਕੇ ਪਰਿਵਾਰ ਦੇ ਮੈਂਬਰ ਘਰ ਚਲੇ ਗਏ। ਜਦੋਂ ਸਵੇਰੇ ਆ ਕੇ ਉਨ੍ਹਾਂ ਨੇ ਦੇਖਿਆ ਤਾਂ ਇੱਕ ਬੜਾ ਅਜੀਬ ਵਰਤਾਰਾ ਵਾਪਰਿਆ ਪਿਆ ਸੀ। ਬੋਰ ਦੀਆਂ ਪਾਈਪਾਂ ਮੱਛੀ ਮੋਟਰ ਸਮੇਤ ਦਰੱਖਤਾਂ ਨਾਲ 110 ਫੁੱਟ ਦੀ ਉਚਾਈ ਤੱਕ ਲੱਗ ਕੇ ਖੜੀਆਂ ਹੋਈਆਂ ਸਨ। ਕਿਸਾਨਾਂ ਨੇ ਦੇਖਿਆ ਕਿ ਮੋਟਰ ਦਾ ਖੇਲ ਵਿੱਚ ਇਕੱਠਾ ਹੋਇਆ ਪਾਣੀ ਕੁੱਝ ਖਾਰਾ ਸੀ। ਗੰਧਕ ਵਰਗੀ ਦੁਰਗੰਧ ਦੇ ਨਾਲ ਕੁੱਝ ਝੱਗ ਵੀ ਨਿਕਲੀ ਹੋਈ ਸੀ। ਕਿਸਾਨਾਂ ਨੇ ਦੋ ਦਿਨਾਂ ਬਾਅਦ ਮੋਟਰ ਨੂੰ ਉਸੇ ਸੁਰਾਖ ਵਿੱਚ ਪਾ ਦਿੱਤਾ ਅਤੇ ਬੋਰ ਮੁੜ ਚਾਲੂ ਹੋ ਗਿਆ। ਇਸ ਪਿੱਛੇ ਕੰਮ ਕਰਦੇ ਕਾਰਨਾਂ ਦੀ ਕਿਸਾਨਾਂ ਨੂੰ ਅੱਜ ਤੱਕ ਸਮਝ ਨਹੀਂ ਪਈ। ਜੇ ਕੋਈ ਪਾਠਕ ਇਸ ਵਰਤਾਰੇ ਦੀ ਵਿਆਖਿਆ ਕਰ ਸਕਦਾ ਹੋਵੇ ਤਾਂ ਅਦਾਰਾ ਵਿਗਿਆਨ ਜੋਤ ਇਸ ਗੱਲ ਨੂੰ ਜੀ ਆਇਆ ਕਹੇਗਾ ਅਤੇ ਵਿਗਿਆਨ ਜੋਤ ਦੇ ਅਗਲੇ ਅੰਕ ਵਿੱਚ ਪਾਠਕਾਂ ਦੇ ਆਏ ਵਿਚਾਰ ਦਰਜ ਵੀ ਕੀਤੇ ਜਾਣਗੇ।

### ✪ ਮਹਾਂਕਾਲੀ ਜੋਤਿਸ਼ ਕੇਂਦਰ ਲੁੱਟਿਆ

ਇਹ ਮੋਗੇ ਸ਼ਹਿਰ ਦੀ ਘਟਨਾ ਹੈ। ਇਸ ਸ਼ਹਿਰ ਦੀ ਅੰਮ੍ਰਿਤਸਰ ਰੋਡ ਤੇ ਇੱਕ ਕਲੋਨੀ ਦਸ਼ਮੇਸ਼ ਨਗਰ ਹੈ। ਇਸ ਦੀ ਗਲੀ ਨੰ. 2 ਵਿੱਚ ਜੋਤਸ਼ੀ ਜੀ ਨੇ ਇੱਕ ਮਹਾਂਕਾਲੀ ਜੋਤਿਸ਼ ਕੇਂਦਰ ਬਣਾਇਆ ਹੋਇਆ ਸੀ। ਜੋਤਸ਼ੀ ਜੀ ਸਵੇਰੇ ਸਾਢੇ ਨੌਂ ਵਜੇ ਆਪਣੀ ਦੁਕਾਨ ਬੰਦ ਕਰਕੇ ਨਾਸ਼ਤਾ ਕਰਨ ਲਈ ਚਲੇ ਗਏ। ਉਸ ਤੋਂ ਕੁੱਝ ਸਮਾਂ ਬਾਅਦ ਜਿੰਦਰਾ ਤੋੜ ਕੇ ਮੇਜ਼ ਦੇ ਦਰਾਜ ਖੋਲ੍ਹ ਲਏ। ਜਿਨ੍ਹਾਂ ਵਿੱਚੋਂ ਮਾਤਾ ਦੇ ਚੜ੍ਹਾਵੇ ਦੇ 2500 ਰੁਪਏ ਅਤੇ ਸ਼ੁੱਧ ਕੀਤੀਆਂ ਚਾਂਦੀਆਂ ਦੀਆਂ ਅੰਗੂਠੀਆਂ, ਕੁੱਝ ਨਗ ਅਤੇ ਸਟੋਨ ਵੀ ਚੋਰੀ ਕਰ ਲਏ। ਜੋਤਸ਼ੀ ਜੀ ਨਾ ਤਾਂ ਚੋਰੀ ਕਰਨ ਤੋਂ ਪਹਿਲਾਂ ਜੋਤਸ਼ ਹੀ ਲਾ ਕੇ ਦੱਸ ਸਕੇ ਕਿ ਮੇਰੀ ਦੁਕਾਨ ਵਿੱਚ ਚੋਰੀ ਹੋ ਜਾਵੇਗੀ ਅਤੇ ਨਾ ਹੀ ਉਸ ਵਿਅਕਤੀ ਬਾਰੇ ਦੱਸ ਸਕੇ ਜਿਸਨੇ ਚੋਰੀ ਕੀਤੀ ਹੈ। ਉਨ੍ਹਾਂ ਦੇ ਅਨੁਸਾਰ 2500 ਰੁਪਏ ਦੇ ਕਰੀਬ ਦੁਕਾਨ ਤੇ ਰੱਖੀ ਮੂਰਤੀ ਤੇ ਚੜ੍ਹਾਇਆ ਹੋਇਆ ਸੀ। ਇਹ ਪੈਸੇ ਹੁਣ ਕਿਸੇ ਹੋਰ ਮੰਦਰ ਵਿੱਚ ਚਲੇ ਜਾਣੇ ਸਨ ਜਾਂ ਜੋਤਸ਼ੀ ਜੀ ਦੀ ਜੇਬ ਵਿੱਚ? ਇਹ ਤਾਂ ਪਾਠਕ ਹੀ ਦੱਸ ਸਕਦੇ ਹਨ।

### ✪ ਗਿੱਦੜ ਸਿੰਗੀਆਂ

ਮੇਰੇ ਚਾਚਾ ਜੀ ਇੱਕ ਦਿਨ ਆਪਣੇ ਨਿਯੁਕਤੀ ਵਾਲੇ ਸਥਾਨ ਤੋਂ ਆਪਣਾ ਬੋਰੀ ਬਿਸਤਰਾ ਤੇ ਬਾਲਟੀ ਵਗੈਰਾ ਲੈ ਕੇ ਬਦਲੀ ਕਾਰਨ ਸਾਈਕਲ ਤੇ ਘਰ ਵਾਪਸ ਆ ਰਹੇ ਸਨ। ਰਸਤੇ ਵਿੱਚ ਉਨ੍ਹਾਂ ਨੂੰ ਇੱਕ ਭਗਵੇਂ ਕੱਪੜਿਆਂ ਵਾਲਾ ਠੱਗ ਮਿਲ ਗਿਆ ਤੇ ਕਹਿਣ ਲੱਗਿਆ ਕਿ "ਮੇਰੇ ਕੋਲ ਇੱਕ ਗਿੱਦੜ ਸਿੰਗੀ ਹੈ। ਜੋ ਤੁਹਾਡੇ ਘਰ ਵਿਚਲੇ ਪੈਸਿਆਂ ਨੂੰ ਦੁੱਗਣਾ ਕਰ ਦੇਵੇਗੀ।" ਮੇਰੇ ਚਾਚਾ ਜੀ ਨੇ ਕਿਹਾ ਕਿ "ਮੈਨੂੰ ਗਿੱਦੜ ਸਿੰਗੀ ਦੇ ਦਿਓ।" ਉਹ ਕਹਿਣ ਲੱਗਿਆ, "ਦੋਵੇਂ ਹੱਥ ਜੋੜ ਕੇ ਮੇਰੇ ਸਾਹਮਣੇ ਰੱਖੋ, ਮੈਂ ਇਨ੍ਹਾਂ ਉੱਪਰ ਗਿੱਦੜ ਸਿੰਗੀ ਰੱਖ ਦਿੰਦਾ ਹਾਂ।" ਚਾਚਾ ਜੀ ਨੇ ਹੱਥ ਖੋਲ੍ਹ ਕੇ ਉਸਦੇ ਅੱਗੇ ਕੀਤੇ। ਉਸਨੇ ਆਪਣੀ ਪੋਟਲੀ ਵਿੱਚੋਂ ਇੱਕ ਸੱਪ ਕੱਢਿਆ ਅਤੇ ਚਾਚਾ ਜੀ ਦੇ ਹੱਥ ਤੇ ਰੱਖ ਦਿੱਤਾ। ਚਾਚਾ ਜੀ ਕਹਿਣ ਲੱਗੇ ਕਿ "ਇਹ ਸੱਪ ਚੁੱਕ ਅਤੇ ਆਪਣੀ ਪੋਟਲੀ ਵਿੱਚ ਪਾ।" ਪਰ ਉਹ ਕਹਿਣ ਲੱਗਿਆ ਕਿ ਮੈਂ ਇਹ ਤਦ ਹੀ ਚੁੱਕਾਂਗਾ ਜਦ ਤੱਕ ਤੂੰ ਇਸਦੇ ਖਾਣ ਦਾ ਇੰਤਜਾਮ ਨਹੀਂ ਕਰੇਂਗਾ। ਇਹ ਘਟਨਾ 65 ਸਾਲ ਪੁਰਾਣੀ ਹੈ। ਚਾਚਾ ਜੀ ਦੀ ਜੇਬ ਵਿੱਚ ਦੋ ਰੁਪਏ ਸਨ। ਠੱਗ ਨੇ ਸੱਪ ਚੁੱਕਣ ਲਈ ਦੋ ਰੁਪਏ ਤੇ ਬਾਲਟੀ ਲੈ ਲਈ। ਪਰ ਉਸ ਤੋਂ ਬਾਅਦ ਮੇਰੀ ਗਿੱਦੜ ਸਿੰਗੀ ਵਿੱਚ ਰੁਚੀ ਪੈਦਾ ਹੋ ਗਈ। ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਲੁੱਟਣ ਲਈ ਗਿੱਦੜ ਸਿੰਗੀਆਂ ਇੱਕ ਚੰਗਾ ਹਥਿਆਰ ਹੈ। ਜੋਤਸ਼ੀ ਕੀ ਕਰਦੇ ਹਨ ਕਿ ਮਰੇ ਹੋਏ ਵਾਲਾਂ ਵਾਲੇ ਜਾਨਵਰ ਦੇ ਖੁਰ ਜਾਂ ਉਂਗਲਾਂ ਦੇ ਕੁੱਝ ਟੁਕੜੇ ਲੈ ਕੇ ਇਨ੍ਹਾਂ ਨੂੰ ਸੰਧੂਰ ਵਿੱਚ ਰੱਖ ਲੈਂਦੇ ਹਨ। ਅਸੀਂ ਜਾਣਦੇ ਹਾਂ ਕਿ ਜਿਉਂ-ਜਿਉਂ ਇਹ ਟੁਕੜੇ ਸੁਕਦੇ ਜਾਂਦੇ ਹਨ ਤਿਉਂ-ਤਿਉਂ ਗਿੱਦੜ ਸਿੰਗੀ ਦੀ ਸੁੱਕੀ ਹੋਈ ਚਮੜੀ ਚੋਂ ਵਾਲ ਵਧੇ ਹੋਏ ਨਜ਼ਰ ਆਉਂਦੇ ਹਨ। ਕਈ ਵਾਰ ਇਹ ਵੀ ਕਿਹਾ ਜਾਂਦਾ ਹੈ ਕਿ ਗਿੱਦੜ ਸਿੰਗੀ ਸੂ ਕੇ ਬੱਚੇ ਵੀ ਦਿੰਦੀ ਹੈ। ਅਸਲ ਵਿੱਚ ਸੁੱਕਣ ਕਾਰਨ ਇਸ ਦੇ ਕੁੱਝ ਟੁਕੜੇ ਵੀ ਹੋ ਜਾਂਦੇ ਹਨ।

### ✪ ਲੈਨਿਨ ਦੀ ਦੇਹ ਨੂੰ ਕਿਵੇਂ ਸੰਭਾਲਿਆ

1 ਜਨਵਰੀ, 1924 ਨੂੰ ਲੈਨਿਨ ਦਾ ਦਿਹਾਂਤ ਹੋ ਗਿਆ ਪਰ ਉਸ ਦੀ ਦੇਹ ਨੂੰ ਮਾਸਕੋ ਦੇ ਰੇਡ ਸੁਕੇਅਰ ਵਿੱਚ ਰੱਖਿਆ ਗਿਆ ਹੈ। ਸਵਾਲ ਇਹ ਹੈ ਕਿ ਹੁਣ ਉਸਦੀ ਆਸ਼ੂਤੋਸ਼ ਮਹਾਰਾਜ ਵਾਂਗ ਦੇਹ ਪੂਜਾ ਹੋਵੇਗੀ। ਰੂਸ ਇਸ ਦੇਹ ਦੀ ਸੁਰੱਖਿਆ ਲਈ ਦੋ ਲੱਖ ਡਾਲਰ ਤੱਕ ਖਰਚ ਕਰ ਚੁੱਕਾ ਹੈ। ਜਾਪਦੈ ਕਿ ਲੈਨਿਨ ਬਾਬਾ ਵੀ ਸਮਾਧੀ ਵਿੱਚ ਹੈ ਤੇ ਉਹ ਮੁੜ ਉਠੇਗਾ ਤੇ ਇਨਕਲਾਬ ਦੀ ਰਚਨਾ ਕਰੇਗਾ। ਜਦ ਲੈਨਿਨ ਦੀ ਦੇਹ ਨੂੰ ਸੁਰੱਖਿਅਤ ਰੱਖਣ

### ✪ ਯਸ਼ਪਾਲ ਦਾ ਵਿਛੋੜਾ



ਯਸ਼ਪਾਲ ਉਹ ਮਹਾਨ ਵਿਗਿਆਨਕ ਸੀ ਜਿਸਨੇ ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣ ਲਈ ਯਤਨ ਕੀਤੇ ਹਨ। ਜੁਲਾਈ 17 ਦੇ ਆਖਰੀ ਹਫਤੇ ਉਹ ਸਾਨੂੰ 91 ਵਰ੍ਹਿਆਂ ਦੀ ਉਮਰ ਵਿੱਚ ਜੁਦਾਈ ਦੇ ਗਏ। ਇਸ ਮਹਾਨ ਨਾਸਤਿਕ ਵਿਗਿਆਨਕ ਨਾਲ ਮੈਨੂੰ ਵੀ ਕੁੱਝ ਦਿਨ ਬਿਤਾਉਣ ਦਾ ਮੌਕਾ ਮਿਲਿਆ। ਦਿੱਲੀ ਵਿਖੇ ਵਿਗਿਆਨ ਦੀ ਕੌਮੀ ਕੌਂਸਲ ਦੀ ਇੱਕ ਮੀਟਿੰਗ ਵਿੱਚ ਇਸਨੇ ਸ਼ਬਦ 'ਬਦਕਿਸਮਤ' ਦੀ ਵਰਤੋਂ ਕੀਤੀ। ਉਸ ਦਿਨ ਮੈ ਇਨ੍ਹਾਂ ਨੂੰ ਸੁਝਾਓ ਦਿੱਤਾ ਸੀ ਕਿ ਸਾਨੂੰ ਇਸ ਸ਼ਬਦ ਦਾ ਕੋਈ ਬਦਲ ਲੱਭਣਾ ਚਾਹੀਦਾ ਹੈ। ਪਰ ਅੱਜ ਤੱਕ ਸਾਨੂੰ ਇਸ ਸ਼ਬਦ ਦਾ ਕੋਈ ਬਦਲ ਨਹੀ ਮਿਲਿਆ। ਦੀ ਟ੍ਰਿਬਿਊਨ ਵਿੱਚ ਵੀ ਇਸ ਵੱਲੋਂ ਕਈ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਰਹੇ ਹਨ। ਮੈਂ ਅਕਸਰ ਹੀ ਇਹ ਪੜ੍ਹਦਾ ਰਹਿੰਦਾ ਸੀ।



ਦਾ ਯਤਨ ਅਸਫਲ ਹੋ ਗਿਆ ਤਾਂ ਅਟਾਨਮੀ ਦੇ ਪ੍ਰੋਫੈਸਰ ਨੇ ਦੇਹ ਤੇ ਲੇਪ ਲਗਾਉਣ ਦਾ ਜ਼ਿੰਮਾ ਲਿਆ। ਉਨ੍ਹਾਂ ਨੇ ਸਾਰੇ ਅੰਦਰੂਨੀ ਅੰਗ ਹਟਾ ਦਿੱਤੇ। ਸਰੀਰ ਨੂੰ ਮਸਾਲੇ ਨਾਲ ਧੋਤਾ ਗਿਆ। ਸਰੀਰ ਵਿੱਚ ਰਸਾਇਣਿਕ ਘੋਲ ਭਰ ਦਿੱਤਾ ਤਾਂ ਜੋ ਦੇਹ ਸੁਰੱਖਿਅਤ ਰਹਿ ਸਕੇ। ਦੇਹ ਨੂੰ ਸੜਨ ਤੋਂ ਰੋਕਣ ਲਈ ਤੇ ਲੈਨਿਨ ਦਾ ਚਿਹਰਾ ਦੇਖਣਯੋਗ ਬਣਾਉਣ ਲਈ ਨਕਲੀ ਅੱਖ ਲਗਾ ਦਿੱਤੀ। ਮੂੰਹ ਨੂੰ ਸੀਅ ਦਿੱਤਾ ਤੇ ਹਾਈਡਰੋਜਨ ਪਰਅਕਸਾਈਡ ਦਾ ਛਿੜਕਾਅ ਕਰ ਦਿੱਤਾ।

ਲਗਭਗ 90 ਸਾਲ ਦੇ ਅੰਤਰ ਨਾਲ ਲੈਨਿਲ ਦੀ ਦੇਹ ਤੇ ਅਜਿਹੀ ਰਸਾਇਣਿਕ ਪ੍ਰਕਿਰਿਆ ਦੁਹਰਾਈ ਜਾਂਦੀ ਹੈ ਤਾਂ ਵੀ ਸਰੀਰ ਨੂੰ ਕੀੜੇ ਖਾਈ ਜਾ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਸਰੀਰ ਦਾ ਦਸ ਫੀਸਦੀ ਹਿੱਸਾ ਅਸਲੀ ਹੈ।

ਇਹ ਬੁੱਤ ਪੂਜਾ ਨਹੀਂ ਦੂਸਰੀ ਉਦਾਹਰਣ ਮੈਂ ਪੱਛਮੀ ਬੰਗਾਲ ਦੇ ਬਾਲ ਬ੍ਰਹਮਚਾਰੀ ਦੀ ਦੇ ਰਿਹਾ ਹਾਂ। ਬਾਲ ਬ੍ਰਹਮਚਾਰੀ ਨੂੰ 1993 ਵਿੱਚ ਬੰਗਾਲ ਵਿੱਚ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ। ਉਸਦੇ ਚੇਲਿਆਂ ਨੇ ਉਸਦੀ ਮ੍ਰਿਤਕ ਦੇਹ ਨੂੰ 55 ਦਿਨਾਂ ਲਈ ਸੰਭਾਲ ਕੇ ਰੱਖ ਲਿਆ। ਇਸ ਕੰਮ ਲਈ 6 ਏ.ਸੀ ਫਿੱਟ ਕੀਤੇ ਗਏ ਅਤੇ ਬਰਫ਼ ਦੀਆਂ ਸਿਲ੍ਹੀਆਂ ਵਿੱਚ ਉਸਦੇ ਸਰੀਰ ਨੂੰ ਰੱਖਿਆ ਗਿਆ। ਫਿਰ ਵੀ ਅਰਬਾਂ ਹੀ ਸੁੰਡ ਉਸਦੀ ਦੇਹ ਵਿੱਚ ਕਰਬਲ-ਕਰਬਲ ਕਰਨ ਲੱਗ ਪਏ। ਇਨ੍ਹਾਂ ਸੁੰਡਾਂ ਨੂੰ ਵਿਗਿਆਨਕ ਭਾਸ਼ਾ ਵਿੱਚ 'ਮੈਗਨੈਟ' ਕਿਹਾ ਜਾਂਦਾ ਹੈ। ਉਸਦੇ ਚੇਲੇ ਚਾਹੁੰਦੇ ਸਨ ਕਿ ਉਸਦੇ ਛੋਟੇ ਭਰਾ ਦੀ ਦਾੜੀ ਵਧਾ ਕੇ ਉਸਨੂੰ ਅਗਲਾ ਬਾਲ ਬ੍ਰਹਮਚਾਰੀ ਪੇਸ਼ ਕਰਕੇ ਲੋਕਾਂ ਨੂੰ ਮੂਰਖ ਬਣਾਇਆ ਜਾਵੇ। ਉਸ ਸਮੇਂ ਦੀ ਸਰਕਾਰ ਵੋਟ ਬੈਂਕ ਖੁੱਸਣ ਦੇ ਡਰੋਂ ਉਸਦਾ ਸਸਕਾਰ ਕਰਨ ਦੀ ਇਛੁੱਕ ਨਹੀਂ ਸੀ। ਪਰ ਜਦੋਂ ਉਸਦੇ ਮ੍ਰਿਤਕ ਸਰੀਰ ਦੀ ਬਰਫ਼ ਵਾਲਾ ਠੰਢਾ ਪਾਣੀ ਹੀ ਉਸਦੇ ਚੇਲਿਆਂ ਵੱਲੋਂ ਅੰਮ੍ਰਿਤ ਕਹਿ ਉਸਦੇ ਭਗਤਾਂ ਨੂੰ ਪਿਆਉਣਾ ਸ਼ੁਰੂ ਕਰ ਦਿੱਤਾ ਤਾਂ ਉੱਥੋਂ ਦੇ ਸਿਹਤ ਵਿਭਾਗ ਨੂੰ ਹੱਥਾਂ ਪੈਰਾਂ ਦੀ ਪੈ ਗਈ। ਡੇਰੇ ਵਿੱਚ ਇੱਕ ਪੈਟਰੋਲ ਪੰਪ ਵੀ ਸੀ। ਕਿਉਂਕਿ ਪੁਲੀਸ ਨੂੰ ਡਰ ਸੀ ਕਿ ਭਗਤ ਪੈਟਰੋਲ ਆਪਣੇ ਉੱਪਰ ਛਿੜਕ ਕੇ ਆਪਣੇ ਉੱਪਰ ਅੱਗ ਨਾ ਲਾ ਲੈਣ। ਇਸ ਲਈ ਪਹਿਲਾਂ ਉਨ੍ਹਾਂ ਨੂੰ ਪੈਟਰੋਲ ਪੰਪ ਸੀਲ ਕਰਨਾ ਪਿਆ। 29 ਜੂਨ 1993 ਨੂੰ ਉਸਦੀ ਲਾਸ਼ ਨੂੰ ਉਸ ਡੇਰੇ ਵਿੱਚੋਂ ਚੁਕਵਾਇਆ ਗਿਆ। ਉਸਦੇ ਭਗਤਾਂ ਨੂੰ ਕਾਬੂ ਕਰਨ ਲਈ ਪੁਲੀਸ ਦਾ ਇੱਕ ਪੰਜਾਬੀ ਐਸ.ਪੀ. ਰਛਪਾਲ ਸਿੰਘ ਜਖ਼ਮੀ ਹੋ ਗਿਆ। ਤਿੰਨ ਮਹੀਨੇ ਬਾਅਦ ਹੀ ਰਛਪਾਲ ਨੂੰ ਹਸਪਤਾਲ ਵਿੱਚੋਂ ਛੁੱਟੀ ਮਿਲੀ। ਬਾਲ ਬ੍ਰਹਮਚਾਰੀ ਦਾ ਸਸਕਾਰ ਆਪਣੇ ਪਿੰਡ ਵਿੱਚ ਕਰਵਾਉਣ ਲਈ ਕੋਈ ਵੀ ਵਿਅਕਤੀ ਸਹਿਮਤ ਨਾ ਹੋਇਆ। ਪਿਛਲੇ ਤਿੰਨ ਸਾਲ ਤੋਂ ਵੱਧ ਸਮੇ ਤੋਂ ਆਸੂਤੋਸ਼ ਦਾ ਸਰੀਰ ਵੀ ਉਸਦੇ ਭਗਤਾਂ ਨੇ ਬਰਫ਼ ਦੀਆਂ ਸਿਲ੍ਹੀਆਂ ਵਿੱਚ ਸਾਂਭਿਆ ਹੋਇਆ ਹੈ। ਮੈਨੂੰ ਇਸ ਗੱਲ ਦਾ ਪੂਰਾ ਹੀ ਖਦਸ਼ਾ ਹੈ ਕਿ ਮੈਗਨੇਟਾਂ ਨੇ ਉਸਦੇ ਸਰੀਰ ਨੂੰ ਆਪਣੀ ਖੁਰਾਕ ਦਾ ਹਿੱਸਾ ਬਣਾ ਲਿਆ ਹੋਵੇਗਾ। ਪੰਜਾਬ ਦੀਆਂ ਸਰਕਾਰਾਂ ਵੀ ਵੋਟ ਖੁੱਸਣ ਦੇ ਡਰੋਂ ਉਸ ਦੇ ਸਰੀਰ ਦਾ ਸਸਕਾਰ ਨਹੀਂ ਕਰਵਾਉਣਗੀਆਂ। ਪਰ ਭਗਤਾਂ ਨੂੰ ਤਾਂ ਆਪਣੇ ਡੇਰੇ ਵਿੱਚੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਸੁਚੇਤ ਹੋਣਾ ਚਾਹੀਦਾ ਹੈ।

### ✪ ਕਾਮਰੇਡਾਂ ਨੂੰ ਧਰਮ ਦਾ ਪੱਲਾ ਛੱਡਣ ਦਾ ਹੁਕਮ

2001 ਵਿੱਚ ਮੈਨੂੰ ਚਾਇਨਾ ਜਾਣ ਦਾ ਮੌਕਾ ਮਿਲਿਆ। ਉਸ ਸਮੇਂ ਉੱਥੋਂ ਦੇ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਦੀ ਗਿਣਤੀ 5 ਕਰੋੜ 30 ਲੱਖ ਸੀ। ਅੱਜ ਇਹ ਗਿਣਤੀ ਵਧ ਕੇ 9 ਕਰੋੜ ਹੋ ਗਈ ਹੈ। ਭਾਵੇਂ ਪਹਿਲਾਂ ਵੀ ਮੈਂਬਰਾਂ ਲਈ ਇਹ ਸ਼ਰਤ ਜ਼ਰੂਰੀ ਸੀ ਕਿ ਉਹ ਮੈਂਬਰ ਤਦ ਹੀ ਬਣ ਸਕਦੇ ਹੋਣ ਜੇਕਰ ਉਹ ਨਾਸਤਿਕ ਹੋਣਗੇ। ਕਿਉਂਕਿ ਪਾਰਟੀ ਵਿੱਚ ਏਕਾ ਰੱਖਣ ਲਈ ਇਹ ਸ਼ਰਤ ਜ਼ਰੂਰੀ ਹੈ। ਜੇ ਵੱਖ-ਵੱਖ ਧਰਮਾਂ ਦੇ ਲੋਕ ਪਾਰਟੀ ਮੈਂਬਰ ਹੋਣ ਤਾਂ ਉਹ ਕਦੀ ਵੀ ਇੱਕ ਨਹੀਂ ਹੋ ਸਕਣਗੇ। ਇਹ ਚੀਨੀਆਂ ਦਾ ਵਿਸਵਾਸ਼ ਹੈ। ਇਸ ਲਈ ਚੀਨ ਦੀ ਕਮਿਊਨਿਸਟ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਇਸ ਫੈਸਲੇ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਉਂਝ ਵੀ ਚੀਨ ਦੇ 90% ਲੋਕ ਪਹਿਲਾਂ ਹੀ ਨਾਸਤਿਕ ਹਨ।

## ਬੁੱਧ ਦੇ ਵਿਚਾਰ

ਗੌਤਮ ਬੁੱਧ ਨੇ ਇੱਕ ਵਿਗਿਆਨਕ ਤਰਕਪੂਰਨ ਨਜ਼ੀਰੀਆ ਦਿੱਤਾ! ਗੌਤਮ ਬੁੱਧ ਦਾ ਦ੍ਰਿਸ਼ਟੀਕੋਣ .......

1. ਇਸ ਸੰਸਾਰ ਨੂੰ ਚਲਾਉਣ ਵਾਲਾ ਕੋਈ ਨਹੀਂ ਅਤੇ ਨਾ ਹੀ ਕੋਈ ਬਣਾਉਣ ਵਾਲਾ ਹੈ।
2. ਨਾ ਕੋਈ ਈਸ਼ਵਰ ਹੈ, ਨਾ ਹੀ ਕੋਈ ਆਤਮਾ। ਜਿਸਨੂੰ ਲੋਕ ਆਤਮਾ ਸਮਝਦੇ ਹਨ, ਉਹ ਚੇਤਨਾ ਦਾ ਪ੍ਰਵਾਹ ਹੈ ਅਤੇ ਇਹ ਪਰਵਾਹ ਕਦੇ ਵੀ ਰੁਕ ਸਕਦਾ।
3. ਭਗਵਾਨ ਅਤੇ ਭਾਗਯਾਵਾਦ (ਕਿਸਮਤਵਾਦ) ਕੋਰੀ ਕਲਪਨਾ ਹੈ, ਜੋ ਸਾਨੂੰ ਜਿੰਦਗੀ ਦੀ ਸਚਾਈ ਅਤੇ ਹਕੀਕਤ ਤੋਂ ਦੂਰ ਕਰਕੇ ਦੂਜਿਆ ਤੇ ਨਿਰਭਰ ਬਣਾਉਦੀ ਹੈ।



4. ਸਿਰਫ਼ ਬੁੱਧੀ (ਸਮਝ, ਤਰਕ) ਦਾ ਹੀ ਹੋਣਾ ਹੀ ਸੱਚ ਹੈ। ਇਸ ਬੁੱਧੀ ਕਰਕੇ ਹੀ ਸਾਰਾ ਸੰਸਾਰ ਪ੍ਰਕਾਸ਼ਵਾਨ ਹੈ।
5. ਨਾ ਯੱਗ, ਹਵਨ ਕਰਨ ਨਾਲ ਭਲਾ ਹੁੰਦਾ, ਨਾ ਹੀ ਧਾਰਮਿਕ ਕਿਤਾਬਾਂ ਪੜ੍ਹਨ ਨਾਲ, ਧਾਰਮਿਕ ਗ੍ਰੰਥਾਂ ਨੂੰ ਗਲਤੀ ਰਹਿਤ ਮੰਨਣਾ ਨਾ ਸਮਝੀ ਹੈ।
6. ਪਾਠ-ਪੂਜਾ ਕਰਨ ਨਾਲ ਕੁਝ ਸ਼ੁਭ-ਅਸ਼ੁਭ ਨਹੀਂ ਹੁੰਦਾ ਅਤੇ ਨਾ ਹੀ ਪਾਪ ਧੋਤੇ ਜਾਂਦੇ ਹਨ।
7. ਕਿਸੀ ਗੱਲ 'ਤੇ ਇਸ ਲਈ ਵਿਸ਼ਵਾਸ਼ ਕਰ ਲੈਣਾ ਕਿ ਉਹ ਕਿਸੇ ਧਾਰਮਿਕ ਵਿਅਕਤੀ ਨੇ ਕਹੀ ਗਈ ਹੈ, ਸਭ ਤੋਂ ਵੱਡੀ ਮੂਰਖਤਾ ਹੈ। ਕਿਸੀ ਵੀ ਗੱਲ ਨੂੰ ਪਹਿਲਾਂ ਜਾਣੋ, ਛਾਣੋ ਫਿਰ ਮੰਨੋ। ਤੁਹਾਡੀ ਤਰਕ ਸ਼ਕਤੀ ਅਤੇ ਬੁੱਧੀ ਵਿਵੇਕ ਦਾ ਪੂਰਾ ਇਸਤੇਮਾਲ ਕਰੋ।

# ਸਿਆਸਤ ਦਲਿਤਾਂ ਨਾਲ ਖਾਣ-ਪੀਣ ਵਿੱਚ ਵੀ ਵਿਤਕਰਾ

**ਮੂਲ ਲੇਖਕ • ਭਾਰਤ ਭੂਸ਼ਣ ਸ਼੍ਰੀਵਾਸਤਵ**
**• ਅਨੁਵਾਦਕ ਪਵਨ ਕੁਮਾਰ ਰੱਤੋਂ**




ਉੱਤਰ-ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੇ ਇਸ ਵਾਰ ਨਾ ਦੇ ਬਰਾਬਰ ਪ੍ਰਚਾਰ ਕੀਤਾ ਸੀ, ਪਰੰਤੂ ਜਿੰਨਾਂ ਕੀਤਾ ਉਸ ਵਿੱਚ ਅਪਣੇ ਨਾਲ ਸਬੰਧ ਰੱਖਦੀ ਇਕ ਮਹੱਤਵਪੂਰਨ ਗੱਲ ਇਹ ਦੱਸੀ ਸੀ ਕਿ ਰਾਜਨੀਤੀ ਦੇ ਸ਼ੁਰੂਆਤੀ ਦਿਨਾਂ ਵਿੱਚ ਜਦ ਉਹ ਪਿੰਡ ਪਿੰਡ ਘੁੰਮਦੇ ਮੁਚੈਰਾਹ ਪਿੰਡ ਪਹੁੰਚੇ ਸਨ, ਤਾਂ ਉਥੇ ਉਹਨਾਂ ਨੇ ਛੋਟੀ ਜਾਤ ਵਾਲਿਆਂ ਦਾ ਦਿੱਤਾ ਗੁੜ ਖਾ ਲਿਆ ਸੀ। ਇਸ ਉੱਤੇ ਉਹਨਾਂ ਦੇ ਪਿੰਡ ਵਾਲਿਆਂ ਨੇ ਉਹਨਾਂ ਦਾ ਅਤੇ ਉਹਨਾਂ ਦੇ ਪਰਿਵਾਰ ਦਾ ਬਾਈਕਾਟ ਕਰ ਦਿੱਤਾ ਸੀ। ਬਾਦ ਵਿੱਚ ਸਰਪੰਚ ਭਾਵ ਪਿੰਡ ਦੇ ਪ੍ਰਧਾਨ ਦੀ ਦਖ਼ਲਅੰਦਾਜੀ ਦੇ ਕਾਰਨ ਮਾਮਲਾ ਆਇਆ ਗਿਆ ਹੋ ਗਿਆ ਸੀ।

ਇਹ ਵੱਖਰੀ ਗੱਲ ਹੈ ਕਿ ਮੁਲਾਇਮ ਸਿੰਘ ਯਾਦਵ ਨੇ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਅਤੇ ਕੇਂਦਰੀ ਮੰਤਰੀ ਰਹਿੰਦੇ ਹੋਏ ਕਦੇ ਇਸ ਮਹੱਤਵਪੂਰਨ ਘਟਨਾ ਦਾ ਜ਼ਿਕਰ ਨਹੀਂ ਕੀਤਾ, ਪਰੰਤੂ ਲਗਭਗ 40 ਸਾਲ ਬਾਦ ਪਿੰਡ ਕਸਬਿਆਂ ਅਤੇ ਇਕ ਹੱਦ ਤੱਕ ਸ਼ਹਿਰਾਂ ਤੋਂ ਵੀ ਇਸ ਤਰ੍ਹਾਂ ਦੀ ਛੂਆਛੂਤ ਬੰਦ ਹੋ ਗਈ ਹੈ, ਇਹ ਨਾ ਤਾਂ ਮੁਲਾਇਮ ਸਿੰਘ ਯਾਦਵ ਕਹਿ ਸਕਦੇ ਹਨ ਅਤੇ ਨਾ ਹੀ ਬਸਪਾ ਮੁੱਖੀ ਮਾਇਆਵਤੀ ਹੀ ਦਾਅਵਾ ਕਰ ਸਕਦੇ ਹਨ, ਫੇਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਤਾਂ ਕਿਸੇ ਤਰ੍ਹਾਂ ਦੀ ਉਮੀਦ ਕਰਨਾ ਹੀ ਬੇਕਾਰ ਹੈ।

ਸੱਚ ਤਾਂ ਇਹ ਹੈ, ਜਾਤੀਗਤ ਛੂਆਛੂਤ ਅਤੇ ਭੇਦਭਾਵ ਅਤੇ ਜ਼ੋਰ-ਜ਼ੁਲਮ ਧਰਮ ਦੀ ਦੇਣ ਹਨ। ਲੀਡਰ ਤਾਂ ਇਸ ਦੇ ਤਵੇ ਉੱਤੇ ਅਪਣੀਆਂ ਰੋਟੀਆਂ ਸੇਕਦੇ ਹਨ। ਸਾਲ 2016 ਵਿੱਚ ਲੀਡਰਾਂ ਵਿੱਚ ਤਾਂ ਦੌੜ ਜਿਹੀ ਲੱਗ ਗਈ ਸੀ ਕਿ ਕੌਣ ਦਲਿਤਾਂ ਦੇ ਘਰ ਜਾ ਕੇ ਵੱਧ ਤੋਂ ਵੱਧ ਖਾਣਾ ਖਾਂਦਾ ਹੈ। ਇਸ ਵਿੱਚ ਵੀ ਖਾਸ ਮੁਕਾਬਲਾ ਭਾਜਪਾ ਮੁਖੀ ਅਮਿਤ ਸ਼ਾਹ ਅਤੇ ਕਾਂਗਰਸ ਉਪਮੁਖੀ ਰਾਹੁਲ ਗਾਂਧੀ ਦੇ ਵਿੱਚ ਸੀ। ਦੋਹਾਂ ਨੇ ਹੀ ਦਲਿਤਾਂ ਦੇ ਘਰ ਜਾ ਕੇ ਖਾਣਾ ਖਾਧਾ ਸੀ ਅਤੇ ਇਹ ਜਤਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਹੀ ਦਲਿਤਾਂ ਦੇ ਸੱਚੇ ਹਮਦਰਦ ਹਨ।

ਦਲਿਤਾਂ ਦੇ ਘਰ ਜਾ ਕੇ ਉਹਨਾਂ ਦੀਆਂ ਇਸਤਰੀਆਂ ਦੇ ਹੱਥਾਂ ਦਾ ਬਣਿਆ ਖਾਣਾ ਖਾ ਕੇ ਕੀਤੀ ਜਾਣ ਵਾਲੀ ਸਿਆਸਤ ਇਸ ਪੱਖੋਂ ਵੀ ਗੌਰ ਕਰਨ ਦੇ ਕਾਬਲ ਹੈ ਕਿ ਉੱਚੀ ਜਾਤ ਵਾਲੇ ਲੀਡਰ ਹੀ ਦਲਿਤਾਂ ਦੇ ਘਰ ਗਏ।

ਦੂਜੀ ਗੱਲ ਇਹ ਕਿ ਅੱਜ ਵੀ ਪਿੰਡ ਕਸਬਿਆਂ ਵਿੱਚ ਦਲਿਤਾਂ ਦੇ ਨਾਲ ਦੂਜਿਆਂ ਜ਼ਿਆਦਤੀਆਂ ਦੇ ਨਾਲ ਨਾਲ ਖਾਣਪੀਣ ਵਿੱਚ ਵਿਤਕਰਾ ਕੀਤਾ ਜਾਂਦਾ ਹੈ। ਜਿਸ ਤੋਂ ਉਹਨਾਂ ਵਿੱਚ ਉਹਨਾਂ ਦੇ ਦਲਿਤ ਯਾਨੀ ਸ਼ੂਦਰ ਅਤੇ ਪਿਛਲੇ ਜਨਮ ਦੇ ਪਾਪੀ ਹੋਣ ਦਾ ਡਰ ਭਰਿਆ ਰਹੇ।

ਮਾਇਆਵਤੀ, ਰਾਮਵਿਲਾਸ ਪਾਸਵਾਨ ਜਾਂ ਕੋਈ ਹੋਰ ਦਲਿਤ ਕਿਸੇ ਦਲਿਤ ਦੇ ਘਰ ਜਾ ਕੇ ਖਾਣਾ ਖਾਂਦਾ ਤਾਂ ਬਹੁਤਾ ਤਾਂ ਕੀ ਮਾਮੂਲੀ ਵੀ ਹੱਲਾਗੁੱਲਾ ਨਹੀਂ ਮਚਣਾ ਸੀ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਹੱਲਾ ਇਸ ਲਈ ਮਚਦਾ ਹੈ ਕਿ ਉੱਚੀ ਜਾਤ ਵਾਲੇ ਲੀਡਰ ਦਲਿਤਾਂ ਦੇ ਘਰ ਜਾ ਕੇ ਖਾਣਾ ਖਾਂਦੇ ਹਨ ਯਾਨੀ ਉਹਨਾਂ ਉੱਤੇ ਅਹਿਸਾਨ ਕਰਦੇ ਹਨ। ਠੀਕ ਉਵੇਂ ਹੀ ਜਿਵੇਂ ਸ਼੍ਰੀ ਰਾਮ ਨੇ ਇੱਕ ਦਲਿਤ ਇਸਤਰੀ ਸ਼ਬਰੀ ਦੇ ਦਿੱਤੇ ਜੂਠੇ ਬੇਰ ਖਾ ਕੇ ਉਸ ਉੱਤੇ ਅਹਿਸਾਨ ਕੀਤਾ ਸੀ।

**ਧਰਮ ਭ੍ਰਿਸ਼ਟ ਹੋ ਜਾਂਦਾ ਹੈ :** ਦਲਿਤ ਦੇ ਘਰ ਗੁੜ ਖਾਣ ਉੱਤੇ ਮੁਲਾਇਮ ਸਿੰਘ ਯਾਦਵ ਦੇ ਪਰਿਵਾਰ ਦਾ ਬਾਈਕਾਟ ਸੈਫ਼ਈ ਪਿੰਡ ਵਿੱਚ ਹੋਇਆ ਸੀ, ਇਹ ਗੱਲ ਬਿਲਕੁਲ ਹੈਰਾਨੀ ਦੀ ਨਹੀਂ ਹੈ। ਅਜਿਹਾ ਅੱਜ ਵੀ ਵੱਡੀ ਮਾਤਰਾ ਵਿੱਚ ਹੁੰਦਾ ਹੈ ਕਿ ਦਲਿਤ ਦੇ ਘਰ ਖਾਣਾ ਤੂੰ ਦੂਰ ਦੀ ਗੱਲ ਹੈ। ਉੱਚੀ ਜਾਤ ਵਾਲੇ ਉਹਨਾਂ ਦੇ ਸਾਹਮਣੇ ਮਿਲਣ ਤੋਂ ਵੀ ਕਤਰਾਂਦੇ ਹਨ, ਕਿਉਂਕਿ ਧਾਰਮਿਕ ਕਿਤਾਬਾਂ ਵਿੱਚ ਲਿਖਿਆ ਹੈ ਕਿ ਸਵੇਰੇ ਸਵੇਰੇ ਉਹਨਾਂ ਦਾ ਚਿਹਰਾ ਦੇਖਣ ਨਾਲ ਧਰਮ ਭ੍ਰਿਸ਼ਟ ਹੋ ਜਾਂਦਾ ਹੈ।

ਮੱਧ ਪ੍ਰਦੇਸ਼ ਦੇ ਜਬਲਪੁਰ ਸ਼ਹਿਰ ਵਿੱਚ ਇੱਕ ਮੁਹੱਲਾ ਹੈ, ਜਿਸ ਦਾ ਨਾਂ ਸਾਹੂ ਮੁਹੱਲਾ ਹੈ। ਹੁਣ ਤੋਂ ਲਗਭਗ 20 ਸਾਲ ਪਹਿਲਾਂ ਤੱਕ ਇਸ ਵੱਡੇ ਸ਼ਹਿਰ ਦੇ ਲੋਕ ਸਵੇਰੇ ਸਵੇਰੇ ਇਸ ਮੁਹੱਲੇ ਤੋਂ ਹੋ ਕੇ ਨਹੀਂ ਲੰਘਦੇ ਸਨ, ਕਿਉਂਕਿ ਸਵੇਰੇ ਸਾਹੂ ਯਾਨੀ ਤੇਲੀਆਂ ਦਾ ਚਿਹਰਾ ਦੇਖਣ ਤੋਂ ਦਿਨ ਚੰਗਾ ਨਹੀਂ ਲੰਘਦਾ, ਇਹ ਮੰਨਿਆ ਜਾਂਦਾ ਹੈ। ਸਾਹੂ ਜਾਂ ਤੇਲੀ ਜਾਤ ਪੂਰੀ ਤਰ੍ਹਾਂ ਤੋਂ ਅਛੂਤਾਂ ਦੀ ਜਮਾਤ ਵਿੱਚ ਨਹੀਂ ਆਉਂਦੀ ਹੈ, ਸਗੋਂ ਉਹਨਾਂ ਦੀ ਗਿਣਤੀ ਪਿਛੜੇ ਵਰਗ ਵਿੱਚ ਹੁੰਦੀ ਹੈ।

ਅੱਜ ਉਸੀ ਜਬਲਪੁਰ ਸਮੇਤ ਸਾਰੇ ਦੇਸ਼ ਦੇ ਲੋਕ ਸਵੇਰੇ-ਸਵੇਰੇ ਜਦ ਟੈਲੀਵਿਜ਼ਨ ਦੇਖਦੇ ਹਨ, ਤਾਂ ਉਹਨਾਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਚਿਹਰਾ ਦੇਖਣ ਵਿੱਚ ਪਰਹੇਜ਼ ਨਹੀਂ ਹੁੰਦਾ, ਉਲਟੇ ਸਾਰੇ ਦੇਸ਼ ਵਿੱਚ ਲੋਕ ਉਹਨਾਂ ਦੇ ਪੈਰੀਂ ਪੈਂਦੇ ਹਨ।

ਹਾਲਾਂਕਿ ਲੋਕਾਂ ਦੇ ਦਿਲੋ ਦਿਮਾਗ ਵਿੱਚ ਬੈਠੀ ਛੂਆਛੂਤ ਦੀ ਸਚਾਈ ਕੇਂਦਰੀ-ਮੰਤਰੀ ਉਮਾ ਭਾਰਤੀ ਨੇ ਉੱਤਰ ਪ੍ਰਦੇਸ਼ ਚੋਣ ਪ੍ਰਚਾਰ ਦੇ ਦੌਰਾਨ ਹੀ ਇਹ ਕਹਿੰਦੇ ਹੋਏ ਦੱਸੀ ਸੀ ਕਿ ਕਿਉਂਕਿ ਉਹ ਛੋਟੀ ਜਾਤ ਦੇ ਹਨ ਅਤੇ ਪ੍ਰਧਾਨ ਮੰਤਰੀ ਬਣ ਗਏ ਹਨ, ਤਾਂ ਕਈਆਂ ਨੂੰ ਇਹ ਬਰਦਾਸ਼ਤ ਨਹੀਂ ਹੁੰਦਾ ਹੈ।

ਇੱਧਰ ਪਿੰਡਾਂ ਵਿੱਚ ਹਾਲਤ ਇਹ ਹੈ ਕਿ ਜੇਕਰ ਕੋਈ ਦਲਿਤ ਸਾਹਮਣੇ ਮਿਲ ਜਾਵੇ ਤਾਂ ਉੱਚੀ ਜਾਤ ਵਾਲੇ ਨੱਕ ਭਰਵੱਟੇ ਸੰਗੋੜ ਲੈਂਦੇ ਹਨ। ਹਰ ਪਿੰਡ ਵਿੱਚ ਬਿਜਲੀ ਅਤੇ ਸੜਕ ਆ ਜਾਣ ਦੇ ਬਾਦ ਵੀ ਦਲਿਤ ਮੁਹੱਲੇ ਅੱਡ ਹਨ ਕਿਉਂਕਿ ਦਲਿਤਾਂ ਨੂੰ ਉੱਚੀ ਜਾਤ ਵਾਲਿਆਂ ਦੇ ਬਰਾਬਰ ਰਹਿਣ ਦਾ ਹੱਕ ਅੱਜ ਵੀ ਨਹੀਂ ਹੈ।

ਵਿਦਿਸ਼ਾ ਦੇ ਪਾਸ ਦੇ ਇਕ ਪਿੰਡ ਢੋਲਖੇੜੀ ਵਿੱਚ ਹੁਣ ਇਕ ਹੀ ਬ੍ਰਾਹਮਣ ਪਰਿਵਾਰ ਬਚਿਆ ਹੈ, ਜਿਸ ਦੇ ਇਕ ਨੌਜਵਾਨ ਦਾ ਕਹਿਣਾ ਹੈ ਕਿ ਅੱਜ ਵੀ ਉਸ ਦੇ ਪਿਤਾ ਜਾਂ ਚਾਚੇ ਨੂੰ ਮਜ਼ਬੂਰੀ ਵਿੱਚ ਜੇਕਰ ਦਲਿਤ ਮੁਹੱਲੇ ਤੋਂ ਹੋ ਕੇ ਲੰਘਣਾ ਪੈਂਦਾ ਹੈ ਤਾਂ ਉਹ ਘਰ ਆ ਕੇ ਇਸ਼ਨਾਨ ਕਰਦੇ ਹਨ। ਇਸ ਨੌਜਵਾਨ ਦੇ ਅਨੁਸਾਰ, ਜਦ ਉੱਚੀ

ਜਾਤ ਵਾਲੇ ਦੇ ਇਥੇ ਤੇਰ੍ਹਵੀਂ (ਮਰਨ ਮਗਰੋਂ ਤੇਰ੍ਹਵੇਂ ਦਿਨ ਕੀਤੀ ਜਾਣ ਵਾਲੀ ਰਸਮ) ਹੁੰਦੀ ਹੈ, ਤਾਂ ਛੋਟੀ ਜਾਤ ਵਾਲਿਆਂ ਨੂੰ ਪੂਜਾ ਪਾਠ ਦੀ ਥਾਂ ਤੋਂ ਬਹੁਤ ਦੂਰ ਬੈਠਾ ਕੇ ਖਾਣਾ ਖੁਆਇਆ ਜਾਂਦਾ ਹੈ, ਜਿਸ ਤੋਂ ਭਗਵਾਨ ਦਾ ਅਤੇ ਉੱਚੀ ਜਾਤ ਵਾਲਿਆਂ ਦਾ ਧਰਮ ਭ੍ਰਿਸ਼ਟ ਨਾ ਹੋਵੇ।

ਦਲਿਤਾਂ ਨੂੰ ਖਾਣਾ ਤਾਂ ਅੱਡ ਦੂਰ ਬੈਠਾ ਕੇ ਖੁਆਇਆ ਹੀ ਜਾਂਦਾ ਹੈ, ਪਰ ਇਸ ਉੱਤੇ ਵੀ ਸ਼ਰਤ ਇਹ ਹੈ ਕਿ ਦਲਿਤ ਆਪਣੇ ਭਾਂਡੇ ਅਲੱਗ ਤੋਂ ਲੈ ਕੇ ਆਉਣਗੇ, ਜਿਸ ਤੋਂ ਉਹਨਾਂ ਦੇ ਜੂਠੇ ਭਾਂਡੇ ਧੋਣ ਦਾ ਪਾਪ ਉੱਚੀ ਜਾਤ ਵਾਲਿਆਂ ਨੂੰ ਨਾ ਲੱਗੇ। ਪਿੰਡ ਵਿੱਚ ਤੇਰ੍ਹਵੀਂ ਨੂੰ ਸਾਰੇ ਪਿੰਡ ਨੂੰ ਨਿਉਂਦਾ ਭਾਵ ਸੱਦਾ ਦੇਣਾ ਆਮ ਗੱਲ ਹੈ, ਜਿਸ ਵਿੱਚ ਛੂਆਛੂਤ ਦੀ ਨੁਮਾਇਸ਼ ਖੁੱਲ੍ਹੇਆਮ ਹੁੰਦੀ ਹੈ। ਆਪਣੇ ਬਰਾਦਰੀ, ਬਰਾਬਰੀ ਵਾਲਿਆਂ ਨੂੰ ਤੰਬੂ ਵਿੱਚ ਬਿਠਾਇਆ ਜਾਂਦਾ ਹੈ ਪਰ ਦਲਿਤਾਂ ਨੂੰ ਦੂਰ ਰੱਖਿਆ ਜਾਂਦਾ ਹੈ। ਦਲਿਤ ਕਿਉਂ ਉੱਚੀ ਜਾਤ ਵਾਲਿਆਂ ਦੇ ਉਥੇ ਤੇਰ੍ਹਵੀਂ ਵਿੱਚ ਖਾਣਾ ਖਾਣ ਜਾਂਦੇ ਹਨ ਇਹ ਹਾਲਾਂਕਿ ਅਲੱਗ ਬਹਿਸ ਦੀ ਗੱਲ ਹੈ, ਪਰ ਭੋਪਾਲ ਦੇ ਨੇੜੇ ਬੈਰਸੀਆ ਦੇ ਰਹਿਣ ਵਾਲੇ ਇਕ ਦਲਿਤ ਮੇਸ਼ਾਰਾਮ ਦੀ ਮੰਨੀਏ; ਤਾਂ ਇਹ ਰਿਵਾਜ ਪੀੜ੍ਹੀਆਂ ਤੋਂ ਚੱਲਿਆ ਆ ਰਿਹਾ ਹੈ। ਜੇਕਰ ਉਹ ਉਹਨਾਂ ਦੇ ਇਥੇ ਨਾ ਜਾਣ ਤਾਂ ਉਹਨਾਂ ਉੱਤੇ ਹੋਰ ਵੱਧ ਜ਼ੁਲਮ ਢਾਏ ਜਾਂਦੇ ਹਨ।

ਗੱਲ ਅਜੀਬ ਹੈ ਪਰ ਹੈ ਸੱਚ ਕਿ ਜਿਸ ਦੇ ਪਿੱਛੇ ਇੱਛਾ ਇਹ ਹੈ ਕਿ ਦਲਿਤਾਂ ਨੂੰ ਬੇਇੱਜ਼ਤ ਕਰਨ ਅਤੇ ਉਹਨਾਂ ਨੂੰ ਉਹਨਾਂ ਦੇ ਦਲਿਤਪਨ ਦਾ ਅਹਿਸਾਸ ਕਰਾਉਣ ਦਾ ਕੋਈ ਮੌਕਾ ਉੱਚੀ ਜਾਤ ਵਾਲੇ ਨਹੀਂ ਛੱਡਦੇ ਹਨ।

ਤੇਰ੍ਹਵੀਂ ਵਿੱਚ ਤਾਂ ਬੁਲਾਉਂਦੇ ਹਨ, ਪਰ ਇਹੀ ਉੱਚੀ ਜਾਤ ਵਾਲੇ ਵਿਆਹ ਸ਼ਾਦੀ ਵਿੱਚ ਦਲਿਤਾਂ ਨੂੰ ਆਮ ਤੌਰ ਉੱਤੇ ਨਹੀਂ ਬੁਲਾਉਂਦੇ ਹਨ ਕਿਉਂਕਿ ਇਹ ਸ਼ੁੱਭ ਅਤੇ ਖ਼ੁਸ਼ੀ ਦਾ ਕੰਮ ਹੁੰਦਾ ਹੈ।

ਦਲਿਤ ਜੇਕਰ ਮਹਿੰਗੀ ਸ਼ਾਦੀ ਕਰਨ, ਤਾਂ ਵੀ ਰੋਜ਼ਾਨ ਹਾਏ ਤੌਬਾ ਮਚਣ ਦੀਆਂ ਖ਼ਬਰਾਂ ਸਾਰੇ ਦੇਸ਼ ਤੋਂ ਆਉਂਦੀਆਂ ਰਹਿੰਦੀਆਂ ਹਨ। ਦਲਿਤ ਲਾੜਿਆਂ ਦੇ ਘੋੜੀ ਉੱਤੇ ਚੜ੍ਹਨ ਨੂੰ ਲੈ ਕੇ ਹਰ ਥਾਂ ਉਹਨਾਂ ਨੂੰ ਕੁੱਟਿਆ ਮਾਰਿਆ ਜਾਂਦਾ ਹੈ ਅਤੇ ਡਰਾਇਆ ਧਮਕਾਇਆ ਵੀ ਜਾਂਦਾ ਹੈ।

**ਧਰਮ ਅਤੇ ਸਿਆਸਤ ਵਿੱਚ ਫ਼ਰਕ** : ਧਰਮ ਦੇ ਨਾਂ ਉੱਤੇ ਦਲਿਤਾਂ ਉੱਤੇ ਜ਼ੋਰ ਜ਼ੁਲਮ ਕਰਨ ਦੀ ਬਿਮਾਰੀ ਕਦੇ ਦੂਰ ਹੋਵਗੀ, ਅਜਿਹਾ ਨਹੀਂ ਜਾਪਦਾ। ਇਸ ਦਾ ਕਾਰਨ ਸਿਆਸਤ ਘੱਟ ਧਰਮ ਹੀ ਜ਼ਿਆਦਾ ਹੈ।

ਪ੍ਰਸਿੱਧ ਲੀਡਰ ਦਲਿਤਾਂ ਦੇ ਘਰ ਜਾ ਕੇ ਖਾਣਾ ਖਾਂਦੇ ਹਨ, ਉਹਨਾਂ ਦਾ ਉਦੇਸ਼ ਭਾਵੇਂ ਹੀ ਸਿਆਸਤ ਦਾ ਹੋਵੇ, ਪਰ ਕਦੇ ਕਿਸੇ ਸ਼ੰਕਰਾਚਾਰੀਆ ਜਾਂ ਧਰਮਗੁਰੂ ਨੇ ਕਿਉਂ ਇਸ ਤਰ੍ਹਾਂ ਦੀਆਂ ਸੁਰਖੀਆਂ ਵਿੱਚ ਆਉਣ ਦੀ ਕੋਸ਼ਿਸ਼ ਨਹੀਂ ਕੀਤੀ?

ਇਸ ਸਵਾਲ ਦਾ ਜਵਾਬ ਸਾਫ਼ ਹੈ ਕਿ ਅਜਿਹੇ ਲੋਕ ਹੀ ਛੂਆਛੂਤ, ਭੇਦਭਾਵ ਅਤੇ ਜਾਤੀਗਤ ਅੱਤਿਆਚਾਰ ਬਣਾਈ ਰੱਖਣਾ ਚਾਹੁੰਦੇ ਹਨ। ਜੇਕਰ ਉਹ ਵੀ ਲੀਡਰਾਂ ਵਾਂਗ ਦਿਖਾਵੇ ਦੇ ਲਈ ਹੀ ਸਹੀ ਦਲਿਤਾਂ ਦੇ ਇਥੇ ਖਾਣਾ ਖਾਣ ਲੱਗਣਗੇ ਤਾਂ ਪੰਡਿਆਂ ਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ, ਜਿਹੜੇ ਧਰਮ ਦੇ ਨਾਂ ਉੱਤੇ ਹੀ ਚੱਲਦੀਆਂ ਹਨ।

ਅਮਿਤ ਸ਼ਾਹ ਜਾਂ ਰਾਹੁਲ ਗਾਂਧੀ ਦੇ ਦਲਿਤਾਂ ਦੇ ਘਰ ਖਾਣਾ ਖਾਣ ਉੱਤੇ ਮਾਇਆਵਤੀ ਦੁੱਖੀ ਹੋ ਕੇ ਕਹਿੰਦੀ ਹੈ ਕਿ ਖਾਣਾ ਖਾਣ ਦੇ ਬਾਦ ਉਹ ਘਰ ਜਾ ਕੇ ਨਹਾਏ ਸਨ, ਤਾਂ ਇਹ ਦੋਸ਼ ਸਿਆਸੀ ਹੋ ਸਕਦਾ ਹੈ, ਪਰ ਸਚਾਈ ਵਿੱਚ ਮਾਇਆਵਤੀ ਇੱਕ ਸੱਚ ਵੀ ਕਹਿ ਰਹੀ ਹੁੰਦੀ ਹੈ ਕਿ ਹਾਲੇ ਵੀ ਸਵਰਣ ਕਿਸ ਹੱਦ ਤੱਕ ਦਲਿਤਾਂ ਨਾਲ ਵੈਰ ਰੱਖਦੇ ਹਨ।

ਇਹ ਉਹ ਦੌਰ (ਜ਼ਮਾਨਾ, ਸਮਾਂ) ਹੈ, ਜਦ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦਲਿਤ ਹੋਣ ਦੇ ਅਰਥ ਬਦਲਣ ਦੀ ਕੋਸ਼ਿਸ਼ ਜਿਸਨੂੰ ਸਾਜ਼ਸ਼ ਕਹਿਣਾ ਠੀਕ ਹੋਵੇਗਾ, ਰਚ ਰਹੇ ਹਨ ਕਿ ਪੈਸੇ ਵਾਲੇ ਦਲਿਤਾਂ ਨੂੰ ਉੱਚੀ ਜਾਤ ਦਾ ਮੰਨ ਲਿਆ ਜਾਵੇ। ਇਸ ਨਾਲ ਹਿੰਦੂਆਂ ਦੀ ਗਿਣਤੀ ਵੀ ਵਧੇਗੀ ਅਤੇ ਪੰਡਤਾਂ ਨੂੰ ਚੰਗੀ ਚੋਖੀ ਦੱਛਨਾ ਵੀ ਮਿਲੇਗੀ।

ਜੇਕਰ ਇਹਨਾਂ ਦੀ ਇੱਛਾ ਸਚਮੁੱਚ ਸਮਾਜ ਅਤੇ ਦੇਸ਼ ਤੋਂ ਛੂਆਛੂਤ ਅਤੇ ਜਾਤੀਗਤ ਵਿਤਕਰਾ ਖ਼ਤਮ ਕਰਨ ਦੀ ਹੁੰਦੀ ਤਾਂ ਇਹ ਪਹਿਲਾਂ ਭੀਮਰਾਓ ਅੰਬੇਡਕਰ ਦੀ ਸੁਰ ਉੱਤੇ ਧਾਰਮਕ ਕਿਤਾਬਾਂ ਜਲਾਉਣ ਦੀ ਗੱਲ ਕਰਦੇ ਕਿਉਂਕਿ ਆਦਮੀ ਨੂੰ ਆਦਮੀ ਨਾ ਮੰਨਣ ਦਾ ਰੋਗ ਆਇਆ ਤਾਂ ਇਹਨਾਂ ਕਿਤਾਬਾਂ ਤੋਂ ਹੈ।

ਸੱਚ ਤਾਂ ਇਹ ਹੈ, ਭਗਵਾਂ ਬ੍ਰਿਗੇਡ ਨੂੰ ਇੱਕ ਵੱਡਾ ਡਰ ਇਹ ਸਤਾ ਰਿਹਾ ਹੈ ਕਿ ਜੇਕਰ ਪੜ੍ਹੇ ਲਿਖੇ ਅਤੇ ਪੈਸੇ ਵਾਲੇ ਦਲਿਤਾਂ ਨੂੰ ਸਮਾਂ ਰਹਿੰਦੇ ਆਪਦੀ ਹੱਦ ਵਿੱਚ ਨਹੀਂ ਲਾਇਆ ਗਿਆ ਤਾਂ ਇਹ ਲੋਕ ਉੱਚੀ ਜਾਤ ਵਾਲਿਆਂ ਨੂੰ ਹੀ ਅਛੂਤ ਬਣਾ ਕੇ ਆਪਣਾ ਇੱਕ ਅੱਡ ਸਮਾਜ ਬਣਾ ਲੈਣਗੇ। ਇਸ ਕਾਰਨ ਤੋਂ ਉੱਚੀ ਜਾਤ ਵਾਲੇ ਅਛੂਤ ਅਤੇ ਘੱਟ ਗਿਣਤੀ ਹੋ ਜਾਣਗੇ ਯਾਨੀ ਇਨਸਾਨੀਅਤ ਜਾਂ ਧਰਮ ਨਹੀਂ, ਸਗੋਂ ਅਲੱਗ ਥਲੱਗ ਪੈ ਜਾਣ ਦਾ ਡਰ ਅਤੇ ਦੱਛਨਾ ਦਾ ਲਾਲਚ ਹੁਣ ਉੱਚੀ ਜਾਤ ਵਾਲਿਆਂ ਨੂੰ ਮਜ਼ਬੂਰ ਕਰ ਰਿਹਾ ਹੈ ਕਿ ਉਹ ਆਪਣਾ ਮਨ ਮਾਰਦੇ ਹੋਏ ਕੁੱਝ ਦਲਿਤਾਂ ਦਾ ਹੱਥ ਫੜਨ, ਪਰੰਤੂ ਅਜਿਹਾ ਸੱਚ ਵਿੱਚ ਨਹੀਂ ਹੋ ਰਿਹਾ ਹੈ, ਸਗੋਂ ਦਿਖਾਵੇ ਦੇ ਲਈ ਵੱਧ ਹੋ ਰਿਹਾ ਹੈ ਕਿਉਂਕਿ ਹਜ਼ਾਰਾਂ ਸਾਲਾਂ ਤੋਂ ਉੱਚੀ ਜਾਤ ਵਾਲਾ ਹੋਣ ਦਾ ਹੰਕਾਰ ਦੂਰ ਹੋਣ ਵਿੱਚ ਵੀ ਹਜ਼ਾਰਾਂ ਸਾਲ ਲੱਗ ਜਾਣਗੇ, ਇਸ ਲਈ ਕੁੱਝ ਫੀਸਦੀ ਪੈਸੇ ਵਾਲੇ ਦਲਿਤਾਂ ਨੂੰ ਘੇਰਿਆ ਜਾ ਰਿਹਾ ਹੈ, ਜਿਸ ਨਾਲ ਗ਼ਰੀਬ ਦਲਿਤਾਂ ਨੂੰ ਲਤਾੜਿਆ ਜਾ ਸਕੇ।

## ਤਰਕਸ਼ੀਲਤਾ ਦੇ ਕੰਮ ਕਾਜ ਵਿੱਚ ਫਰਕ

ਜਦੋਂ ਮੈਂ 1998 ਵਿੱਚ ਤਰਕਸ਼ੀਲ ਸੁਸਾਇਟੀ ਵਿੱਚ ਆਇਆ ਤਾਂ ਸਾਡੇ ਕੋਲ ਜੋ ਕੇਸ ਹੱਲ ਕਰਨ ਲਈ ਆਉਂਦੇ ਸਨ ਉਹ ਸਨ ਘਰਾਂ ਵਿੱਚ ਰੋੜੇ ਵਜਣੇ, ਘਰਾਂ ਵਿੱਚ ਅੱਗ ਲੱਗਣੀ, ਅਲਮਾਰੀ ਵਿੱਚ ਕੱਪੜਿਆਂ ਦਾ ਕੱਟਿਆ ਜਾਣਾ, ਘਰ ਵਿੱਚ ਔਰਤਾਂ ਦਾ ਸਿਰ ਘਮਾਈ ਜਾਣਾ, ਆਮ ਹੀ ਜਿੱਥੇ ਚਾਰ ਬੰਦੇ ਇੱਕਠੇ ਹੋਣੇ ਉਥੇ ਵਹਿਮਾਂ ਭਰਮਾਂ ਦੀਆਂ ਗੱਲਾਂ ਕਰੀ ਜਾਣੀਆਂ। ਤਰਕਸ਼ੀਲ ਸੁਸਾਇਟੀ ਦੇ ਸਮੂਹ ਮੈਂਬਰ ਵਧਾਈ ਦੇ ਪਾਤਰ ਹਨ ਕਿ ਉਹਨਾਂ ਇਹ ਸਾਰੀਆਂ ਬਿਮਾਰੀਆਂ ਨੂੰ ਜੜ ਤੋਂ ਖ਼ਤਮ ਕੀਤਾ। ਹੁਣ ਜਿੱਥੇ ਵੀ ਗੱਲਾਂ ਵਹਿਮਾਂ ਭਰਮਾਂ ਦੀਆਂ ਚੱਲਦੀਆਂ ਹਨ ਉਥੇ ਇੱਕ ਅੱਧਾ ਬੰਦਾ ਭਾਵੇਂ ਉਸਦਾ ਤਰਕਸ਼ੀਲ ਸੁਸਾਇਟੀ ਨਾਲ ਕੋਈ ਰਾਬਤਾ ਨਾ ਹੋਵੇ ਵਿਗਿਆਨਕ ਵਿਚਾਰ ਜ਼ਰੂਰ ਦਿੰਦਾ ਦਿਖਦਾ ਹੈ। ਹੁਣ ਜੋ ਕੇਸ ਮੇਰੇ ਕੋਲ ਆਉਂਦੇ ਨੇ ਦਿਮਾਗੀ ਬੋਝ, ਆਰਥਿਕ ਮੰਦਹਾਲੀ, ਘਰ ਵਿੱਚ ਬਿਮਾਰੀ, ਬੱਚਿਆਂ ਨੂੰ ਪੜ੍ਹਾਈ ਦੀ ਟੈਂਨਸ਼ਨ, ਪੈਸਿਆਂ ਦਾ ਸਿਰ ਚੜ੍ਹਨਾ, ਕਰਜ਼ਾ ਦੇ ਹਨ। ਜਿਹਨਾਂ ਦਾ ਹੱਲ ਹੌਂਸਲਾ ਹੈ। ਤਰਕਸ਼ੀਲਾਂ ਕੋਲ ਇਸ ਦਾ ਹੱਲ ਨਹੀਂ ਹੈ। ਇਹ ਤਾਂ ਘਰ ਦੇ ਮੁਖੀ ਦੇ ਫੈਸਲੇ ਹਨ ਜੋ ਉਸ ਨੇ ਲੈਣੇ ਹਨ। ਹੁਣ ਬਾਬਿਆਂ ਦੇ ਕੰਮ ਕਾਜ ਵਿੱਚ ਵੀ ਫਰਕ ਆਇਆ ਹੈ। ਪਹਿਲਾਂ ਉਹ ਢੋਲਕੀ ਵਜਾ ਕੇ ਭਜਨ ਵਗੈਰਾ ਗਾ ਕੇ ਕੰਮ ਕਰਦੇ ਸਨ ਪਰ ਅੱਜ ਕੱਲ ਉਹਨਾਂ ਧਰਮ ਦੀ ਆੜ ਲਈ ਹੈ। ਟੀ. ਵੀ ਦਾ ਸਹਾਰਾ ਲਿਆ ਹੈ। ਕਾਫੀ ਵੱਡਾ ਪੈਸਿਆਂ ਦਾ ਨੈਟਵਰਕ ਹੈ। ਜੋ ਮੈਨੂੰ ਲੱਗਦਾ ਹੈ ਕਿ ਤਰਕਸ਼ੀਲਾ ਦੀ ਪਹੁੰਚ ਤੋਂ ਬਾਹਰ ਹੈ। ਪਹਿਲਾਂ ਜਿੱਥੇ ਬਾਬੇ ਭਸਮ ਕਰਨ ਦੀਆਂ ਧਮਕੀਆਂ ਦਿੰਦੇ ਸਨ ਹੁਣ ਉਹ ਗੱਲ ਕਰਨ ਦੇ ਮਿੰਨਤ ਤਰਲਾ ਹੀ ਕਰਦੇ ਨੇ ਕਿ ਕੋਈ ਕੰਮ ਨੀ ਚੱਲਦਾ ਬੱਚੇ ਪਾਲਣੇ ਹਨ। ਕੀ ਕਰੀਏ! ਇਹ ਹੈ ਫਰਕ ਜੋ ਮੈਨੂੰ ਮਹਿਸੂਸ ਹੋਇਆ। **-ਲਖਵਿੰਦਰ ਹਾਲੀ** ਮੋਬਾ: 98761-63421

# ਸੰਸਾਰ ਦੀ ਸਭ ਤੋਂ ਵੱਡੀ ਖੋਜ਼

**ਹਰਦਿਆਲ ਸਿੰਘ**

ਪ੍ਰੰਪਰਾਗਤ ਖੋਜ਼ਾਂ ਦਾ ਸਿਲਸਿਲਾ ਇੱਕ ਮਹਾਨ ਫਿਲਾਸਫਰ ਅਰਸਤੂ ਤੋਂ ਸ਼ੁਰੂ ਹੋਇਆ ਅਤੇ ਨਿਊਟਨ ਦੇ ਸਮੇਂ ਤੋਂ ਇਸ ਵਿੱਚ ਤੇਜ਼ੀ ਆਈ। ਪਰ ਜਿਸ "ਸਭ ਤੋਂ ਵੱਡੀ ਖੋਜ਼" ਦੀ ਮੈਂ ਗੱਲ ਕਰ ਰਿਹਾ ਹਾਂ ਉਹ ਹੈ ਪਰਮਾਤਮਾ ਦੀ ਖੋਜ! ਇਸ ਹਸਤੀ ਦੀ ਖੋਜ ਨੂੰ ਮਨੁੱਖ ਲੱਖਾਂ ਸਾਲਾਂ ਤੋਂ ਕਰਦਾ ਆ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਉਹ ਇਸ ਵਿੱਚ ਸਫਲ ਨਹੀਂ ਹੋਇਆ। ਸਿੱਧੀ ਜਿਹੀ ਗੱਲ ਹੈ ਕਿ ਸਫ਼ਲ ਤਾਂ ਉਹ ਤਾਂ ਹੀ ਹੋਵੇ ਜੇ ਕਰ ਇਸ ਤਰ੍ਹਾਂ ਦੀ ਕਿਸੇ ਹਸਤੀ ਦੀ ਹੋਂਦ ਹੋਵੇ। ਇਹ ਐਵੇਂ ਕਲਪਣਾ ਮਾਤਰ ਹੀ ਯਤਨ ਹੈ।

ਵਰਤਮਾਨ ਸਮੇਂ ਵਿੱਚ ਵਿਗਿਆਨੀਆਂ ਨੇ 'ਪਰਮਾਤਮਾ ਕਣ' ਲੱਭਿਆ ਹੈ ਪਰ ਇਹ ਕਣ ਪੱਕੀ ਤਰ੍ਹਾਂ ਸਥਾਪਿਤ ਨਹੀਂ ਹੋ ਸਕਿਆ। ਭੁਲੇਖਾ ਪਾਊ ਖੋਜ਼ ਹੈ। ਜੇਕਰ ਮੰਨ ਵੀ ਲਿਆ ਜਾਵੇ ਕਿ ਇਹ ਮੁੱਢਲਾ ਕਣ ਹੈ ਤਾਂ ਇਸ ਨੂੰ ਹੀ ਪਰਮਾਤਮਾ ਸਮਝ ਲੈਣਾ ਚਾਹੀਦਾ ਹੈ ਕਿਉਂਕਿ ਇਹ ਕਣ ਮਿਲਕੇ, ਅੱਗੇ ਭੌਤਿਕ, ਰਸਾਇਣਕ ਅਤੇ ਬਾਇਓ ਜੀਵਨ ਕ੍ਰਿਆਵਾਂ ਰਾਹੀਂ ਹੀ ਜੀਵ-ਜੰਤੂ ਹੋਂਦ ਵਿੱਚ ਆਏ।

ਇਹ ਗੱਲ ਬਿਲਕੁੱਲ ਸਾਫ ਹੈ ਕਿ ਰੱਬ ਵਰਗੀ ਕੋਈ ਹਸਤੀ ਦੀ ਹੋਂਦ ਨਹੀਂ ਹੈ। ਇਸ ਹਸਤੀ ਨੂੰ ਮੰਨਣ ਵਾਲੇ ਲੋਕ ਸਿਰਫ ਭੁਲੇਖਾ ਹੀ ਪਾਲ ਰਹੇ ਹਨ। ਇਹ ਪਤਾ ਉਨ੍ਹਾਂ ਨੂੰ ਵੀ ਹੈ ਕਿ ਪਰਮਾਤਮਾ ਨਹੀਂ ਹੈ ਪਰ ਉਹ ਕਿਸੇ ਮਤਲਬ ਹਿੱਤ ਹੀ ਇਸ ਪ੍ਰੰਪਗ ਨੂੰ ਮੰਨੀ ਜਾ ਰਹੇ ਹਨ। ਇੱਕ ਵਾਰ ਅਸੀਂ ਇੱਕ ਸੰਤ ਜੀ ਨੂੰ ਹੱਸਦੇ-ਹੱਸਦੇ ਪੁੱਛ ਬੈਠੇ ਕਿ ਸੰਤ ਜੀ ਤੁਸੀਂ ਦਿਨ ਰਾਤ ਪਰਮਾਤਮਾਂ ਦਾ ਨਾਂ ਜੱਪਦੇ ਹੋ। ਕੀ ਕਦੇ ਰੱਬ ਵਰਗੀ ਹੱਸਤੀ ਦੇ ਦਰਸ਼ਨ ਹੋਏ ਹਨ? ਉਹ ਵੀ ਹੱਸਕੇ ਆਖਣ ਲੱਗੇ ਕਿ ਜੇਕਰ ਸੱਚ ਦੱਸਿਆ ਜਾਵੇ ਪਰਮਾਤਮਾ ਦੇ ਕੋਈ ਦਰਸ਼ਨ ਨਹੀਂ ਹੋਏ। ਦੇਖੋ ਦੇਖੀ ਨਾਮ ਜਪੀ ਜਾ ਰਹੇ ਹਾਂ।

ਮੈਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਨਾਮ ਜੱਪਣਾ, ਵਾਰ-ਵਾਰ ਇੱਕੋ ਪਾਠ ਕਰਦੇ ਰਹਿਣਾ ਅਤੇ ਇਸ ਤੇ ਅਮਲ ਨਾ ਕਰਨਾ ਇੱਕ ਵੇਹਲੀ ਬੈਠ ਕੇ ਖਾਣ ਦਾ ਢੰਗ ਹੀ ਹੈ। ਮਨੁੱਖ ਸੁਭਾਅ ਪੱਖੋਂ ਦੋ ਤਰ੍ਹਾਂ ਦੇ ਹੁੰਦੇ ਹਨ ਇੱਕ ਹੱਡ ਰੱਖ ਅਤੇ ਦੂਜਾ ਮਹਿਨਤੀ। ਸੋ ਇਹ ਵੀ ਹੱਡ-ਰੱਖਾਂ ਦੀ ਵੇਹਲੀ ਬੈਠ ਕੇ ਖਾਣ ਦੀ ਇੱਕ ਖੋਜ਼ ਹੀ ਹੈ। ਇਹ ਇੱਕ ਢੰਗ ਹੀ ਹੈ ਕਿ ਮਹਿਨਤਕਸ਼ਾਂ ਦੀ ਕਮਾਈ ਨਾਲ ਆਪ ਵੇਹਲੇ ਬੈਠ ਕੇ ਕਿਵੇਂ ਖਾਧਾ ਪੀਤਾ ਜਾਵੇ।

ਰਾਬਿੰਦਰਾ ਨਾਥ ਟੈਗੋਰ ਨੇ ਗੀਤਾਂਜਲੀ ਪੁਸਤਕ (ਜਿਸ ਤੇ ਉਸ ਨੂੰ ਨੋਬਿਲ ਇਨਾਮ ਮਿਲਿਆ) ਵਿੱਚ ਇੱਕ ਕਵਿਤਾ ਵਿੱਚ ਇਹ ਸ਼ਬਦ ਲਿਖੇ ਸਨ ਕਿ ਪਰਮਾਤਮਾਂ ਕਿਸੇ ਧਾਰਮਿਕ ਸਥਾਨ ਤੇ ਨਹੀਂ ਮਿਲੇਗਾ। ਇਹ ਤਾਂ ਉਸ ਥਾਂ ਤੇ ਮਿਲੇਗਾ ਜਿੱਥੇ ਮਜਦੂਰ ਸੜਕਾਂ ਤੇ ਕੰਮ ਕਰਦੇ ਹਨ। ਜਿੱਥੇ ਕਿਸਾਨ ਮਜਦੂਰ ਖੇਤਾਂ ਵਿੱਚ ਕੰਮ ਕਰਦੇ ਹਨ।

ਮੇਰਾ ਵਿਚਾਰ ਹੈ ਕਿ ਪੂਜਾ-ਪਾਠ ਕਰਨਾ ਸਿਰਫ ਸਮਾਂ ਖਰਾਬ ਕਰਨਾਂ ਹੀ ਹੈ। ਏਹੀ ਸਮਾਂ ਕੋਈ ਸਮਾਜਿਕ ਕੰਮ ਕਰਕੇ ਗੁਜਾਰਨਾ ਚਾਹੀਂਦਾ ਹੈ। ਜਾਂ ਕੋਈ ਵਿਗਿਆਨਿਕ ਖੋਜ ਕਰਕੇ ਜਾਂ ਸਾਹਿਤ ਰਚਕੇ ਜਾਂ ਕੋਈ ਹੋਰ ਇਸੇ ਤਰ੍ਹਾਂ ਦੇ ਕੰਮ। ਮੇਰਾ ਖਿਆਲ ਹੈ ਕਿ ਪਾਠ-ਪੂਜਾ ਉਹ ਵਿਅਕਤੀ ਹੀ ਕਰਦਾ ਹੈ ਜਿਸ ਦਾ ਦਿਮਾਗ ਖਾਲੀ ਹੋਵੇ ਡਫ਼ਰ ਹੋਵੇ। ਕਿਉਂਕਿ ਤੇਜ ਦਿਮਾਗ ਵਾਲੇ ਵਿਅਕਤੀ ਦੇ ਦਿਮਾਗ ਵਿੱਚ ਕੋਈ ਨਾ ਕੋਈ ਖੋਜ ਵਾਲਾ ਕੰਮ ਚਲ ਰਿਹਾ ਹੋਵੇਗਾ। ਭਾਵੇਂ ਉਹ ਵਿਗਿਆਨਿਕ ਹੋਵੇ ਜਾਂ ਸਾਹਿਤਿਕ ਜਾਂ ਸਮਾਜਿਕ 120 ਅੰਕ (ਬੁੱਧੀ ਮਿਨਣ ਦਾ ਪੈਮਾਨਾ) ਵਾਲਾ ਕੋਈ ਵੀ ਵਿਅਕਤੀ ਪਰਮਾਤਮਾਂ ਦੀ ਹੋਂਦ ਨੂੰ ਨਹੀਂ ਮੰਨੇਗਾ। ਘੱਟ ਅੰਕ ਵਾਲੇ ਹੀ ਇਸ ਨੂੰ ਮੰਨਣਗੇ।

**ਜਦੋਂ ਧਰਮਾਂ ਨਾਲ ਮੇਰੀ ਨਫਰਤ ਹੋਈ: -**

1947 ਈ: ਵਿੱਚ ਮੈਂ ਛੇਵੇ ਸਾਲ ਵਿੱਚ ਸੀ। ਫਿਰਕੂ ਦੰਗੇ ਜੋਰਾਂ ਤੇ ਸਨ। ਸਾਡਾ ਪਿੰਡ ਮਾਲੇਰਕੋਟਲਾ ਰਿਆਸਤ ਵਿੱਚ ਸੀ ਜਿੱਥੇ ਮੁਸਲਮਾਨਾਂ ਦੀ ਗਿਣਤੀ ਕਾਫ਼ੀ ਹੈ। ਅਸੀਂ ਪਿੰਡ ਛੱਡਕੇ ਪਟਿਆਲਾ ਰਿਆਸਤ ਦੇ ਪਿੰਡ ਚਲੇ ਗਏ ਸੀ ਕਿਉਂਕਿ ਮਾਲੇਰਕੋਟਲਾ ਵਿੱਚ ਗੜਬੜ ਹੋਣ ਦਾ ਡਰ ਸੀ। ਜਿਸ ਦਿਨ ਅਸੀਂ ਪਟਿਆਲਾ ਰਿਆਸਤ ਦੇ ਇੱਕ ਪਿੰਡ ਵਿੱਚ ਪਹੁੰਚੇ ਸ਼ਾਮ ਦੇ ਸਮੇਂ ਪਟਿਆਲਾ ਦੀ ਮਿਲਟਰੀ ਨੇ ਮੁਸਲਮਾਨਾਂ ਦੇ ਇੱਕ ਵੱਡੇ ਕਾਫਲੇ ਤੇ ਹਮਲਾ ਕਰ ਦਿੱਤਾ। ਕੱਟ ਵੱਡ ਕਰਕੇ ਤੁਰਦੇ ਬਣੇ। ਮਿਲਟਰੀ ਦੇ ਜਾਣ ਤੋਂ ਕੁਝ ਸਮੇਂ ਪਿਛੋਂ ਸਾਰਾ ਪਿੰਡ ਉਸ ਕਾਫਲੇ ਨੂੰ ਵੇਖਣ ਚਲਾ ਗਿਆ। ਜਿਸ ਵਿੱਚ ਮੈਂ ਵੀ ਅਪਣੇ ਪਿਤਾ ਜੀ ਨਾਲ ਸੀ। ਲੋਥਾਂ ਦੀ ਘੜਮੱਸ ਵਿੱਚ ਇੱਕ ਥਾਂ ਇੱਕ ਔਰਤ ਮਰੀ ਪਈ ਹੈ ਅਤੇ ਉਸ ਦਾ ਸਾਲ ਦਾ ਬੱਚਾ ਉਸ ਉਪਰ ਪਿਆ ਰੋ ਰਿਹਾ ਹੈ। ਮੈਂ ਭਾਵੇਂ ਛੋਟੀ ਉਮਰ ਵਿੱਚ ਹੀ ਸੀ ਪਰ ਇਹ ਮੇਰੇ ਕੋਲੋਂ ਵੇਖ ਨਹੀਂ ਹੋਇਆ, ਨਾ ਹੀ ਪਿਤਾ ਕੋਲੋਂ। ਅਸੀਂ ਤੁਰੰਤ ਘਰ ਮੁੜ ਘਾਏ। ਇਹ ਘਟਨਾ ਮੈਨੂੰ ਸਾਰੀ ਉਮਰ ਚੇਤੇ ਰਹੀ ਅਤੇ ਮੈਂ ਇਹ ਸੋਚਣ ਲੱਗ ਪਿਆ ਕਿ ਇਹ ਘਟਨਾ ਕਿਉਂ ਵਾਪਰੀ? ਸੋ ਸਮੇਂ ਨਾਲ ਇਹ ਗੱਲ ਸਪਸ਼ਟ ਹੋ ਗਈ ਕਿ ਇਹ ਸਭ ਧਰਮਾਂ ਕਾਰਨ ਹੀ ਵਾਪਰੀ। 1947 ਵਿੱਚ 10 ਲੱਖ ਦੇ ਲੱਗਭਗ ਲੋਕ ਕਤਲ ਹੋਏ ਸਨ। ਹੁਣ ਵੀ ਧਰਮ ਕਾਰਨ ਹੀ ਕਸ਼ਮੀਰ ਵਿੱਚ ਅਤੇ ਦੁਨੀਆਂ ਦੇ ਹੋਰ ਥਾਵਾਂ ਤੇ ਕਤਲੇ ਆਮ ਹੋ ਰਿਹਾ ਹੈ। ਇਹ ਸਹਿਜ ਵਿੱਚ ਸਮਝ ਆਉਣ ਵਾਲੀ ਗੱਲ ਹੈ ਕਿ ਜੋ ਚੀਜ਼ ਐਨਾ ਨੁਕਸਾਨ ਕਰ ਰਹੀ ਹੈ ਉਸ ਦੀ ਕੀ ਸਾਰਥਕਾ ਰਹਿ ਜਾਂਦੀ ਹੈ? ਧਰਮਾਂ ਦੀ ਥਿਊਰੀ ਬੇ ਹਿਸਾਬ ਗਲਤ ਹੈ। ਇਸਨੇ ਲੋਕਾਂ ਨੂੰ ਵੱਡੇ-ਛੋਟੇ ਦਾਰਿਆਂ ਵਿੱਚ ਵੰਡਕੇ ਆਪਸ ਵਿੱਚ ਲੜਣ ਲਈ ਛੱਡ ਦਿਤਾ ਹੈ।

ਜੇ ਕਰ ਇਹ ਸੋਚਿਆ ਜਾਵੇ ਕਿ ਕੀ ਧਰਮ ਸਾਰਥਿਕ ਹਨ?- ਇਸ ਦਾ ਉੱਤਰ ਨਾ ਵਿੱਚ ਆਏਗਾ। ਕਿਉਂਕਿ ਇਹ ਧਰਮ ਭਾਰਤ ਵਿੱਚ ਸਭ ਦੁਨੀਆਂ ਨਾਲੋਂ ਵੱਧ ਹਨ ਅਤੇ ਹੇਰਾ ਫੇਰੀਆਂ, ਭਰਿਸ਼ਟਾਚਾਰ ਅਤੇ ਹੋਰ ਘਟੀਆਂ ਕਦਰਾਂ ਕੀਮਤਾਂ ਵੀ ਐਥੇ ਹੀ ਵੱਧ ਹਨ। ਸੋ ਧਰਮਾਂ ਦਾ ਕੀ ਪ੍ਰਭਾਵ ਹੋਇਆ? ਦਿਨ-ਰਾਤ ਪਾਠ ਕਰਨ, ਧਾਰਮਿਕ ਗ੍ਰੰਥ ਪੜ੍ਹਣ ਅਤੇ ਹੋਰ ਧਾਰਮਿਕ ਅਡੰਬਰ ਕਰਨ ਵਿੱਚ ਲੱਗੇ ਹੋਏ ਹਾਂ। ਅਪਣਾ ਕੀਮਤੀ ਸਮਾ ਨਸ਼ਟ ਕਰ ਰਹੇ ਹਾਂ ਅਤੇ ਨਤੀਜਾਂ ਸਿਫ਼ਰ ਨਿਕਲਿਆ।

ਮੇਰੇ ਧਿਆਨ ਵਿੱਚ ਐਨੇ ਗ੍ਰੰਥ ਪੜ੍ਹਣ ਦੀ ਵਜਾਏ ਜੇਕਰ ਇਕੋ ਸ਼ਬਦ ਨੂੰ ਅਪਣਾ ਲਿਆ ਜਾਵੇ ਤਾਂ ਹਰ ਮਨੁੱਖੀ ਗੁਣ ਉਸ ਵਿੱਚ ਆ ਸਕਦਾ ਹੈ। ਇਸੇ ਸਬਦ ਵਿੱਚ ਸਾਰੇ ਗ੍ਰੰਥ ਸਮਾਏ ਹੋਏ ਹਨ। ਉਹ ਸ਼ਬਦ ਹੈ "ਸੱਚ"। ਇਹ ਸ਼ਬਦ ਹਰ ਪਾਠ ਪੂਜਾ ਜਾਂ ਗ੍ਰੰਥ ਪੜ੍ਹਣ ਦੀ ਬਿਲਕੁਲ ਲੋੜ ਨਹੀਂ। ਅਪਣਾ ਕੀਮਤੀ ਸਮਾਂ ਬਚਾਕੇ ਕਿਸੇ ਸਾਰਥਿਕ ਕੰਮ ਵਿੱਚ ਲਗਾਇਆ ਜਾਵੇ। "ਸੱਚ" ਸ਼ਬਦ ਹਰ ਸਮੇਂ ਨਾਲ ਰੱਖਿਆ ਜਾਵੇ। ਇਸੇ ਨਾਲ ਉੱਚ ਮਾਣੇ ਦਾ ਮਨੁੱਖ ਬਣਿਆ ਜਾ ਸਕਦਾ ਹੈ।


## ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 100/-
✪ ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

# ਕੀ ਮਨੁੱਖ ਜੂਨੀ ਸੱਚਮੁੱਚ ਉੱਤਮ ਜੂਨੀ ਹੈ ?

– ਸੁਖਮਿੰਦਰ ਬਾਗ਼ੀ,
ਮੋਬਾ: 9173-94805

ਭਾਰਤ ਵਿੱਚ ਇਹ ਆਮ ਹੀ ਕਿਹਾ ਜਾਂਦਾ ਹੈ ਕਿ ਇਸ ਧਰਤੀ ਤੇ 84 ਲੱਖ ਜੂਨੀਆਂ ਹਨ ਅਤੇ 33 ਕਰੋੜ ਦੇਵੀ ਦੇਵਤੇ ਹਨ। ਨਾਂ ਤਾਂ ਅੱਜ ਤੱਕ ਜੂਨੀਆਂ ਅਤੇ ਨਾ ਹੀ ਦੇਵੀ ਦੇਵਤਿਆਂ ਬਾਰੇ ਕੋਈ ਕਿਤਾਬ ਛਪੀ ਹੈ ਅਤੇ ਨਾ ਹੀ ਛਪਣ ਦੀ ਆਸ ਕੀਤੀ ਜਾ ਸਕਦੀ ਹੈ। ਕੀ ਇਨ੍ਹਾਂ ਜੂਨੀਆਂ ਤੇ ਦੇਵੀ ਦੇਵਤਿਆਂ ਦੇ ਨਾਵਾਂ ਦੀ ਕੋਈ ਡਿਕਸ਼ਨਰੀ ਛਪ ਸਕੇਗੀ। ਜਿਸ ਤੋਂ ਇਸ ਬਾਰੇ ਜਾਣਿਆ ਜਾ ਸਕੇ ਕਿ ਇਹ ਸੱਚ ਹੈ ਜਾਂ ਸਿਰਫ ਕੋਈ ਕਲਪਨਾ ਹੈ। ਫਿਰ ਵੀ ਜੇਕਰ ਇਹ ਸੱਚ ਮੰਨ ਵੀ ਲਿਆ ਜਾਵੇ ਕਿ ਇੰਨੀਆਂ ਜੂਨੀਆਂ ਹੋ ਸਕਦੀਆਂ ਹਨ ਤੇ ਇਨ੍ਹਾਂ ਜੂਨੀਆਂ ਵਿਚੋਂ ਮਨੁੱਖ ਜੂਨੀ ਸਭ ਤੋਂ ਉੱਤਮ ਜੂਨੀ ਹੈ ਤਾਂ ਕੁੱਝ ਸਵਾਲਾਂ ਦੇ ਜਵਾਬ ਤਾਂ ਉਨ੍ਹਾਂ ਨੂੰ ਦੇਣੇ ਹੀ ਪੈਣੇ ਹਨ ਜੋ ਅਕਸਰ ਹੀ ਆਪਣੇ ਭਾਸ਼ਣਾਂ, ਉਪਦੇਸ਼ਾਂ ਵਿੱਚ ਇਸ ਉੱਤਮ ਜੂਨੀ ਬਾਰੇ ਗੁਣਗਾਣ ਕਰਦੇ ਰਹਿੰਦੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਮਨੁੱਖ ਨੇ ਆਪਣੀਆਂ ਪਿਛਲੀਆਂ ਜੂਨੀਆਂ 'ਚ ਕੋਈ ਚੰਗਾ ਕਰਮ ਕੀਤਾ ਹੈ ਇਸੇ ਕਰਕੇ ਹੀ ਉਸਨੇ ਉੱਤਮ ਜੂਨੀ ਮਨੁੱਖ ਜੂਨੀ 'ਚ ਜਨਮ ਲਿਆ ਹੈ ਸੋਚਣ ਵਾਲੀ ਗੱਲ ਹੈ ਕਿ ਜੇਕਰ ਮਨੁੱਖ ਨੇ ਚੰਗੇ ਕਰਮ ਕੀਤੇ ਸਨ ਤਾਂ ਹੀ ਉਸ ਨੂੰ ਦੂਜੀਆਂ ਜੂਨੀਆਂ ਤੋਂ ਛੁਟਕਾਰਾ ਮਿਲ ਗਿਆ ਹੈ। ਮਾਫ ਕਰਨਾ ਕੁਝ ਸ਼ਬਦ ਤੁਹਾਨੂੰ ਅਟਪਟੇ ਜ਼ਰੂਰ ਲੱਗਣਗੇ। ਫਿਰ ਇਸ ਉੱਤਮ ਜੂਨੀ ਵਿੱਚ ਪੈਦਾ ਹੋਏ ਮਨੁੱਖ ਅੰਨ੍ਹੇ, ਕਾਣੇ, ਲੂਲੇ-ਲੰਗੜੇ, ਮਾਨਸਿਕ ਰੋਗੀ ਅਤੇ ਮੰਗਤੇ ਦੇ ਰੂਪ 'ਚ ਕਿਉਂ ਪੈਦਾ ਹੋਏ। ਉਹ ਰਿਸ਼ਟ-ਪੁਸ਼ਟ ਕਿਉਂ ਨਹੀਂ ਪੈਦਾ ਹੋਏ। ਕੀ ਕੁੱਤੇ ਦੀ ਜੂਨੀ ਉੱਤਮ ਹੈ ਜਿਹੜਾ ਮਹਿੰਗੀਆਂ ਕਾਰਾਂ 'ਚ ਝੂਟੇ ਲੈਂਦਾ ਹੈ। ਸ਼ਾਹੀ ਖਾਣੇ ਖਾਂਦਾ ਹੈ ਅਤੇ ਆਰਾਮਦਾਇਕ ਗੱਦਿਆਂ ਤੇ ਸੌਂਦਾ ਹੈ। ਇਹ ਤੁਸੀਂ ਆਪਣੀਆਂ ਅੱਖਾਂ ਨਾਲ ਖੁਦ ਦੇਖ ਸਕਦੇ ਹੋ। ਪਰ ਉੱਤਮ ਜੂਨੀ 'ਚ ਜਨਮਿਆਂ ਮਨੁੱਖ ਸੜਕਾਂ ਤੇ ਕੀੜਿਆਂ ਦੀ ਤਰ੍ਹਾਂ ਰੇਂਗਦਾ ਭੀਖ ਮੰਗਦਾ ਅਤੇ ਸੜੇ ਹੋਏ ਕੂੜੇ ਦੇ ਢੇਰਾਂ ਨੂੰ ਫਰੋਲਦਾ ਗੰਦ ਚੁੱਕਦਾ ਅਤੇ ਗੰਦੀਆਂ ਝੁੱਗੀਆਂ ਝੌਂਪੜੀਆਂ ਵਿੱਚ ਕਿਉਂ ਰਹਿੰਦਾ ਹੈ। ਕਹਿੰਦੇ ਹਨ ਕਿ ਦਾਤੀ ਦੇ ਇੱਕ ਪਾਸੇ ਦੰਦੇ ਹੁੰਦੇ ਹਨ ਪਰ ਮਨੁੱਖ ਜੂਨੀ 'ਚ ਜਨਮੇ ਉੱਤਮ ਮਨੁੱਖ ਦੇ ਤਾਂ ਦੋਨੋਂ ਪਾਸੇ ਦੰਦੇ ਹਨ। ਧਰਮ ਦੇ ਨਾਂ ਤੇ ਮਨੁੱਖ ਨੂੰ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਨਾਲ ਸਰਮਾਏਦਾਰ ਸਿਆਸਤਦਾਨ ਅਤੇ ਧਰਮ ਉਪਦੇਸ਼ਕ ਮਨੁੱਖ ਨਹੀਂ ਚਾਹੁੰਦੇ ਕਿ ਮਨੁੱਖ ਨੂੰ ਸੋਝੀ ਆਵੇ ਅਤੇ ਉਹ ਆਪਣੀ ਚੰਗੀ ਜ਼ਿੰਦਗੀ ਜਿਉਣੀ ਸਿੱਖ ਜਾਵੇ। ਮਨੁੱਖ ਤੇ ਆਈਆਂ ਬਿਪਤਾਵਾਂ ਉਨ੍ਹਾਂ ਦੀ ਗਰੀਬੀ ਬਾਰੇ ਉਨ੍ਹਾਂ ਦੇ ਪਿਛਲੇ ਕੀਤੇ ਕਰਮਾਂ ਦੀ ਦੁਹਾਈ ਦੇ ਕੇ ਮਨੁੱਖ ਨੂੰ ਔਝੜੇ ਰਾਹ ਪਾਇਆ ਜਾ ਰਿਹਾ ਹੈ। ਪਰ ਇਹ ਨਹੀਂ ਦੱਸਿਆ ਜਾ ਰਿਹਾ ਕਿ ਉਨ੍ਹਾਂ ਦੀ ਗਰੀਬੀ ਤੇ ਬਿਪਤਾਵਾਂ ਅਸਲ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੇ ਅਧਾਰਿਤ ਵਪਾਰ ਅਤੇ ਭ੍ਰਿਸ਼ਟਾਚਾਰ ਜਿਹੀਆਂ ਅਲਾਮਤਾਂ ਹਨ। ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਆਤਮਾ ਦੀ ਅਮਰਤਾ ਵਿੱਚ ਲਾ ਦਿਓ ਤੇ ਉਸ ਨੂੰ ਜਿਵੇਂ ਮਰਜੀ ਲੁੱਟੋਂ ਉਹ ਆਪਣੀ ਸਖਤ ਮਿਹਨਤ ਨਾਲ ਕੀਤੀ ਕਮਾਈ ਤੁਹਾਨੂੰ ਹੱਸ ਕੇ ਲੁਟਾਉਂਦਾ ਰਹੇਗਾ। ਧਾਰਮਿਕ ਉਪਦੇਸ਼ਕ ਮਾਇਆ ਨੂੰ ਨਾਗਣੀ ਦੱਸ ਕੇ ਖੁਦ ਆਪਣੀਆਂ ਜੇਬਾਂ ਮਾਇਆਂ ਨਾਲ ਭਰ ਰਹੇ ਹਨ ਅਤੇ ਲੋਕਾਂ ਦੀ ਆਸਥਾ ਦਾ ਨਜਾਇਜ਼ ਫਾਇਦਾ ਉਠਾ ਰਹੇ ਹਨ। ਉਪਰੀ ਨਜਰੇ ਵੇਖਿਆ ਜਾਵੇ ਤਾਂ ਉੱਤਮ ਜੂਨੀ ਵਿੱਚ ਪੈਂਦਾ ਹੋਇਆ ਮਨੁੱਖ ਹੀ ਮਨੁੱਖ ਦਾ ਦੁਸ਼ਮਣ ਬਣਿਆ ਹੋਇਆ ਹੈ। ਅੱਜ ਧਰਮ ਦੇ ਨਾਂ ਤੇ ਚਲਾਕ ਮਨੁੱਖ ਥਾਂ ਥਾਂ ਦੰਗੇ ਕਰਵਾ ਰਿਹਾ ਹੈ ਜਦੋਂ ਕਿ ਹੋਰ ਜੂਨੀਆਂ 'ਚ ਅਜਿਹਾ ਕੁੱਝ ਵੀ ਨਹੀਂ ਹੋ ਰਿਹਾ। ਜੇਕਰ ਮਨੁੱਖ ਦੀ ਉੱਤਮ ਜੂਨੀ ਤੋਂ ਬਿਨਾਂ ਕਿਸੇ ਜੂਨੀ 'ਚ ਅਜਿਹਾ ਹੋ ਰਿਹਾ ਹੈ ਤਾਂ ਬਿਨਾਂ ਝਿਜਕ ਦੱਸਿਆ ਜਾ ਸਕਦਾ ਹੈ। ਕਿਸੇ ਸਮੇਂ ਮਾਂ ਦਾ ਦਰਜਾ ਮਨੁੱਖ ਜੂਨੀ ਵਿੱਚ ਸਭ ਤੋਂ ਉਪਰ ਸੀ ਪਰ ਅੱਜ ਕੱਲ ਇਹ ਉੱਤਮ ਜੂਨੀ ਦੀਆਂ ਕਈ ਮਾਵਾਂ ਬੱਚਿਆਂ ਨੂੰ ਜਨਮ ਦੇਣ ਤੋਂ ਬਾਅਦ ਜਾਂ ਤਾਂ ਰੂੜੀਆਂ ਤੇ ਸੁੱਟ ਆਉਂਦੀਆਂ ਹਨ ਜਾਂ ਫਿਰ ਨਵੇਂ ਹੋਂਦ 'ਚ ਆਏ ਪੰਗੂੜਿਆਂ ਦੇ ਹਵਾਲੇ ਕਰ ਆਉਂਦੀਆਂ ਹਨ ਪਰ ਦੂਜੇ ਪਾਸੇ ਜੰਗਲ ਵਿੱਚ ਵਿਚਲੀਆਂ ਜਾਨਵਰ ਮਾਵਾਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਉਨ੍ਹਾਂ ਦੀ ਸ਼ਿਕਾਰੀ ਜਾਨਵਰਾਂ ਤੋਂ ਰੱਖਿਆ ਖਾਤਰ ਸ਼ਿਕਾਰੀ ਜਾਨਵਰਾਂ ਨਾਲ ਭਿੜ ਜਾਂਦੀਆਂ ਹਨ ਅਤੇ ਕਈ ਵਾਰ ਤਾਂ ਖੁਦ ਹੀ ਉਸ ਸ਼ਿਕਾਰੀ ਜਾਨਵਰ ਦਾ ਸ਼ਿਕਾਰ ਹੋ ਜਾਂਦੀਆਂ ਹਨ। ਫਿਰ ਤੁਸੀ ਕਿਸ ਮੂੰਹ ਨਾਲ ਮਨੁੱਖ ਜੂਨੀ ਨੂੰ ਉੱਤਮ ਜੂਨੀ ਮੰਨਦੇ ਹੋ। ਹਰੇਕ ਜੂਨੀ ਵਿੱਚ ਜੀਵਤ ਪ੍ਰਾਣੀ ਨੂੰ ਜਿਉਂਦੇ ਰਹਿਣ ਲਈ ਕੋਈ ਨਾ ਕੋਈ ਖੁਰਾਕ ਚਾਹੀਦੀ ਹੈ। ਸ਼ੇਰ ਉੱਤਮ ਜੂਨੀ ਨਹੀਂ ਫਿਰ ਵੀ ਉਹ ਉਨਾਂ ਚਿਰ ਹੋਰ ਜਾਨਵਰਾਂ ਦਾ ਸ਼ਿਕਾਰ ਨਹੀਂ ਕਰਦਾ ਜਿੰਨਾਂ ਚਿਰ ਤੱਕ ਉਹ ਰੱਜਿਆ ਹੋਇਆ ਹੁੰਦਾ ਹੈ। ਸ਼ੇਰ ਭੁੱਖੇ ਹੋਣ ਤੇ ਵੀ ਸ਼ੇਰ ਦਾ ਸ਼ਿਕਾਰ ਨਹੀਂ ਕਰਦਾ, ਉਹ ਸ਼ਿਕਾਰ ਆਪਣੀ ਖੁਰਾਕ ਲਈ ਦੂਜੇ ਜਾਨਵਰ ਨੂੰ ਮਾਰਦਾ ਹੈ। ਪਰ ਮਨੁੱਖ ਤਾਂ ਰੱਜਿਆ ਹੋਣ ਦੇ ਬਾਵਜੂਦ ਗੱਦੀਆਂ ਤੇ ਕਬਜ਼ਾ ਕਰਨ ਅਤੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਮਨੁੱਖ ਹੀ ਮਨੁੱਖ ਦਾ ਖ਼ੂਨ ਕਰਦਾ ਅਤੇ ਕਰਵਾਉਂਦਾ। ਅਸੀਂ ਅੱਖੀਂ ਦੇਖ ਸਕਦੇ ਹਾਂ। ਅੱਜ ਇਸ ਉੱਤਮ ਜੂਨੀ 'ਚ ਜਨਮੇ ਮਨੁੱਖ ਦੀ ਹੜ੍ਹਾ 'ਚ ਰੁੜਦੇ ਦੀ ਦੁਰਦਸ਼ਾ, ਇੱਕ ਦੇਸ਼ ਵੱਲੋਂ ਦੂਜੇ ਦੇਸ਼ ਤੇ ਕਬਜ਼ਾ ਕਰਨ ਲਈ ਤੋਪਾਂ, ਟੈਂਕਾਂ, ਬੰਬਾਰ ਜ਼ਹਾਜਾਂ ਨਾਲ ਹਮਲੇ, ਪਸ਼ੂਆਂ ਦੇ ਖਾਣ ਲਈ ਚਾਰਾ ਘੁਟਾਲੇ ਅਤੇ ਕੁਦਰਤੀ ਨੇਹਮਤਾਂ ਦੀ ਲੁੱਟ ਕਰਕੇ ਸਪਕੈਟ੍ਰਮ ਘੁਟਾਲੇ, ਸੜਕਾਂ ਰੇਤਾ ਬਜਰੀ ਆਦਿ ਜਿਹੇ ਘੁਟਾਲੇ ਕਰਦੇ ਸਰਮਾਏਦਾਰ ਅਤੇ ਸਿਆਸਤਦਾਨ ਆਮ ਹੀ ਦੇਖੇ ਜਾ ਸਕਦੇ ਹਨ। ਇਸ ਉੱਤਮ ਜੂਨੀ ਵਿੱਚ ਜਨਮੇ ਮਨੁੱਖ ਦੇ ਵਹਿਸ਼ੀ ਕਾਰਿਆਂ ਦੀਆਂ ਖ਼ਬਰਾਂ ਅਸੀਂ ਦਿਨ ਰਾਤ ਟੈਲੀਵਿਜ਼ਨਾਂ ਤੇ ਵੇਖਦੇ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਹਰ ਰੋਜ਼ ਪੜ੍ਹਦੇ ਹਾਂ। ਫਿਰ ਵੀ ਅਸੀਂ ਚੁੱਪ ਹਾਂ ਕਿਉਂਕਿ ਇਹ ਅਖਾਣ ਬਿਲਕੁਲ ਸੱਚ ਸਾਬਤ ਕਰ ਰਹੇ ਹਾਂ ਕਿ "ਆਪਣੇ ਘਰ ਨੂੰ ਲੱਗੀ ਅੱਗ ਹੈ ਅਤੇ ਦੂਜੇ ਦੇ ਘਰ ਲੱਗੀ ਬਸੰਤਰ" ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਮਨੁੱਖ ਜੂਨੀ ਨੂੰ ਸਭ ਤੋਂ ਉੱਤਮ ਜੂਨੀ ਕਿਹਾ ਜਾ ਰਿਹਾ ਹੈ ਮੈ ਕਦੇ ਵੀ ਇਸ ਜੂਨੀ ਵਿੱਚ ਜਨਮ ਲੈਣ ਦਾ ਚਾਹਵਾਨ ਨਹੀਂ ਹਾਂ। ਕਿਉਂਕਿ ਜਿਸ ਜੂਨੀ ਵਿੱਚ ਸੱਚ ਨੂੰ ਸੱਚ ਕਹਿਣ ਵਾਲਾ ਜੇਲਾਂ ਵਿਚ ਡੱਕਿਆਂ ਜਾ ਰਿਹਾ ਹੋਵੇ ਅਤੇ ਝੂਠ ਫੈਲਾਉਣ ਤੇ ਝੂਠ ਦੀ ਖੱਟੀ ਖਾਣ ਵਾਲੇ ਮਨੁੱਖ ਧਾਰਮਿਕ ਮੁਖੌਟੇ ਧਾਰਨ ਕਰਕੇ ਐਸ਼ ਕਰ ਰਹੇ ਹੋਣ ਉਸ ਜੂਨੀ 'ਚ ਪੈਦਾ ਹੋਣ ਨਾਲੋਂ ਤਾਂ ਹੋਰ ਅਨੇਕਾਂ ਜੂਨੀਆਂ ਹਨ ਜਿਨ੍ਹਾਂ 'ਚ ਬੜੀ ਵਧੀਆਂ ਜ਼ਿੰਦਗੀ ਗੁਜ਼ਾਰੀ ਜਾ ਸਕਦੀ ਹੈ। ਅੱਜ ਹਰੇਕ ਧਰਮ ਵਿੱਚ ਉੱਤਮ ਜੂਨੀ ਨੇ ਮੈਂ (ਹਉਮੈ) ਭਾਰੀ ਕਰ ਦਿੱਤੀ ਹੈ। ਮਨੁੱਖ ਨੂੰ ਧਰਮਾਂ ਦੇ ਨਾਂ ਤੇ ਤਾਂ ਲੜਾਇਆਂ ਜਾ ਰਿਹਾ ਸੀ ਹੁਣ ਤਾਂ ਜਾਨਵਰਾਂ, ਥਾਵਾਂ, ਸ਼ਹਿਰਾਂ ਇਥੋਂ ਤੱਕ ਕਿ ਨਦੀ ਨਾਲਿਆਂ ਦੇ ਪਾਣੀਆਂ ਤੇ ਵੀ ਧਰਮ ਦੀ ਰੰਗਤ ਚਾੜ੍ਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਅਕਸਰ ਹੀ ਕਿਹਾ ਜਾਂਦਾ ਹੈ ਕਿ ਧਰਮ ਜੋੜਦਾ ਹੈ ਤੋੜਦਾ ਨਹੀਂ। ਇਸ ਜੋੜਨ ਅਤੇ ਤੋੜਨ ਦੀ ਉਦਾਹਰਣ ਵੇਖੋ। ਮੈਂ ਹਿੰਦੂ, ਤੂੰ ਸਿੱਖ, ਆਹ ਮੁਸਲਮਾਨ ਅਤੇ ਔਹ ਈਸਾਈ ਦੇ ਮੁਖੌਟੇ ਪਾ ਕੇ ਮਨੁੱਖ ਨੂੰ ਮਨੁੱਖ ਨਾਲ ਲੜਾਇਆ ਜਾ ਰਿਹਾ ਹੈ। ਅਸੀਂ ਸਾਰੇ 'ਇਨਸਾਨ' ਹਾਂ ਕੋਈ ਨਹੀਂ ਕਹਿੰਦਾ- ਅਜੇ ਵੀ ਵੇਲਾ ਹੈ ਜੇਕਰ ਤੁਸੀਂ ਮਨੁੱਖ ਨੂੰ ਸੱਚ ਮੁੱਚ ਉੱਤਮ ਜੂਨੀ ਦਾ ਦਰਜਾ ਦਿੱਤਾ ਹੈ ਤਾਂ ਇਹ ਜਾਤਾਂ ਪਾਤਾਂ, ਗੋਤਾਂ, ਧਰਮਾਂ ਅਤੇ ਧਰਤੀ ਤੇ ਖਿਚੀਆਂ ਦੇਸ਼ ਪ੍ਰਦੇਸ਼ਾਂ ਦੀਆਂ ਸਰਹੱਦਾਂ ਨੂੰ ਢਾਹ ਕੇ ਮਨੁੱਖਤਾ ਅਤੇ ਸਾਂਝੀਵਾਲਤਾ ਦਾ ਸਬੂਤ ਦਿਓ। ਜੀਓ ਅਤੇ ਜੀਊਣ ਦਿਓ ਦੇ ਸਿਧਾਂਤ ਤੇ ਆਪ ਵੀ ਅਮਲ ਕਰੋ ਤੇ ਦੂਜਿਆਂ ਨੂੰ ਵੀ ਅਮਲ ਕਰਨ ਦੀ ਸਿੱਖਿਆ ਦਿਓ।



# ..ਤੇ ਫਿਰ "ਪੂਜਾ" ਈਸਾਈ-ਪਾਦਰੀ ਦੀ ਲੁੱਟ ਤੋਂ ਬਚਣ ਲਈ 'ਚਰਚ ਜਾਣੋ ਹਟ ਗਈ



22 ਸਾਲ ਦੀ 'ਪੂਜਾ' ਮੇਰੇ ਆਪਣੇ ਹੀ ਰਿਸ਼ਤੇਦਾਰਾਂ ਦੀ ਕੁੜੀ ਹੈ ਜੋ ਕਾਲਜ 'ਚ ਬੀ. ਏ. ਦੀ ਪੜ੍ਹਾਈ ਕਰਨ ਤੋਂ ਬਾਦ ਐਮ. ਏ. ਕਰਨ ਜਾ ਰਹੀ ਸੀ, ਰਿਸ਼ਤੇਦਾਰੀ ਹੋਣ ਕਾਰਨ ਜਦੋਂ ਮੈਂ ਪਹਿਲੀ ਵਾਰ ਇਨ੍ਹਾਂ ਦੇ ਘਰ 13 ਸਤੰਬਰ 2004 ਨੂੰ ਮਿਲਣ ਲਈ ਪਿੰਡ 'ਬੇਗੋਵਾਲ' ਗਿਆ ਤਾਂ ਇਹ 4-5 ਸਾਲ ਦੀ ਛੋਟੀ ਬੱਚੀ ਸੀ। ਉਦੋਂ ਤੋਂ ਹੀ ਇਹ ਆਪਣੇ ਘਰਦਿਆਂ ਦੀ ਅਗਿਆਨਤਾ, ਮੂਰਖਤਾ ਤੇ ਲਾਈ ਲਗਤਾ ਕਾਰਨ, ਉਨ੍ਹਾਂ ਦੇ ਨਾਲ ਹੀ ਪਿੰਡ ਦੇ ਇੱਕ 'ਈਸਾਈ-ਪਾਦਰੀ' (ਪਾਸ਼ਟਰ) ਦੇ ਲੁੱਟ-ਖਸੁੱਟ ਵਾਲੇ ਮੱਕੜ-ਜਾਲ 'ਚ ਬੁਰੀ ਤਰਾਂ ਜਾ ਫਸੀ ਸੀ। ਇਹ ਆਪਣੀਆਂ ਬਾਕੀ ਪੰਜ ਭੈਣਾਂ ਤੇ ਇੱਕ ਭਰਾ 'ਚੋਂ ਸਭ ਤੋਂ ਛੋਟੀ 'ਛੇਵੀਂ' ਕੁੜੀ ਸੀ। ...... ਉਨ੍ਹਾਂ ਦਿਨਾਂ 'ਚ ਇਨ੍ਹਾਂ ਦਾ ਪਿਤਾ ਬਾਹਰ (ਵਿਦੇਸ਼) ਗਿਆ ਹੋਇਆ ਸੀ। ਭਾਵੇਂ ਘਰ 'ਚ ਇਨ੍ਹਾਂ ਦੇ ਦਾਦਾ-ਦਾਦੀ ਵੀ ਸੀ, ਪਰ ਉਹ ਵਡੇਰੀ ਉਮਰ ਕਾਰਨ ਬਜ਼ੁਰਗ ਅਵਸਥਾ 'ਚ ਸੀ। ਇਸ ਲਈ ਇਨ੍ਹਾਂ ਦੀ ਮਾਂ ਹੀ ਘਰ 'ਚ ਆਪਣੇ ਬੱਚਿਆਂ ਦੀ ਦੇਖ-ਭਾਲ ਕਰਦੀ ਸੀ। ਘਰ 'ਚ ਬਹੁਤ ਹੀ ਗਰੀਬੀ ਸੀ, ਕਿਉਂਕਿ ਘਰਦੇ ਬਹੁਤ ਸਾਰੇ ਜੋਤਸ਼ੀਆਂ ਬਾਬਿਆਂ, ਤਾਂਤਰਿਕਾਂ, ਚੇਲਿਆਂ, ਸਿਆਣਿਆਂ, ਪੁਜਾਰੀਆਂ ਤੇ ਈਸਾਈ-ਪਾਦਰੀਆਂ ਆਦਿ ਦੀਆਂ ਗੈਬੀ-ਸ਼ਕਤੀਆਂ ਦੇ ਚਮਤਕਾਰਾਂ 'ਚ ਸੱਚੇ ਮਨੋ ਵਿਸ਼ਵਾਸ ਕਰਦੇ ਹੋਏ 'ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ' ਦੇ ਜਾਲ਼ 'ਚ ਫਸੇ ਹੋਏ ਸੀ। ਉਨ੍ਹਾਂ ਦਿਨਾਂ 'ਚ ਪੂਜਾ ਦੀ ਵੱਡੀ ਭੈਣ 25 ਸਾਲ ਦੀ 'ਬੇਵੀ' ਅਚਾਨਕ ਹੀ ਇੱਕ ਦਮ ਪਾਗਲਾਂ ਵਾਂਗ ਹਰਕਤਾਂ ਕਰਦੀ ਹੋਈ, ਬਿਨਾਂ ਕੁੱਝ ਦੱਸੇ-ਪੁੱਛੇ, ਬੇਚੈਨ ਜਿਹੀ ਹੋ ਕੇ ਡਰ ਨਾਲ ਚੀਕਾਂ ਮਾਰਕੇ ਰੋਂਦੀ ਹੋਈ, ਘਰੋਂ ਬਾਹਰ ਏਧਰ-ਉਧਰ, ਨੱਠਣ-ਭੱਜਣ ਲੱਗ ਪਈ। ਘਰ 'ਚ ਬਾਕੀ ਸਾਰੇ ਮੈਂਬਰ ਉਸ ਨੂੰ ਇਸ ਤਰ੍ਹਾਂ ਦੀਆਂ ਅਜੀਬ ਜਹੀਆਂ ਪਾਗਲਾਂ ਵਾਲਿਆਂ ਹਰਕਤਾਂ ਕਰਦੀ ਦੇਖ ਹੈਰਾਨ-ਪ੍ਰੇਸ਼ਾਨ ਹੋ ਕੇ ਉਸਦੇ ਮਗਰ ਭਜਦੇ-ਦੌੜਦੇ ਹੋਏ ਬੜੀ ਮੁਸ਼ਕਲ ਨਾਲ ਹੀ ਉਸਨੂੰ ਫੜ ਕੇ ਘਰ ਲਿਆਉਂਦੇ। ਘਰ ਆ ਕੇ ਵੀ ਉਹ ਫਿਰ ਡਰਦੀ ਹੋਈ ਬਾਹਰ ਵੱਲ ਨੂੰ ਨੱਠਣ-ਭੱਜਣ ਲਗਦੀ। ਅਜਿਹੀ ਹਾਲਤ 'ਚ ਉਸਨੂੰ ਬੜੀ ਮੁਸ਼ਕਲ ਨਾਲ ਹੀ, ਘਰ ਦੇ ਦਰਵਾਜੇ ਨੂੰ ਕੁੰਡਾ-ਜਿੰਦਾ ਲਾ ਕੇ ਅੰਦਰ ਬੰਦ ਰੱਖਿਆ ਜਾਂਦਾ। ਫਿਰ ਉਹ ਘਰ ਦੇ ਅੰਦਰ ਵਿਹੜੇ 'ਚ ਹੀ ਨੱਠਣ-ਭੱਜਣ ਲਗਦੀ, ਜਿਵੇਂ ਉਸਨੂੰ ਕਿਤੇ ਵੀ ਚੈਨ ਨਾ ਮਿਲਦਾ ਹੋਵੇ।

ਬੇਵੀ ਨੂੰ ਅਜਿਹੀਆਂ ਹਰਕਤਾਂ ਕਰਦੀ ਦੇਖਕੇ, ਕੁੱਝ ਦਿਨਾਂ ਬਾਦ ਉਸ ਤੋਂ ਛੋਟੀਆਂ ਤਿੰਨ ਭੈਣਾਂ ਤੇ ਛੋਟਾ ਭਰਾ ਵੀ ਦੇਖੋ-ਦੇਖੀ ਅਚਾਨਕ ਹੀ ਬੇਚੈਨ ਜਹੇ ਹੋ ਕੇ ਉਸ ਵਾਂਗ ਹੀ ਪਾਗਲਾਂ ਵਾਲੀਆਂ ਹਰਕਤਾਂ ਕਰਦੇ ਹੋਏ, ਇੱਧਰ-ਉੱਧਰ ਨੱਠਣ-ਭੱਜਣ ਲੱਗ ਪਏ। ਘਰ 'ਚ ਦਾਦਾ-ਦਾਦੀ ਤੇ ਮਾਂ ਲਈ ਆਪਣੇ ਬੱਚਿਆਂ ਨੂੰ ਅਜਿਹੀਆਂ ਹਰਕਤਾਂ ਕਰਦੇ ਹੋਏ ਦੇਖ ਕੇ, ਸੰਭਾਲਣਾ ਬੜਾ ਮੁਸ਼ਕਲ ਹੋ ਗਿਆ। ਪਿੰਡ ਦੇ ਬਹੁਤ ਸਾਰੇ ਆਲੇ-ਦੁਆਲੇ ਦੇ ਲੋਕ ਤੇ ਆਂਢੀ-ਗੁਆਂਢੀ ਵੀ ਇੱਕਠੇ ਹੋ ਕੇ ਇਨ੍ਹਾਂ ਬੱਚਿਆਂ ਨੂੰ ਸੰਭਾਲਣ ਲਈ ਘਰਦਿਆਂ ਦਾ ਸਾਥ ਦਿੰਦੇ। ਇਹ ਬੱਚੇ ਲਗਾਤਾਰ ਰਾਤ-ਦਿਨ ਅਜਿਹੀਆਂ ਹੀ ਹਰਕਤਾਂ ਕਰਦੇ ਰਹਿੰਦੇ। ਕਦੇ ਵੀ ਟਿਕ ਕੇ ਨਹੀਂ ਸੀ ਬੈਠਦੇ। ਜਦੋਂ ਕਦੇ ਉਹ ਅਜਿਹੀਆਂ ਹਰਕਤਾਂ ਤੋਂ ਸਰੀਰਕ ਤੌਰ ਤੇ ਥੱਕ-ਹਾਰ ਜਾਂਦੇ ਤਾਂ ਬੇਹੋਸ਼ ਹੋ ਕੇ ਡਿੱਗ ਪੈਂਦੇ। ਕਾਫ਼ੀ ਸਮੇਂ ਤੱਕ ਫਿਰ ਉਹ ਬੇਹੋਸ਼ੀ ਦੀ ਨੀਂਦ 'ਚ ਹੀ ਸੁੱਤੇ ਰਹਿੰਦੇ। ਉਸੇ ਸਮੇਂ ਹੀ ਬਾਕੀ ਘਰਦੇ ਸੁਖ ਦਾ ਸਾਹ ਲੈਂਦੇ ਹੋਏ ਚੈਨ ਨਾਲ ਬੈਠਦੇ। ਜਦੋਂ ਬੱਚਿਆਂ ਨੂੰ ਹੋਸ਼ ਆਉਂਦੀ ਤਾਂ ਉਹ ਫਿਰ ਅਜਿਹੀਆਂ ਹੀ ਹਰਕਤਾਂ ਕਰਨ ਲੱਗ ਪੈਂਦੇ। ਇਸ ਤਰ੍ਹਾਂ ਫਿਰ ਘਰਦਿਆਂ ਲਈ ਅਰਾਮ ਨਾਲ ਟਿਕ ਕੇ ਬੈਠਣਾ ਮੁਸ਼ਕਲ ਹੋ ਜਾਂਦਾ। ਜਿਸ ਕਾਰਨ ਉਨ੍ਹਾਂ ਦੇ ਘਰ ਦਾ ਚੁੱਲ੍ਹਾ-ਚੌਂਕਾ ਤੇ ਖਾਣਾ-ਪੀਣਾ ਵੀ ਪੂਰੀ ਤਰ੍ਹਾਂ ਬੰਦ ਹੋ ਗਿਆ। ਦੁਖੀ ਬੱਚਿਆਂ ਦੇ ਫਿਕਰ 'ਚ ਹੀ ਉਹ ਰਾਤ ਨੂੰ ਵੀ ਚੰਗੀ ਤਰ੍ਹਾਂ ਸੌਂ ਨਹੀਂ ਸੀ ਸਕਦੇ। ਘਰ 'ਚ ਬਾਕੀ ਘਰੇਲੂ ਕੰਮ-ਕਾਰ ਕਰਨੇ ਵੀ ਬੰਦ ਹੋ ਗਏ। ਘਰਦਿਆਂ ਨੂੰ ਕੁੱਝ ਵੀ ਸਮਝ ਨਹੀਂ ਸੀ ਆਉਂਦੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਇਹ ਕੀ ਹੋ ਗਿਆ ਹੈ। ਉਨ੍ਹਾਂ ਨੂੰ ਇਹ ਵਹਿਮ-ਭਰਮ ਤੇ ਅੰਧਵਿਸ਼ਵਿਸ ਹੋ ਗਿਆ ਕਿ ਇਹ ਕਿਸੇ ਅਖੌਤੀ ਜੋਤਸ਼ੀ, ਬਾਬੇ, ਚੇਲੇ, ਸਿਆਣੇ, ਤਾਂਤਰਿਕ ਜਾਂ ਪਾਦਰੀ ਵਲੋਂ ਕੀਤੀ ਗਈ 'ਭੂਤਾਂ-ਚੜੇਲਾਂ, ਜਾਦੂ-ਟੂਣਿਆਂ ਤੇ ਜੰਤਰਾਂ-ਮੰਤਰਾਂ-ਤੰਤਰਾਂ' ਨਾਲ ਹੋਈ 'ਕਸਰ' ਹੈ। ਇਹ ਦੇਖਣ ਲਈ ਘਰ 'ਚ ਹਰ ਰੋਜ਼ ਆਲੇ-ਦੁਆਲੇ ਦੇ ਲੋਕਾਂ ਦਾ ਭਾਰੀ ਇੱਕਠ ਜਮਾ ਹੋਇਆ ਰਹਿੰਦਾ। ਘਰਦਿਆਂ ਦੇ ਵਹਿਮ-ਭਰਮ ਤੇ ਅੰਧਵਿਸ਼ਵਾਸ ਨੂੰ ਹੋਰ ਪੱਕਾ ਕਰਨ ਲਈ। ਇਨ੍ਹਾਂ ਇੱਕਠੇ ਹੋਏ ਲੋਕਾਂ ਨੇ ਹੀ ਅਜਿਹੀ ਹੀ ਸਲਾਹ ਦੇ ਦਿੱਤੀ ਤੇ ਇਸਦੇ ਇਲਾਜ ਲਈ ਕਿਹਾ ਕਿ, "ਜਲਦੀ ਹੀ ਕਿਸੇ ਜ਼ੋਤਸ਼ੀ, ਬਾਬੇ, ਚੇਲੇ, ਸਿਆਣੇ, ਤਾਂਤਰਿਕ, ਮਦਾਰੀ, ਪੁਜਾਰੀ ਜਾਂ ਈਸਾਈ-ਪਾਦਰੀ ਆਦਿ ਨੂੰ ਲਿਆ ਕੇ ਇਨ੍ਹਾਂ ਬੱਚਿਆਂ ਦਾ 'ਭੂਤਾਂ-ਚੁੜੇਲਾਂ' ਦੀ ਕਸਰ ਤੋਂ ਛੁਟਕਾਰਾ ਕਰਵਾਓ।"

ਪਿੰਡ 'ਚ ਇੱਕ ਅਜਿਹਾ ਹੀ ਚੇਲਾ-ਸਿਆਣਾ 'ਤਾਂਤਰਿਕ' ਰਹਿੰਦਾ ਸੀ, ਜੋ ਅਜਿਹੀਆਂ ਕਸਰਾਂ ਵਾਲੇ 'ਭੂਤਾਂ-ਚੁੜੇਲਾਂ' ਨੂੰ ਆਪਣੀ ਗੈਬੀ-ਸ਼ਕਤੀ ਵਾਲੇ ਜੰਤਰਾਂ-ਮੰਤਰਾਂ-ਤੰਤਰਾਂ, ਜਾਦੂ-ਟੂਣਾ ਤੇ ਝਾੜ-ਫੂਕ ਨਾਲ ਬਾਹਰ ਕੱਢਦਾ ਸੀ, ਬੱਚਿਆਂ ਦੀ ਮਾਂ ਜਲਦੀ ਹੀ ਉਸ 'ਤਾਂਤਰਿਕ' ਨੂੰ ਸੱਦ ਲਿਆਈ। ਜਦੋਂ ਤਾਂਤਰਿਕ ਘਰ ਆਇਆ ਤਾਂ ਬੱਚਿਆਂ ਨੂੰ ਅਜੀਬ ਜਹੀਆਂ ਹਰਕਤਾਂ ਕਰਦੇ ਦੇਖ ਕੇ ਬਹੁਤ ਹੈਰਾਨ ਹੋਇਆ ਤੇ ਆਖਣ ਲੱਗਾ ਕਿ, "ਸੱਚ-ਮੁੱਚ ਹੀ ਇਨ੍ਹਾਂ ਬੱਚਿਆਂ ਉੱਪਰ ਭੂਤਾ-ਪ੍ਰੇਤਾਂ ਦਾ ਸਾਇਆ (ਕਸਰ) ਹੀ ਹੈ।" ਇਹ ਸੁਣ ਕੇ ਮਾਂ ਬਹੁਤ ਹੀ ਡਰ ਗਈ ਤੇ ਤਾਂਤਰਿਕ ਅੱਗੇ ਦੋਵੇਂ ਹੱਥ ਜੋੜ ਕੇ ਰੋਂਦੀ ਹੋਈ ਆਖਣ ਲੱਗੀ, "ਬਾਬਾ ਜੀ, ਕਿਰਪਾ ਕਰਕੇ ਮੇਰੇ ਬੱਚਿਆਂ ਨੂੰ ਇਨ੍ਹਾਂ ਭੂਤਾਂ-ਪ੍ਰੇਤਾਂ ਦੀ 'ਕਸਰ' ਤੋਂ ਬਚਾਅ ਲਵੋ, ਜੋ ਵੀ ਖ਼ਰਚਾ ਹੋਵੇਗਾ, ਉਹ ਮੈਂ ਜ਼ਰੂਰ ਦੇਵਾਂਗੀ।" ਜਲਦੀ ਹੀ ਤਾਂਤਰਿਕ ਨੇ ਪੀਰਾਂ-ਫਕੀਰਾਂ ਤੇ ਦੇਵੀ-ਦੇਵਤਿਆਂ ਦੀਆਂ ਫੋਟੂਆਂ ਤੇ ਮੂਰਤੀਆਂ ਅੱਗੇ ਧੂਣਾ ਲਾਕੇ ਧੂਫ-ਅਗਰਬੱਤੀ ਤੇ ਚਿਰਾਗ ਜਗਾ ਕੇ ਕਸਰ 'ਚ ਆਏ ਹੋਏ ਬੱਚਿਆਂ ਉੱਪਰ ਜੰਤਰ-ਮੰਤਰ, ਜਾਦੂ-ਟੂਣਾ ਤੇ ਝਾੜ-ਫੂਕ ਕਰਨ ਲੱਗਾ। ਕਾਫੀ ਸਮੇਂ ਤੱਕ ਉਹ ਅਜਿਹਾ ਹੀ ਕਰਦਾ ਰਿਹਾ। ਏਨੇ ਨੂੰ ਹਰ ਰੋਜ਼ ਦੀ ਤਰ੍ਹਾਂ ਥੱਕ-ਹਾਰ ਕੇ ਸਾਰੇ ਬੱਚੇ ਇੱਕ-ਇੱਕ ਕਰਕੇ ਬੇਹੋਸ਼ ਹੋ ਕੇ ਡਿਗਦੇ ਰਹੇ। ਫਿਰ ਤਾਂਤਰਿਕ ਨੇ ਬੇਹੋਸ਼ ਹੋਏ ਬੱਚਿਆਂ ਦੇ ਗਲ਼ਾਂ ਤੇ ਬਾਹਾਂ ਉੱਤੇ ਜਾਦੂ-ਟੂਣਾ ਤੇ ਝਾੜ-ਫੂਕ ਕਰਕੇ ਬਹੁਤ ਸਾਰੇ 'ਧਾਗੇ ਤਵੀਤ' ਬੰਨ ਦਿੱਤੇ। ਤਾਂਤਰਿਕ ਵੱਲੋਂ ਅਜਿਹਾ ਕੁਝ ਹਰ ਰੋਜ਼ ਕਰਨ ਦੇ ਬਾਵਜੂਦ ਵੀ ਬੱਚਿਆਂ ਨੂੰ ਭੋਰਾ ਭਰ ਵੀ ਕਸਰ ਤੋਂ ਅਰਾਮ ਨਹੀਂ ਸੀ ਆ ਰਿਹਾ। ਹੁਣ ਤਾਂਤਰਿਕ ਦਾ ਘਰ 'ਚ ਆਉਣਾ-ਜਾਣਾ ਵੀ ਬੰਦ ਹੋ ਗਿਆ। ਕਾਫੀ ਦਿਨਾਂ ਬਾਦ ਕੁਝ ਬੱਚੇ ਹੋਲ਼ੀ-ਹੋਲ਼ੀ ਆਪਣੇ ਆਪ ਹੀ ਠੀਕ ਹੋਣ ਲੱਗ ਪਏ, ਪਰ ਜਿਸ ਕੁੜੀ 'ਬੇਵੀ' ਨੂੰ ਸਭ ਤੋਂ ਪਹਿਲਾਂ 'ਕਸਰ' ਹੋਈ ਸੀ, ਉਹ ਠੀਕ ਨਾ ਹੋਈ। ਉਹ ਉਸੇ ਤਰ੍ਹਾਂ ਹੀ ਹਰ ਰੋਜ਼ ਪਾਗਲਾਂ ਵਾਲੀਆਂ ਹਰਕਤਾਂ ਕਰਦੀ ਰਹੀ।

ਇਸ ਘਟਨਾ ਬਾਰੇ ਪਿੰਡ ਦੇ ਹੀ ਇੱਕ 'ਈਸਾਈ-ਪਾਦਰੀ' ਨੇ ਵੀ ਕਈ ਦਿਨਾਂ ਤੋਂ ਸੁਣ ਰੱਖਿਆ ਸੀ। ਢੁਕਵਾਂ ਮੌਕਾ ਦੇਖਕੇ, ਇੱਕ ਦਿਨ ਉਹ ਵੀ ਬਿਨ ਬੁਲਾਏ ਮਹਿਮਾਨ ਦੀ

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

ਤਰ੍ਹਾਂ 'ਬੇਵੀ' ਨੂੰ ਠੀਕ ਕਰਨ ਲਈ ਹੱਥ ਵਿੱਚ 'ਬਾਈਬਲ' ਫੜ ਕੇ 'ਹਾਲੇ ਲੋਈਆ' ਆਖਦਾ ਹੋਇਆ, ਉਨ੍ਹਾਂ ਦੇ ਘਰ ਆ ਗਿਆ ਤੇ ਕੁੜੀ ਦੀ ਮਾਂ ਨੂੰ ਕਹਿਣ ਲੱਗਾ ਕਿ, "ਇਹ ਸਾਰਾ ਕੁਝ ਦੁਸ਼ਟ ਆਤਮਾ ਅਤੇ ਸ਼ੈਤਾਨ (ਭੂਤਾਂ-ਪ੍ਰੇਤਾਂ) ਦੁਆਰਾ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਖਤਰਨਾਕ ਰੂਹਾਂ-ਬਦਰੂਹਾਂ ਨੇ ਤੁਹਾਡੀ ਲੜਕੀ ਦੇ ਸਰੀਰ ਅੰਦਰ ਪ੍ਰਵੇਸ਼ ਕਰ ਲਿਆ ਹੈ ਤੇ ਉਹ ਹੀ ਉਸ ਤੋਂ ਅਜਿਹੀਆਂ ਹਰਕਤਾਂ ਕਰਵਾ ਰਹੀਆਂ ਹਨ।" ਅਜਿਹਾ ਸੁਣ ਕੇ ਮਾਂ ਹੋਰ ਵੀ ਡਰ ਗਈ ਤੇ ਪਾਦਰੀ ਅੱਗੇ ਹੱਥ ਜੋੜ ਕੇ ਆਖਣ ਲੱਗੀ, "ਕਿਰਪਾ ਕਰਕੇ, ਮੇਰੀ ਬੇਟੀ ਨੂੰ ਇਨ੍ਹਾਂ ਰੂਹਾਂ-ਬਦਰੂਹਾਂ, ਦੁਸ਼ਟ-ਆਤਮਾ ਅਤੇ ਸ਼ੈਤਾਨਾਂ ਤੋਂ ਬਚਾਅ ਲਵੋ।" ਤਾਂਤਰਿਕ ਵਾਂਗ ਹੀ ਇਸ ਪਾਦਰੀ ਨੇ ਵੀ ਆਪਣਾ ਜੰਤਰ-ਮੰਤਰ-ਤੰਤਰ, ਜਾਦੂ-ਟੂਣਾ ਤੇ ਝਾੜ-ਫੂਕ ਕਰਨ ਲਈ ਆਪਣੇ ਖੱਬੇ ਹੱਥ 'ਚ 'ਬਾਈਬਲ ਫੜ ਕੇ ਤੇ ਸੱਜਾ ਹੱਥ ਬੇਹੋਸ਼ ਪਈ ਲੜਕੀ ਦੇ ਸਿਰ ਉੱਤੇ ਰੱਖਦਿਆਂ, ਆਪਣੀਆਂ ਦੋਵੇਂ ਅੱਖਾਂ ਬੰਦ ਕੀਤੀਆਂ ਤੇ ਪ੍ਰਭੂ ਯਿਸੂ ਮਸੀਹ ਦਾ ਨਾਮ ਜੱਪਦਾ ਹੋਇਆ 'ਹੇਲੇਲੋਈਆ-ਹਾਲੇਲੋਈਆ' ਆਖ ਕੇ ਕਾਫੀ ਦੇਰ ਤੱਕ ਆਪਣੇ ਮੂੰਹ 'ਚ ਹੀ ਹੋਲ਼ੀ ਜਿਹੀ ਆਵਾਜ਼ 'ਚ ਬੁੜ-ਬੁੜ ਕਰਦਾ ਹੋਇਆ 'ਪ੍ਰਾਰਥਨਾ' ਕਰਨ ਲੱਗਾ। ਫਿਰ ਉਹ ਜ਼ਮੀਨ ਉੱਤੇ ਇਕ ਦਰੀ ਵਿਛਾ ਕੇ, ਉਸ ਉੱਤੇ ਆਲ਼ੇ-ਦੁਆਲੇ ਇਕੱਠੇ ਹੋਏ ਲੋਕਾਂ ਤੇ ਘਰਦਿਆਂ ਨੂੰ ਬਿਠਾ ਕੇ 'ਬਾਈਬਲ' ਪੜਦਾ ਹੋਇਆ ਪ੍ਰਭੂ ਯਿਸੂ ਮਸੀਹ ਦਾ ਨਾਮ ਜਪਣ ਲੱਗਾ। ਉਸਦੇ ਗੀਤਾ-ਭਜਨ ਗਾਉਂਦਾ ਹੋਇਆ ਢੋਲਕੀਆਂ-ਚਿਮਟੇ ਖੜਕਾਉਂਦਾ ਤੇ ਜੋਰ-ਜੋਰ ਦੀ ਤਾੜੀਆਂ ਮਾਰ ਕੇ ਉੱਚੀ-ਉੱਚੀ ਚੀਕਾਂ ਤੇ ਕੂਕਾਂ ਮਾਰ ਕੇ ਰੋਂਦਾ-ਕੁਰਲਾਉਂਦਾ ਹੋਇਆ 'ਹਾਲੇਲੋਈਆ-ਹਾਲੇਲੋਈਆ' ਆਖ ਕੇ 'ਪ੍ਰਾਰਥਨਾ-ਬੰਦਗੀ' ਕਰਨ ਲੱਗਾ। ਜਾਣ ਲੱਗਾ ਉਹ ਫਿਰ ਘਰਦੇ ਸਾਰੇ ਮੈਂਬਰਾਂ ਦੇ ਸਿਰਾਂ ਉੱਤੇ ਆਪਣਾ ਹੱਥ ਰੱਖ ਕੇ ਅੱਖਾਂ ਬੰਦ ਕਰਕੇ ਮੂੰਹ 'ਚ ਬੁੜ-ਬੁੜ ਕਰਦਾ ਹੋਇਆ, ਯਿਸੂ ਮਸੀਹ ਦਾ ਨਾਮ ਜੱਪਕੇ 'ਪ੍ਰਾਰਥਨਾ' ਕਰਨ ਲੱਗਾ ਤਾਂ ਜੋ ਦੁਸ਼ਟ-ਆਤਮਾ ਤੇ ਸ਼ੈਤਾਨ ਉਨ੍ਹਾਂ ਵਿੱਚੋਂ ਨਿਕਲ ਜਾਣ। ਜਾਣ ਤੋਂ ਪਹਿਲਾਂ ਉਹ ਇੱਕਠੇ ਹੋਏ ਲੋਕਾਂ ਤੇ ਘਰਦਿਆਂ ਤੋਂ ਬਹੁਤ ਸਾਰੇ ਰੁਪਏ-ਪੈਸੇ 'ਚੜ੍ਹਾਵੇ' ਦੇ ਰੂਪ 'ਚ ਇੱਕਠੇ ਕਰਕੇ ਇੱਕ ਬੈਗ 'ਚ ਭਰ ਕੇ ਲੈ ਗਿਆ, ਕਈ ਦਿਨਾਂ ਤੱਕ ਇਹ ਪਾਦਰੀ ਵੀ ਤਾਂਤਰਿਕ ਵਾਂਗ ਹੀ ਆਪਣਾ ਅਜਿਹਾ 'ਜਾਦੂ ਟੂਣਾ ਤੇ ਝਾੜ-ਫੂਕ' ਕਰਦਾ ਰਿਹਾ, ਪਰ ਬੇਵੀ ਨੂੰ 'ਕਸਰ' ਤੋਂ ਕੋਈ ਫਰਕ ਨਹੀਂ ਸੀ ਪੈ ਰਿਹਾ। ਪਾਦਰੀ ਫਿਰ ਵੀ ਉਨ੍ਹਾਂ ਦੇ ਘਰ ਲਗਾਤਾਰ ਹਰ ਰੋਜ਼ ਆਉਂਦਾ ਤੇ 'ਪ੍ਰਾਰਥਨਾ-ਬੰਦਗੀ' ਨਾਲ ਇਲਾਜ ਕਰਨ ਦੇ ਬਹਾਨੇ ਚੜ੍ਹਾਵੇ ਵਜੋਂ 'ਰੁਪਇਆਂ ਦਾ ਬੈਗ ਭਰ ਕੇ ਲੈ ਜਾਂਦਾ।

ਲੜਕੀ ਦੀ ਹਾਲਤ ਲਗਾਤਰ ਵਿਗੜਦੀ ਦੇਖਕੇ ਘਰਦਿਆਂ ਨੇ ਪਿੰਡ ਵਾਲਿਆਂ ਦੇ ਸਹਿਯੋਗ ਨਾਲ ਉਸਨੂੰ ਇਲਾਜ ਵਾਸਤੇ ਨੇੜੇ ਦੇ ਕਿਸੇ ਹਸਪਤਾਲ 'ਚ ਦਾਖਲ ਕਰਵਾ ਦਿੱਤਾ। ਪਾਦਰੀ ਵੀ ਹਰ ਰੋਜ ਦੀ ਤਰ੍ਹਾਂ ਲੜਕੀ ਨੂੰ 'ਪ੍ਰਾਰਥਨਾ-ਬੰਦਗੀਆਂ' ਨਾਲ ਠੀਕ ਕਰਨ ਲਈ, ਘਰਦਿਆਂ ਦੇ ਮਗਰ ਹੀ ਹਸਪਤਾਲ ਜਾ ਕੇ, ਲੜਕੀ ਦੇ ਡਾਕਟਰੀ ਇਲਾਜ ਦੌਰਾਨ ਹੀ ਉਸਦੇ ਸਿਰ ਉਤੇ ਹੱਥ ਰੱਖ ਕੇ 'ਪ੍ਰਾਰਥਨਾ' ਕਰਨ ਜਾਣ ਲੱਗ ਪਿਆ। ਲੜਕੀ ਲਗਭਗ 14-15 ਦਿਨ ਹਸਪਤਾਲ ਦਾਖਲ ਰਹਿਣ ਨਾਲ ਮਾਹਿਰ ਡਾਕਟਰਾਂ ਦੀ ਸਹਾਇਤਾ ਤੇ ਢੁਕਵੀਂਆਂ ਦਵਾਈਆਂ ਨਾਲ ਹੌਲ਼ੀ-ਹੌਲ਼ੀ ਠੀਕ ਹੋ ਗਈ। ਲੜਕੀ ਜਦੋਂ ਠੀਕ ਹੋ ਕੇ ਘਰ ਆਈ ਤਾਂ ਪਾਦਰੀ ਨੇ ਘਰਦਿਆਂ ਨੂੰ ਇਹ ਵਿਸ਼ਵਾਸ ਕਰਾ ਦਿੱਤਾ ਕਿ, "ਤੁਹਾਡੀ ਲੜਕੀ ਪ੍ਰਭੂ ਯਿਸੂ ਮਸੀਹ ਦੀਆਂ ਪ੍ਰਾਰਥਨਾਵਾਂ ਤੇ ਬੰਦਗੀਆਂ ਨਾਲ ਹੀ ਠੀਕ ਹੋਈ ਹੈ।" ਭਾਵੇਂ ਲੜਕੀ ਡਾਕਟਰੀ ਸਹਾਇਤਾ ਨਾਲ ਹੀ ਠੀਕ ਹੋਈ ਸੀ, ਪਰ ਘਰਦਿਆਂ ਨੂੰ ਤਾਂ ਏਹੀ ਯਕੀਨ ਸੀ ਕਿ ਜੇਕਰ ਪਾਦਰੀ ਪ੍ਰਭੂ ਯਿਸੂ ਮਸੀਹ ਦੀਆਂ 'ਪ੍ਰਾਰਥਨਾਵਾਂ ਤੇ ਬੰਦਗੀਆਂ' ਨਾ ਕਰਦਾ ਤਾਂ ਉਹ ਕਦੇ ਵੀ ਠੀਕ ਨਹੀਂ ਸੀ ਹੋ ਸਕਦੀ। ਉਹ ਪਾਦਰੀ ਨੂੰ ਹੀ ਆਪਣਾ ਅਸਲੀ ਮਦਦਗਾਰ ਸਮਝਣ ਲੱਗ ਪਏ। ਪਾਦਰੀ ਨੇ ਉਨ੍ਹਾਂ ਦੇ ਮਨ 'ਚ ਇਹ ਵਹਿਮ-ਭਰਮ ਭਰ ਦਿੱਤਾ ਕਿ, "ਜੇਕਰ ਤੁਸੀਂ ਹਰ ਰੋਜ਼ ਮੇਰੇ ਘਰ ਦੇ 'ਚਰਚ' ਵਿੱਚ ਪ੍ਰਾਰਥਨਾਵਾਂ-ਬੰਦਗੀਆਂ ਕਰਨ ਨਹੀਂ ਆਉਂਗੇ ਤਾਂ 'ਦੁਸ਼ਟ-ਆਤਮਾ ਤੇ ਸ਼ੈਤਾਨ' ਤੁਹਾਨੂੰ ਫਿਰ ਦੁਬਾਰਾ ਉਸੇ ਤਰ੍ਹਾਂ ਹੀ ਤੰਗ-ਪ੍ਰੇਸ਼ਾਨ ਕਰ ਸਕਦਾ ਹੈ।" ਘਰਦੇ ਇਸ ਡਰ ਕਾਰਨ ਹੀ ਸਾਰਾ ਟੱਬਰ ਹਰ ਰੋਜ਼ ਪਾਦਰੀ ਦੇ ਘਰ 'ਚਰਚ' ਜਾਣ ਲੱਗ ਪਿਆ। ਪਾਦਰੀ ਨੇ ਉਨ੍ਹਾਂ ਦੇ ਘਰ ਦੀਆਂ ਦੀਵਾਰਾਂ ਤੋਂ ਦੂਜੇ ਬਾਂਬਿਆਂ ਤੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਉਤਾਰ ਕੇ, ਉਸਦੀ ਜਗਾ ਚਮਤਕਾਰ ਕਰਦੇ ਯਿਸੂ ਮਸੀਹ ਦੀਆਂ ਭਾਂਤ-ਭਾਂਤ ਦੀਆਂ ਤਸਵੀਰਾਂ ਚਿਪਕਾ ਦਿੱਤੀਆਂ ਤੇ ਨਾਲ ਹੀ ਸਾਰੇ ਮੈਂਬਰਾਂ ਦੇ ਗਲਾਂ 'ਚ ਸੂਲੀ ਉੱਤੇ ਲਟਕੇ ਹੋਏ 'ਯਿਸੂ ਮਸੀਹ' ਦੀ ਸਲੀਬ ਵੀ ਲਟਕਾ ਦਿੱਤੀ। ਉਸਨੇ ਯਿਸੂ ਮਸੀਹ ਤੋਂ ਬਿਨਾਂ ਉਨ੍ਹਾਂ ਨੂੰ ਦੂਜੇ ਬਾਬਿਆਂ ਤੇ ਦੇਵੀ-ਦੇਵਤਿਆਂ ਦੀ ਪਾਠ-ਪੂਜਾ ਕਰਨ ਤੋਂ ਰੋਕਿਆ ਤੇ ਇਨ੍ਹਾਂ ਦੀ ਪਾਠ-ਪੂਜਾ ਨਾਲ ਧੂਫਿਆ ਹੋਇਆ 'ਪ੍ਰਸ਼ਾਦ' ਵੀ ਖਾਣ ਤੋਂ ਮਨ੍ਹਾ ਕੀਤਾ। ਪਾਦਰੀ ਨੇ ਇਸ ਬਾਰੇ ਦੱਸਿਆ ਕਿ, "ਤੁਸੀਂ ਹੁਣ ਤੱਕ ਦੁਸ਼ਟ-ਆਤਮਾ ਤੇ ਸ਼ੈਤਾਨਾਂ ਦੀ ਹੀ ਪਾਠ-ਪੂਜਾ ਕਰਦੇ ਤੇ ਇਨ੍ਹਾਂ ਦੀਆਂ ਹੀ ਧੂਫੀਆਂ ਚੀਜ਼ਾਂ 'ਰੋਟ-ਪ੍ਰਸ਼ਾਦ' ਖਾਂਦੇ ਰਹੇ ਸੀ। ਇਸੇ ਲਈ ਹੀ ਇਨ੍ਹਾਂ ਨੇ ਤੁਹਾਨੂੰ ਤੰਗ-ਪ੍ਰੇਸ਼ਾਨ ਕੀਤਾ!" ਪਾਦਰੀ ਨੇ ਜਿਵੇਂ ਕਿਹਾ, ਘਰਦਿਆਂ ਨੇ ਬਿਲਕੁਲ ਉਸੇ ਤਰ੍ਹਾਂ ਹੀ ਪੂਰਾ ਯਕੀਨ ਕਰਕੇ ਮੰਨ ਲਿਆ ਤੇ ਸਿਰਫ ਪਾਦਰੀ ਦੇ ਘਰ 'ਚਰਚ' ਜਾ ਕੇ ਹੀ ਯਿਸੂ ਮਸੀਹ ਦੀਆਂ ਪ੍ਰਾਰਥਨਾਵਾਂ ਤੇ ਬੰਦਗੀਆਂ ਹਰ ਰੋਜ਼ ਦਿਨ-ਰਾਤ ਕਰਨ ਲੱਗ ਪਏ।

ਦੂਜੀ ਵਾਰ ਜਦੋਂ ਮੈਂ ਆਪਣੇ ਇਨ੍ਹਾਂ ਰਿਸਤੇਦਾਰਾਂ ਦੇ ਘਰ ਗਿਆ ਤਾਂ ਮੈਂ ਇੱਕ 'ਤਰਕਸ਼ੀਲ ਤੇ ਵਿਗਿਆਨਕ' ਵਿਚਾਰਾਂ ਦਾ ਹੋਣ ਕਰਕੇ, ਇਸ ਘਰ ਦਾ ਆਲਾ-ਦੁਆਲਾ ਦੇਖ ਕੇ ਤੇ ਇਹ ਸੁਣ ਕੇ ਬਹੁਤ ਹੈਰਾਨ-ਪ੍ਰੇਸ਼ਾਨ ਹੋਇਆ ਕਿ ਘਰਦੇ 'ਈਸਾਈ ਧਰਮ' ਦੇ ਪਾਦਰੀ ਮਗਰ ਲੱਗ ਕੇ ਉਸਦੇ ਘਰ 'ਚਰਚ' ਜਾਣ ਲਗ ਪਏ ਹਨ। 'ਮਨੋ ਵਿਗਿਆਨਕ' ਤੌਰ ਤੇ ਮੈਂ ਸਮਝ ਗਿਆ ਕਿ ਇਹ ਘਰ ਹੁਣ ਸਦਾ ਲਈ ਹੀ 'ਅਸਲੀ ਪਾਗਲਖਾਨਾ' ਬਣ ਗਿਆ ਹੈ। ਮੈਂ ਉਨ੍ਹਾਂ ਨੂੰ ਇਸ ਪਾਗਲਖਾਨੇ 'ਚੋਂ ਬਾਹਰ ਕੱਢਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਮੇਰੀ ਕੋਈ ਵੀ ਅਜਿਹੀ ਗੱਲ ਜੋ ਈਸਾਈ ਧਰਮ, ਪਵਿੱਤਰ-ਬਾਈਬਲ, ਈਸਾਈ-ਪਾਦਰੀ, ਚਰਚ ਜਾਂ ਪ੍ਰਾਰਥਨਾਵਾਂ-ਬੰਦਗੀਆਂ ਬਾਰੇ ਗਲਤ ਹੋਵੇ, ਉਸਨੂੰ ਕਦੇ ਵੀ ਮੰਨਣ ਲਈ ਤਿਆਰ ਨਹੀਂ ਸਨ, ਕਿਉਂਕਿ ਪਾਦਰੀ ਨੇ ਉਨ੍ਹਾਂ ਦੇ ਮਨਾਂ 'ਚ 'ਹਿਪਨੋਟਾਈਜ਼' ਭਾਵ ਵਸ 'ਚ ਕਰਕੇ, ਮਨਘੜਤੇ ਸਵਰਗਾਂ ਦੇ ਲਾਲਚ ਤੇ ਨਰਕਾਂ ਦੇ ਡਰ ਦਿਖਾਕੇ ਇਹ ਵਹਿਮ-ਭਰਮ ਤੇ ਅੰਧਵਿਸ਼ਵਾਸ ਭਰ ਦਿੱਤਾ ਸੀ ਕਿ, "ਜਿਹੜਾ ਵੀ ਤੁਹਾਨੂੰ ਇਨ੍ਹਾਂ ਬਾਰੇ ਕੁੱਝ ਵੀ ਗਲਤ ਕਹੇਗਾ, ਉਹ ਸਭ 'ਦੁਸ਼ਟ-ਆਤਮਾਂ ਤੇ ਸ਼ੈਤਾਨਾਂ' ਦੁਆਰਾ ਹੀ ਕੀਤਾ ਜਾ ਰਿਹਾ ਹੋਵੇਗਾ। ਇਸ ਲਈ ਤੁਸੀਂ ਉਸਦੀ ਕੋਈ ਵੀ ਗੱਲ ਮੰਨਣੀ ਨਹੀਂ।" ਮੈਂ ਸਮਝ ਸਕਦਾ ਸੀ ਕਿ ਪਾਦਰੀ ਨੇ ਉਨ੍ਹਾਂ ਦੀ ਹਰ ਰੋਜ਼ ਲਗਾਤਾਰ ਲੁੱਟ-ਖਸੁੱਟ ਕਰਦੇ ਰਹਿਣ ਲਈ ਹੀ ਅਜਿਹਾ ਕੁੱਝ ਉਨ੍ਹਾਂ ਦੇ ਮਨ 'ਚ ਭਰਿਆ ਸੀ। ਘਰ 'ਚ ਵੀ ਸਾਰੇ ਮੈਂਬਰ ਇੱਕਠੇ ਹੋਕੇ ਹਰ ਰੋਜ਼ ਰਾਤ ਨੂੰ ਕਈ-ਕਈ ਘੰਟੇ ਪ੍ਰਾਰਥਨਾਵਾਂ ਤੇ ਬੰਦਗੀਆਂ ਕਰਦੇ ਰਹਿੰਦੇ ਤੇ ਹਰ ਐਤਵਾਰ ਨੂੰ ਪਾਦਰੀ ਦੇ ਘਰ 'ਚਰਚ' ਜਾਕੇ ਤੇ ਆਏ ਹੋਏ ਹੋਰ ਬਹੁਤ ਸਾਰੇ ਸ਼ਰਧਾਲੂਆਂ ਨਾਲ ਬੈਠ ਕੇ ਢੋਲਕੀਆਂ-ਚਿਮਟੇ ਖੜਕਾਉਂਦੇ ਹੋਏ 'ਬਾਈਬਲ' ਪੜ੍ਹ ਕੇ ਤੇ ਯਿਸੂ ਮਸੀਰ ਦੇ ਭਜਨ-ਗੀਤ ਗਾਉਂਦੇ ਹੋਏ, ਹਾਲੇਲੋਈਆ-ਹਾਲੇਲੋਈਆ' ਆਖ ਕੇ ਪ੍ਰਾਰਥਨਾ-ਬੰਦਗੀਆਂ ਕਰਦੇ ਹੋਏ, ਪਾਦਰੀ ਨੂੰ ਬਹੁਤ ਸਾਰੇ ਰੁਪਏ-ਪੈਸੇ 'ਚੜ੍ਹਾਵੇ' ਦੇ ਰੂਪ 'ਚ ਲੁਟਾ ਕੇ ਘਰ ਆ ਜਾਂਦੇ। ਅਜਿਹਾ ਕੁੱਝ ਉਹ ਲਗਾਤਾਰ 12-13 ਸਾਲਾਂ ਤੋਂ ਕਰਦੇ ਆ ਰਹੇ ਸੀ।

ਘਰ 'ਚ ਸਭ ਤੋਂ ਛੋਟੀ ਕੁੜੀ 22 ਸਾਲ ਦੀ 'ਪੂਜਾ' ਬੀ. ਏ. ਦੀ ਪੜ੍ਹਾਈ ਕਰਨ ਤੋਂ ਬਾਦ ਐਮ. ਏ. ਕਰਦੀ ਹੋਣ ਦੇ ਬਾਵਜੂਦ, ਪਾਦਰੀ ਦਾ ਸਾਥ ਦੇਣ ਲਈ ਘਰੋਂ ਆਪਣੀ ਬਾਈਬਲ, ਗੀਤਾਂ-ਭਜਨਾਂ ਦੀ ਕਾਪੀ ਤੇ ਕੁੱਝ ਰੁਪਏ-ਪੈਸੇ ਲੈ, 'ਚਰਚ' ਜਾ ਕੇ ਬੈਠੇ ਹੋਏ ਬਹੁਤ ਸਾਰੇ ਸ਼ਰਧਾਲੂ-ਭਗਤਾਂ 'ਚੋਂ ਸਭ ਤੋਂ ਪਹਿਲਾਂ ਬੜੇ ਚਾਅ ਨਾਲ ਖੜੀ ਹੋ ਕੇ, ਆਪਣੀ ਕਾਪੀ 'ਚੋਂ ਪੜ੍ਹ ਕੇ ਗੀਤ-ਭਜਨ ਉੱਚੀ-ਉੱਚੀ ਅਵਾਜ਼ 'ਚ ਸੁਣਾਉਂਦੀ ਤੇ ਸਭ ਤੋਂ ਅੱਗੇ ਪਾਦਰੀ ਆਪਣੀਆਂ ਮਨਘੜਤ ਕਹਾਣੀਆਂ

ਤੇ ਗੱਲਾਂ-ਬਾਤਾਂ ਰਾਹੀਂ ਕਰਕੇ ਸ਼ਰਧਾਲੂਆਂ ਨੂੰ ਲੁੱਟਣ ਲਈ, ਹਿਪਨੋਟਾਈਜ਼' ਭਾਵ ਵਸ 'ਚ ਕਰ ਲੈਂਦਾ। ਲਗਭਗ 3-4 ਘੰਟੇ ਦੀ ਇਸ ਪ੍ਰਾਰਥਨਾ-ਬੰਦਗੀ ਤੋਂ ਬਾਦ, ਪਾਦਰੀ ਨੂੰ ਦੇਣ ਲਈ ਉਹ ਰੁਪਏ-ਪੈਸੇ ਜੋ ਪੂਜਾ ਆਪਣੇ ਘਰੋਂ ਲਿਆਈ ਸੀ ਉਹ ਦੇਣ ਤੋਂ ਪਹਿਲਾਂ, ਬਾਕੀ ਸ਼ਰਧਾਲੂਆਂ ਵਾਂਗ ਹੀ ਉਹ ਵੀ ਪਾਦਰੀ ਅੱਗੇ ਖੜ ਕੇ, ਉਸਦਾ ਹੱਥ ਆਪਣੇ ਸਿਰ ਉੱਤੇ ਰੱਖਵਾ ਕੇ 'ਪ੍ਰਾਰਥਨਾ' ਕਰਵਾਉਂਦੀ ਹੋਈ 'ਲੁਟਾ' ਦਿੰਦੀ ਸੀ। ਜਦੋਂ ਮੈਂ ਉਸਨੂੰ 'ਈਸਾਈ ਪਾਦਰੀ' ਦੇ ਲੁੱਟ-ਖਸੁੱਟ ਵਾਲੇ ਮੱਕੜ-ਜਾਲ 'ਚ ਬੁਰੀ ਤਰ੍ਹਾਂ ਫਸ ਕੇ ਅਨਜਾਣ ਪੁਣੇ 'ਚ ਹੀ ਨਵੇਂ ਹੋਰ ਸ਼ਰਧਾਲੂਆਂ......ਨੂੰ ਫਸਾ ਕੇ, ਅਨਜਾਣ-ਪੁਣੇ 'ਚ ਹੀ ਨਵੇਂ ਹੋਰ ਸ਼ਰਧਾਲੂਆਂ ਦੇਖਿਆ ਤਾਂ ਮੈਂ ਬਹੁਤ ਹੈਰਾਨ-ਪ੍ਰੇਸ਼ਾਨ ਹੋਇਆ, ਕਿਉਂਕਿ ਮੈਨੂੰ ਇਸ ਗੱਲ ਦਾ ਫਿਕਰ ਸੀ ਕਿ ਜੇਕਰ ਪੂਜਾ ਇਸੇ ਤਰ੍ਹਾਂ ਹੀ ਆਪਣੀ ਉੱਚੀ ਵਿੱਦਿਆ ਦਾ ਸਹਾਰਾ ਲੈ ਕੇ, ਪਖੰਡੀ-ਲੁਟੇਰੇ 'ਪਾਦਰੀ' ਦਾ ਸਾਥ ਦਿੰਦੀ ਰਹੀ ਤਾਂ ਪਾਦਰੀ ਦੇ ਲੁੱਟ-ਖਸੁੱਟ ਵਾਲੇ ਜਾਲ 'ਚ ਉਸਦੇ ਘਰਦਿਆਂ ਵਾਂਗ ਹੀ ਹੋਰ ਵੀ ਬਹੁਤ ਸਾਰੇ ਭੋਲੇ-ਭਾਲੇ ਲੋਕ ਫਸ ਜਾਣਗੇ। ਇਸ ਲਈ ਮੈਂ ਉਸਨੂੰ ਕਈ ਵਾਰ ਉਸ ਪਾਦਰੀ ਵਲੋਂ ਕੀਤੀ ਜਾਂਦੀ, ਉਨ੍ਹਾਂ ਦੀ ਅਤੇ ਬਾਕੀ ਸ਼ਰਧਾਲੂ-ਭਗਤਾਂ ਦੀ ਕਥਿਤ 'ਲੁੱਟ-ਖਸੁੱਟ' ਬਾਰੇ ਸਮਝਾਉਂਦਾ ਹੋਇਆਂ, ਉਸ ਪਾਦਰੀ ਦੀਆਂ ਕਾਲੀਆਂ ਕਰਤੂਤਾਂ ਬਾਰੇ ਦੱਸਦਾ, ਪਰ ਪੂਜਾ ਵੀ ਆਪਣੇ ਬਾਕੀ ਘਰਦਿਆਂ ਵਾਂਗ ਹੀ ਮੇਰੀਆਂ ਇਨ੍ਹਾਂ ਸਾਰੀਆਂ ਗੱਲਾਂ ਨੂੰ 'ਦੁਸ਼ਟ-ਆਤਮਾ ਤੇ ਸ਼ੈਤਾਨ' ਦੀਆਂ ਚਾਲਾਂ ਹੀ ਸਮਝਦੀ ਹੋਈ, ਮੇਰਾ ਵਿਰੋਧ ਕਰਨ ਲੱਗਦੀ ਤੇ ਮੇਰੀਆਂ ਇਨ੍ਹਾਂ ਸੱਚੀਆਂ ਗੱਲਾਂ ਨੂੰ ਵੀ ਝੂਠੀਆਂ ਸਿੱਧ ਕਰਨ ਲਈ, ਫਜ਼ੂਲ ਦੀ ਬਹਿਸ ਕਰਦੀ ਹੋਈ, ਮੈਨੂੰ ਗਲਤ-ਮਲਤ ਬੋਲ ਕੇ 'ਬੇਇੱਜ਼ਤ' ਕਰ ਦਿੰਦੀ। ਇਸ ਲਈ ਮੈਂ ਹਾਰ ਕੇ ਇਨ੍ਹਾਂ ਦੇ ਘਰ ਅਜਿਹੀਆਂ ਗੱਲਾਂ ਕਰਨ ਤੋਂ ਚੁੱਪ ਹੀ ਰਹਿੰਦਾ ਸੀ, ਕਿਉਂਕਿ ਮੈਂ ਮਨੋਵਿਗਿਆਨਕ ਤੌਰ ਤੇ ਸਮਝ ਗਿਆ ਸੀ ਕਿ ਪੂਜਾ ਵੀ ਆਪਣੇ ਬਾਕੀ ਘਰਦਿਆਂ ਵਾਂਗ ਹੀ 'ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾ' ਕਾਰਨ 'ਮਨੋਰੋਗੀ' (ਪਾਗਲ) ਬਣ ਗਈ ਸੀ। ਇੱਕ ਦਿਨ ਮੈਂ ਆਪਣੇ ਮਨ 'ਚ ਇਹ ਪੱਕਾ ਫੈਂਸਲਾ ਕਰ ਲਿਆ ਕਿ ਜਲਦੀ ਹੀ ਪੂਜਾ ਨੂੰ ਮੈਂ ਇਸ ਧੋਖੇਬਾਜ ਪਾਦਰੀ ਦੀ ਲੁੱਟ-ਖਸੁੱਟ ਵਾਲੇ ਜਾਲ 'ਚੋਂ ਜ਼ਰੂਰ ਹੀ ਬਾਹਰ ਕੱਢਾਂਗਾ। ਪਰ ਮੈਂ ਇਹ ਵੀ ਚੰਗੀ ਤਰ੍ਹਾਂ ਸਮਝ ਸਕਦਾ ਸੀ ਕਿ ਇਹ ਕੰਮ ਏਨਾ ਵੀ ਅਸਾਨ ਨਹੀਂ ਹੈ, ਤੇ ਮੈਂ ਆਪਣੇ ਇਸ ਫੈਸਲੇ ਨੂੰ ਸਿਰਫ਼ 'ਤਰਕਸ਼ੀਲ ਤੇ ਮਨੋਵਿਗਿਆਨਕ' ਢੰਗ-ਤਰੀਕੇ ਨਾਲ ਹੀ ਸਫਲ ਕਰ ਸਕਦਾ ਸੀ।

ਆਪਣੇ ਫ਼ੈਸਲੇ ਨੂੰ ਕਾਮਜਾਬ ਕਰਨ ਲਈ ਸਭ ਤੋਂ ਪਹਿਲਾਂ ਮੈਂ ਪੂਜਾ ਦੇ ਪੜ੍ਹਨ ਲਈ ਆਪਣੇ ਵਲੋਂ ਹੀ ਖਰਚਾ ਕਰਕੇ ਉਸਦੇ ਘਰ 'ਚ ਲਗਭਗ 100 ਕੁ 'ਤਰਕਸ਼ੀਲਾਂ ਤੇ ਵਿਗਿਆਨਕਾਂ' ਦੀਆਂ ਕੁੱਝ ਕਿਤਾਬਾਂ ਦੀ ਇੱਕ 'ਲਾਇਬ੍ਰੇਰੀ' ਬਣਾ ਦਿੱਤੀ। ਫਿਰ ਮੈਂ ਉਨ੍ਹਾਂ ਕਿਤਾਬਾਂ 'ਚੋਂ ਹੀ ਤਰਕਸ਼ੀਲਤਾ ਦੇ ਉੱਘੇ ਮਨੋਵਿਗਿਆਨੀ ਡਾ: ਅਬਰਾਮ ਟੀ ਕਵੂਰ ਦੀਆਂ ਕਿਤਾਬਾਂ 'ਚੋਂ ਕੁੱਝ ਚੁਣਵੇਂ ਜਹੇ ਲੇਖ ਅਤੇ ਮੇਰੇ ਆਪਣੇ ਲੇਖ ਜੋ ਮੈਗਜ਼ੀਨ 'ਵਿਗਿਆਨ ਜੋਤ' ਵਿੱਚ ਛਪ ਚੁੱਕੇ ਸੀ, ਪੜ੍ਹਦੇ ਰਹਿਣ ਲਈ ਕਿਹਾ। ਭਾਵੇਂ ਉਸਨੂੰ ਅਜਿਹੀਆਂ ਕਿਤਾਬਾਂ ਪੜ੍ਹਨ ਦਾ ਭੋਰਾ-ਭਰ ਵੀ ਸ਼ੌਂਕ ਨਹੀਂ ਸੀ। ਫਿਰ ਵੀ ਉਹ ਮੇਰੇ ਕਹਿਣ ਤੇ ਹਰ ਰੋਜ਼ ਇੱਕ-ਦੋ ਲੇਖ ਜ਼ਰੂਰ ਪੜ੍ਹ ਲੈਂਦੀ ਸੀ। ਮੈਂ ਹਰ ਵਾਰ ਉਸ ਤੋਂ ਪੜ੍ਹੇ ਹੋਏ ਲੇਖਾਂ ਦੀਆਂ ਕਹਾਣੀਆਂ ਬਾਰੇ ਪੁੱਛਦਾ ਤਾਂ ਉਹ ਝੱਟ ਹੀ ਸੁਣਾ ਦਿੰਦੀ ਤੇ ਫਿਰ ਮੈਨੂੰ ਪਤਾ ਲੱਗ ਜਾਂਦਾ ਕਿ ਉਹ ਜ਼ਰੂਰ ਹੀ ਪੜ੍ਹ ਰਹੀ ਹੈ। ਇਸ ਤਰ੍ਹਾਂ ਹੁਣ ਉਸਨੇ ਮੇਰੇ ਆਪਣੇ ਲੇਖ ਤੇ ਡਾ: ਕਵੂਰ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਹਰ ਵਾਰ ਮੈਂ ਉਸਨੂੰ ਅਜਿਹਾ ਕਰਦੀ ਰਹਿਣ 'ਤੇ ਗੱਲਾਂ-ਬਾਤਾਂ ਸੁਣਉਂਦਾ, ਜਿਸ। ਇੱਕ ਦਿਨ ਮੈਂ ਉਸਨੂੰ ਡਾ: ਕਵੂਰ ਦੀ ਕਿਤਾਬ '... ਤੇ ਦੇਵ ਪੁਰਸ਼ ਹਾਰ ਗਏ', ਵਿੱਚੋਂ ਇੱਕ ਲੇਖ 'ਬਾਈਬਲ ਇੱਕ ਖਤਰਨਾਕ ਇਖਲਾਕੀ ਮਾਰਗ ਦਰਸ਼ਕ ਹੈ' ਪੜ੍ਹਨ ਲਈ ਕਿਹਾ, ਜਦੋਂ ਉਸਨੇ ਇਸ ਨੂੰ ਪੜ੍ਹਿਆ ਤਾ ਉਹ ਆਪਣੇ 'ਈਸਾਈ ਧਰਮ' ਬਾਰੇ ਅੰਧਵਿਸ਼ਵਾਸਾਂ ਨੂੰ ਲੈ ਕੇ ਬਹੁਤ ਹੈਰਾਨ-ਪ੍ਰੇਸ਼ਾਨ ਹੋਈ ਤੇ ਉਸਨੂੰ ਬਾਈਬਲ ਦੇ ਖਤਰਨਾਕ ਹੋਣ ਬਾਰੇ ਅਤੇ ਪਾਦਰੀਆਂ ਦੀਆਂ ਲੁੱਟ-ਖਸੁੱਟ ਵਾਲੀਆਂ ਕਾਲੀਆਂ ਕਰਤੂਤਾਂ ਬਾਰੇ ਚੰਗੀ ਤਰ੍ਹਾਂ ਪਤਾ ਲੱਗ ਗਿਆ। ਮੈਂ ਉਸਨੂੰ ਦੱਸਿਆ ਬਾਕੀ ਜੋਤਸ਼ੀਆਂ, ਬਾਬਿਆਂ, ਚੇਲਿਆਂ, ਸਿਆਣਿਆਂ, ਤਾਂਤਰਿਕਾਂ, ਮਦਾਰੀਆਂ, ਮੌਲਵੀਆਂ ਤੇ ਪੁਜ਼ਾਰੀਆਂ ਆਦਿ ਵਾਂਗ ਹੀ ਇਹੇ 'ਈਸਾਈ-ਪਾਦਰੀ' ਵੀ ਬਹੁਤ ਖਤਰਨਾਕ ਲੁਟੇਰੇ ਹੁੰਦੇ ਹਨ। ਮੇਰੀਆਂ ਇਨ੍ਹਾਂ ਗੱਲਾਂ ਤੇ ਉਸਨੂੰ ਪੂਰਾ ਯਕੀਨ ਹੋਣ ਗੱਲ ਪਿਆ। ਇਸ ਲਈ ਹੁਣ ਉਹ ਘਰਦਿਆਂ ਨੂੰ 'ਚਰਚ' ਜਾਣੋਂ ਰੋਕਣ ਲੱਗ ਪਈ, ਪਰ ਘਰਦੇ ਨਾ ਮੰਨੇ, ਤੇ ਜਬਰਦਸਤੀ ਉਸਨੂੰ ਵੀ ਧੱਕੇ ਨਾਲ ਖਿੱਚ ਕੇ 'ਚਰਚ' ਲੈ ਜਾਂਦੇ। ਹੁਣ ਪੂਜਾ ਘਰ 'ਚ ਆਏ ਪਾਦਰੀ ਨੂੰ 'ਲੁਟੇਰਾ' ਸਮਝ ਦੀ ਹੋਈ ਉਸ ਨਾਲ ਬਹਿਸ ਕਰਨ ਲਗ ਪੈਂਦੀ। ਪੂਜਾ ਨੂੰ ਇਸ ਤਰ੍ਹਾਂ ਬਹਿਸ ਕਰਦੀ ਦੇਖ ਕੇ ਘਰਦੇ ਉਸਨੂੰ ਦਬਕ-ਝਿੜਕ ਕੇ ਆਖਦੇ ਕਿ, "ਤੂੰ ਹੁਣ ਦੁਸ਼ਟ-ਆਤਮਾ ਅਤੇ ਸ਼ੈਤਾਨ ਦੀਆਂ ਚਾਲਾਂ ਦੇ ਜਾਲ 'ਚ ਫਸ ਚੁੱਕੀ ਏ।" ਪਾਦਰੀ ਨੂੰ ਜਦੋਂ ਇਹ ਪਤਾ ਲੱਗਾ ਕਿ ਪੂਜਾ ਨੂੰ ਮੈਂ ਉਸਦੇ ਖਿਲਾਫ ਫੜਕਾਇਆ ਹੈ ਤਾਂ ਉਸਨੇ ਵੀ ਮੇਰੇ ਖਿਲਾਫ ਘਰਦਿਆਂ ਨੂੰ ਭੜਕਾਉਣ ਲਈ ਉਨ੍ਹਾਂ ਦੇ ਮਨ 'ਚ ਇਹ ਵਹਿਮ-ਭਰਮ ਭਰ ਦਿੱਤਾ ਕਿ, "ਇਹ ਹੀ ਉਹ "ਸ਼ੈਤਾਨ" ਹੈ ਜੋ ਤੁਹਡੀ ਬੇਟੀ ਨੂੰ ਮੇਰੇ ਖਿਲਾਫ ਭੜਕਾਅ ਕੇ 'ਚਰਚ' ਆਉਣੋ ਰੋਕ ਰਿਹਾ ਹੈ।" ਇਹ ਸੁਣ ਕੇ ਘਰਦੇ ਮੈਨੂੰ ਨਫਰਤ ਕਰਨ ਲੱਗ ਪਏ, ਪਰ ਪੂਜਾ ਨੇ ਮੇਰੀਆਂ ਸਿਫਤਾਂ ਕਰਦੀ ਹੋਈ ਆਖਿਆ ਕਿ, "ਜੇਕਰ ਉਹ ਨਾ ਹੁੰਦਾ ਤਾਂ ਅੱਜ ਮੈਂ ਸਹੀ ਰਾਹ 'ਤੇ ਨਾ ਚੱਲਦੀ।"

ਜਦੋਂ ਪੂਜਾ ਮੇਰੀਆਂ ਸਾਰੀਆਂ ਗੱਲਾਂ 'ਤੇ ਯਕੀਨ ਕਰਦੀ ਹੋਈ, ਬੜੇ ਚਾਅ ਨਾਲ ਸੁਣਨ ਲੱਗ ਪਈ ਤਾਂ ਮੈਂ ਉਸਨੂੰ ਉਸਦੀ ਵੱਡੀ ਭੈਣ 'ਬੇਵੀ' ਵਲੋਂ 12-13 ਸਾਲ ਪਹਿਲਾਂ ਕੀਤੀਆਂ ਉਨ੍ਹਾਂ ਪਾਗਲਾਂ ਵਾਲੀਆਂ ਅਜੀਬ ਹਰਕਤਾਂ ਬਾਰੇ ਸਹੀ 'ਮਨੋਵਿਗਿਆਨਕ ਜਾਣਕਾਰੀ' ਦਿੰਦਿਆਂ ਕਿਹਾ ਕਿ, "ਜਦੋਂ ਬੇਵੀ ਅਜਿਹੀਆਂ ਹਰਕਤਾਂ ਕਰਨ ਲੱਗ ਪਈ ਸੀ ਤਾਂ ਇਹ ਕਿਸੇ ਭੂਤ-ਪ੍ਰੇਤਾਂ, ਰੂਹਾਂ-ਬਦਰੂਹਾਂ, ਦੁਸ਼ਟ-ਆਤਮਾ ਜਾ ਸ਼ੈਤਾਨਾਂ ਆਦਿ ਕਰਕੇ ਨਹੀਂ ਸੀ, ਕਿਉਂਕਿ ਇਨ੍ਹਾਂ ਦੀ ਕੋਈ ਹੋਂਦ ਨਹੀਂ। ਉਸ ਸਮੇਂ ਉਸਨੂੰ ਮਾਨਸਿਕ ਰੋਗ 'ਹਿਸਟੀਰੀਆ' ਹੋ ਗਿਆ ਸੀ, ਮੈਂ ਸਮਝਦਾ ਹਾਂ ਕਿ ਇਹ ਸਭ 'ਸੈਕਸ਼ ਹਾਰਮੋਨ' ਅਸਟਰੋਜਨ ਤੇ ਪ੍ਰੋਜੈਸਟ੍ਰੋਨ ਦੇ ਘੱਟ-ਵੱਧ ਪ੍ਰਭਾਵ ਅਧੀਨ ਹੀ ਵਾਪਰਿਆ ਸੀ, ਜਿਸ ਕਾਰਨ ਉਸਦਾ ਦਿਮਾਗੀ 'ਮਾਨਸਿਕ' ਸੰਤੁਲਨ ਇੱਕ-ਦਮ ਵਿਗੜ ਗਿਆ ਤੇ ਉਹ ਪਾਗਲਾਂ ਵਾਂਗ ਹਰਕਤਾਂ ਕਰਨ ਲੱਗ ਪਈ। ਉਸਨੂੰ ਇਸ ਤਰ੍ਹਾਂ ਕਰਦੀ ਦੇਖ ਕੇ ਬਾਕੀ ਭੈਣਾਂ ਤੇ ਭਰਾ ਵੀ ਹੈਰਾਨੀ-ਪ੍ਰੇਸ਼ਾਨੀ ਨਾਲ ਡਰਕੇ ਹੌਲ਼ੀ-ਹੌਲ਼ੀ ਬੌਂਦਲ ਗਏ ਤੇ ਉਹ ਵੀ ਆਪਣਾ ਮਾਨਸਿਕ ਸੰਤੁਲਨ ਗੁਆ ਕੇ ਉਸ ਵਾਂਗ ਹੀ ਅਜੀਬ ਹਰਕਤਾਂ ਕਰਨ ਲੱਗ ਪਏ। ਦੇਖੋ-ਦੇਖੀ ਹੋਣ ਵਾਲੀਆਂ ਅਜਿਹੀਆਂ ਮਾਨਸਿਕ ਹਰਕਤਾਂ ਨੂੰ ਮਾਨਸਿਕ ਰੋਗ ਮਾਸ-ਹਸਟੀਰੀਆ' ਆਖਦੇ ਹਨ। ਅਜਿਹੇ ਮਰੀਜ਼ ਕੁੱਝ ਦਿਨਾਂ ਬਾਦ ਆਪਣੇ-ਆਪ ਜਾਂ ਫਿਰ ਡਾਕਟਰੀ ਸਹਾਇਤਾ ਨਾਲ ਹੀ ਠੀਕ ਹੋ ਸਕਦੇ ਹਨ। ਅਖੋਤੀ 'ਤਾਂਤਰਿਕ ਤੇ ਪਾਦਰੀ' ਆਦਿ ਬਹੁਤ ਹੀ 'ਮਾਨਸਿਕ ਰੋਗੀ' (ਪਾਗਲ) ਹੋਣ ਕਾਰਨ ਤੁਹਾਨੂੰ ਲੁੱਟਣ' ਲਈ ਪਖੰਡ ਕਰਦੇ ਸਨ, ਕਿਉਂਕਿ ਜੰਤਰ-ਮੰਤਰ-ਤੰਤਰ, ਜਾਦੂ-ਟੂਣਾ, ਝਾੜ-ਫੂਕ, ਸਵਰਗ-ਨਰਕ, ਪ੍ਰਾਰਥਨਾ-ਬੰਦਗੀਆਂ ਤੇ ਯਿਸੂ ਮਸੀਹ ਆਦਿ ਕਿਤੇ ਨਹੀਂ ਹੁੰਦੇ। ਇਹ ਸਿਰਫ਼ ਇਨ੍ਹਾਂ ਦੇ ਲੁੱਟ-ਖਸੁੱਟ ਕਰਨ ਦੇ ਸਾਧਨ ਹੀ ਹਨ। ਤਾਂਤਰਿਕ ਤਾਂ ਤੁਹਾਡੇ ਘਰ ਆਉਣੋ ਆਪਣੇ-ਆਪ ਹੀ ਹਟ ਗਿਆ ਸੀ, ਪਰ 'ਪਾਦਰੀ' ਬਹੁਤ ਚੁਸਤ-ਚਲਾਕ ਹੋਣ ਕਾਰਨ ਤੁਹਾਨੂੰ 'ਲੁੱਟਣ' ਲਈ ਆਉਂਦਾ ਰਿਹਾ ਤੇ ਤੁਸੀਂ ਉਸਦੀਆਂ ਚਲਾਕੀ ਭਰੀਆਂ ਗੱਲਾਂ ਮਗਰ ਲੱਗ ਕੇ ਉਸਦੇ ਜਾਲ 'ਚ ਬੁਰੀ ਤਰ੍ਹਾਂ ਫਸ ਗਏ ਤੇ 'ਲੁੱਟ' ਕਰਵਾਉਂਦੇ ਰਹੇ।" ਪੂਜਾ ਨੂੰ ਜਦੋਂ ਮੇਰੇ ਵਲੋਂ ਇਹ ਸਹੀ ਜਾਣਕਾਰੀ ਪ੍ਰਾਪਤ ਹੋਈ ਤਾਂ ਉਹ 'ਈਸਾਈ-ਪਾਦਰੀ' ਨੂੰ ਸਖਤ ਨਫਰਤ ਕਰਦੀ ਹੋਈ, ਉਸਦੀ 'ਲੁੱਟ' ਤੋਂ ਬਚਣ ਲਈ 'ਚਰਚ' ਜਾਣੋ ਹਟ ਗਈ। ਅੱਜ ਉਹ 'ਤਰਕਸ਼ੀਲ ਤੇ ਵਿਗਿਆਨਕ' ਵਿਚਾਰਾਂ ਦੀ ਪੜ੍ਹੀ-ਲਿਖੀ ਤੇ ਬਹੁਤ ਹੀ ਸਮਝਦਾਰ ਲੜਕੀ ਹੈ। ਮੈਨੂੰ ਆਪਣੇ ਫੈਸਲੇ ਦੀ ਕਾਮਯਾਬੀ ਨਾਲ ਬਹੁਤ ਖੁਸ਼ੀ ਹੋਈ।

# ਸਰਗਰਮੀਆਂ

## ਤਰਕਸ਼ੀਲ ਸਮਾਗਮ ਦੀਆਂ ਤਿਆਰੀਆਂ ਸ਼ੁਰੂ

ਸਰ੍ਹੀ: ਬੀਤੇ ਸ਼ਨੀਵਾਰ 22 ਜੁਲਾਈ 17 ਨੂੰ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ ਦੀ ਮੀਟਿੰਗ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਪ੍ਰੋਗਰੈਸਿਵ ਕਲਚਰਲ ਸੈਂਟਰ ਸਰ੍ਹੀ ਵਿਖੇ ਕੀਤੀ ਗਈ ਜਿਸ ਵਿੱਚ ਸੁਸਾਇਟੀ ਵੱਲੋਂ ਕਰਵਾਏ ਜਾਂਦੇ ਸਲਾਨਾ ਤਕਰਸ਼ੀਲ ਸਮਾਗਮ ਦੀ ਤਿਆਰੀ ਸਬੰਧੀ ਵਿਚਾਰ ਕਰਦਿਆਂ ਬਾਈ ਅਵਤਾਰ ਨੇ ਦੱਸਿਆ ਕਿ ਇਸ ਵਾਰ ਇਹ ਸਮਾਗਮ ਐਬਸਫੋਰਡ ਅਤੇ ਸਰ੍ਹੀ ਵਿੱਚ ਕ੍ਰਮਵਾਰ 22 ਅਕਤੂਬਰ ਅਤੇ 29 ਅਕਤੂਬਰ ਨੂੰ ਕਰਵਾਏ ਜਾਣਗੇ। ਐਬਸਫੋਰਡ ਵਿੱਚ ਐਬਸਫੋਰਡ ਆਰਟ ਸੈਂਟਰ ਅਤੇ ਸਰ੍ਹੀ ਵਿੱਚ ਸਰ੍ਹੀ ਆਰਟ ਸੈਂਟਰ ਵਿੱਚ ਇਹ ਸਮਾਗਮ ਹੋਣਗੇ, ਇਸ ਮਕਸਦ ਦੀ ਸਫਲਤਾ ਲਈ ਮੈਂਬਰਾਂ ਦੀਆਂ ਡਿਊਟੀਆਂ ਵੀ ਲਾਈਆਂ ਗਈਆਂ। ਇਹਨਾਂ ਸਮਾਗਮਾਂ ਵਿੱਚ ਨਾਟਕ, ਸਕਿੱਟਾਂ, ਟਰਿਕ ਅਤੇ ਗੀਤ ਸੰਗੀਤ ਹੋਵੇਗਾ ਜਿਸਦੀ ਪੂਰੀ ਜਾਣਕਾਰੀ ਬਹੁਤ ਜਲਦੀ ਹੀ ਦਰਸ਼ਕਾਂ ਲਈ ਸਾਂਝੀ ਕੀਤੀ ਜਾਵੇਗੀ। ਸੁਸਾਇਟੀ ਵੱਲੋਂ ਸਭ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵਹਿਮਾਂ, ਭਰਮਾਂ ਅਤੇ ਬਹੁਤ ਸਾਰੇ ਹੋਰ ਅੰਧਵਿਸ਼ਵਾਸ਼ਾਂ ਵਿੱਚ ਗ੍ਰਸੇ ਹੋਏ ਲੋਕਾਂ ਨੂੰ ਸਹੀ ਸੇਧ ਦਿੰਦੇ ਇਹਨਾਂ ਦਿਲਚਸਪ ਪ੍ਰੋਗਰਾਮਾਂ ਨੂੰ ਦੇਖਣ ਲਈ ਅੱਜ ਹੀ ਇਹ ਮਿਤੀਆਂ ਰਾਖਵੀਆਂ ਕਰ ਲੈਣ। ਕੈਨੇਡਾ ਵਿਚਲੇ ਵਪਾਰਕ ਅਦਾਰਿਆਂ ਦੇ ਪ੍ਰਬੰਧਕਾਂ ਨਾਲ ਵੀ ਸੁਸਾਇਟੀ ਸੰਪਰਕ ਬਣਾਉਣ ਦੇ ਉਪਰਾਲੇ ਕਰੇਗੀ।

ਅੱਜ ਦੀ ਇਸ ਮੀਟਿੰਗ ਵਿੱਚ ਹੋਰ ਕਈ ਮੁੱਦਿਆਂ ਤੋਂ ਇਲਾਵਾ ਕੈਨੇਡਾ ਦੇ ਕ੍ਰਿਮੀਨਲ ਕੋਡ ਦੀ ਧਾਰਾ 365 ਏ ਜੋ ਕਿਸੇ ਨੂੰ ਵੀ ਪੈਸੇ ਲੈਕੇ ਉਸਦਾ ਭਵਿੱਖ ਦੱਸਣ, ਕਿਸੇ ਜਾਦੂ ਟੂਣੇ ਦੇ ਅਧਾਰ ਤੇ ਜਾਂ ਕਿਸੇ ਗੁਆਚੀ ਹੋਈ ਚੀਜ਼ ਦਾ ਪਤਾ ਲਾਉਣ ਲਈ ਵਾਅਦਾ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣ ਲਈ ਬਹੁਤ ਹੀ ਕਾਰਗਰ ਧਾਰਾ ਹੈ ਨੂੰ ਮੌਜੂਦਾ ਸਰਕਾਰ ਰੱਦ ਕਰਕੇ ਫਰਾਡ ਵਾਲੀ ਧਾਰਾ ਵਿੱਚ ਹੀ ਸ਼ਾਮਲ ਕੀਤੇ ਜਾਣ ਦੀ ਤਿਆਰੀ ਕਰ ਰਹੀ ਹੈ ਬਾਰੇ ਕਾਫੀ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਲਿਆ ਕਿ ਇਸ ਧਾਰਾ ਨੂੰ ਇੰਨ ਬਿੰਨ ਹੀ ਲਾਗੂ ਰੱਖਿਆ ਜਾਵੇ ਕਿਉਂਕਿ ਮੌਜੂਦਾ ਧਾਰਾ ਵਿੱਚ ਇਸਦੀ ਵਿਆਖਿਆ ਬੜੀ ਹੀ ਸਪਸ਼ਟ ਹੈ। ਸੋ ਇਸ ਧਾਰਾ ਨੂੰ ਨਾ ਬਦਲੇ ਜਾਣ ਲਈ ਸੁਸਾਇਟੀ ਕੈਨੇਡਾ ਦੇ ਸਾਰੇ ਮੈਂਬਰ ਪਾਰਲੀਮੈਂਟ ਨੂੰ ਈਮੇਲ ਰਾਹੀਂ ਇਸ ਸੋਧ ਨੂੰ ਰੁਕਵਾਉਣ ਲਈ ਬੇਨਤੀ ਕਰੇਗੀ। ਇਸਦੇ ਨਾਲ ਹੀ 29 ਜੁਲਾਈ ਨੂੰ ਸਰ੍ਹੀ ਗੁਰਦੁਵਾਰਾ ਸਾਹਿਬ ਵੱਲੋਂ ਕਰਵਾਏ ਜਾ ਰਹੇ ਨਗਰ ਕੀਰਤਨ ਸਮੇਂ ਸੁਸਾਇਟੀ ਦੇ ਸਾਰੇ ਮੈਂਬਰ 124 ਸਟਰੀਟ ਅਤੇ 68 ਐਵੀਨਿਊ ਵਿਖੇ ਠੀਕ 10 ਵਜੇ ਪਹੁੰਚਣਗੇ ਤਾਕਿ ਸੁਸਾਇਟੀ ਵੱਲੋਂ ਜੋਤਸ਼ੀਆਂ, ਤਾਂਤਰਿਕਾਂ, ਜਾਦੂ-ਟੂਣੇ, ਨਗ ਵੇਚਣ ਵਾਲੇ ਆਦਿ ਦੇ ਝੂਠ ਅਤੇ ਠੱਗੀ ਬਾਰੇ ਜਾਣਕਾਰੀ ਦਿੱਤੀ ਜਾ ਸਕੇ।

**ਨਿਰਮਲ ਕਿੰਗਰਾ**

## 14ਵਾਂ ਤਰਕਸ਼ੀਲ ਨਾਟਕ ਮੇਲਾ

ਤਰਕਸ਼ੀਲ ਸੁਸਾਇਟੀ ਭਾਰਤ ਦੀ ਇਕਾਈ ਫਰੀਦਕੋਟ ਵਲੋਂ ਇਸ ਵਾਰ 14ਵਾਂ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਹਰ ਸਾਲ ਬਾਬਾ ਸ਼ੇਖ ਫਰੀਦ ਜੀ ਆਗਮਨ ਪੂਰਬ ਤੇ ਮਿਤੀ 21 ਸਤੰਬਰ 2017 ਨੂੰ ਅਮਰ ਆਸ਼ਰਮ ਫਰੀਦਕੋਟ ਵਿਖੇ ਜੋ ਬੱਸ ਅੱਡੇ ਦੇ ਨਜਦੀਕ ਹੀ ਹੈ। ਸਮਾਂ ਸੁਭਾ 10 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਬਾਬਾ ਸ਼ੇਖ ਫਰੀਦ ਜੀ ਆਗਮਨ ਪੂਰਬ 19 ਸਤੰਬਰ ਤੋਂ 23 ਸਤੰਬਰ ਤੱਕ ਚੱਲਦਾ ਹੈ। ਇਸ ਆਗਮਨ ਪੁਰਬ ਵਿੱਚ ਖੇਡਾਂ, ਜਿਵੇਂ ਕਬੱਡੀ, ਘੋਲ, ਬਾਸਕਟ ਬਾਲ, ਕ੍ਰਿਕਟ, ਬਾਲੀਵਾਲ, ਹਾਕੀ, ਫੁਟਬਾਲ ਮੈਚ, ਵੱਡੇ-ਵੱਡੇ ਝੂਲੇ, ਉੱਘੇ ਜਾਦੂਗਰ, ਵੱਡੇ-ਵੱਡੇ ਕਲਾਕਾਰ, ਹਾਸਰਸ ਕਵੀ ਦਰਬਾਰ, ਕਵਾਲੀਆਂ ਹੁੰਦੀਆਂ ਹਨ। ਪਰ ਇਹਨਾਂ ਸਾਰਿਆਂ ਵਿੱਚ 21 ਸਤੰਬਰ ਨੂੰ ਹੋਣ ਵਾਲਾ ਤਰਕਸ਼ੀਲ ਨਾਟਕ ਮੇਲਾ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕਾ ਹੈ। ਇਸ ਨਾਟਕ ਮੇਲੇ ਨੂੰ ਦੇਖਣ ਲਈ ਦੂਰੋਂ-ਦੂਰੋਂ ਲੋਕ ਆਉਂਦੇ ਹਨ। ਇਸ ਵਾਰ ਵੀ ਨਵੇਂ ਨਾਟਕ, ਨਵੀਆਂ ਕ੍ਰੋਰੀਉਗ੍ਰਾਫੀਆਂ, ਨਵੇਂ ਜਾਦੂ ਦੇ ਟ੍ਰਿਕ, ਨਵੀਆਂ ਵਿਗਿਆਨਕ ਤਕਰੀਰਾਂ ਪੇਸ਼ ਕੀਤੀਆਂ ਜਾਣਗੀਆਂ। ਆਪ ਸਭ ਨੂੰ ਇਸ ਨਾਟਕ ਮੇਲੇ ਵਿੱਚ ਸਮੇਂ ਸਿਰ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੇਕਰ ਕੋਈ ਦੂਰ ਹੈ ਤਾਂ ਉਸ ਦੇ ਰਾਤ ਰਹਿਣ ਦਾ ਵੀ ਪ੍ਰਬੰਧ ਕੀਤਾ ਜਾਵੇਗਾ ਲੋੜ ਪੈਣ ਤੇ ਹੇਠ ਲਿਖੇ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

**-ਲਖਵਿੰਦਰ ਹਾਲੀ** ਮੋਬਾ: 98761-63421

## ਪੁਸਤਕ ਰਿਵੀਊ

ਨਾਮ : ਜੀਵਨੀ ਸ਼ਹੀਦ ਭਗਤ ਸਿੰਘ, ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ, ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ, ਕੀਮਤ : 80/- ਰੁਪਏ

14 ਅਪ੍ਰੈਲ 1919 ਨੂੰ ਭਗਤ ਸਿੰਘ (12 ਸਾਲ) ਦਾ ਜ਼ਲ੍ਹਿਆਂ ਵਾਲਾ ਬਾਗ 'ਚੋਂ ਸ਼ੀਸ਼ੀ 'ਚ ਮਿੱਟੀ ਭਰ ਕੇ ਲਿਆਇਆ ਜੋ ਜ਼ਿੰਦਗੀ ਭਰ ਪ੍ਰੇਰਣਾ ਸਰੋਤ ਬਣੀ ਰਹੀ ਤੇ ਭਗਤ ਸਿੰਘ ਨੇ ਰਹਿੰਦੇ 12 ਸਾਲ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੇ। ਲੇਖਕ ਭਗਤ ਸਿੰਘ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦੇ ਹੋਏ, ਉਸਦੇ ਸਾਰੇ ਪਰਿਵਾਰ ਨਾਲ ਜਾਣ ਪਛਾਣ ਕਰਵਾਂਦਾ ਹੈ ਅਤੇ ਵਿਸ਼ੇਸ਼ ਤੌਰ ਤੇ ਦਾਦਾ ਅਰਜਨ ਸਿੰਘ ਤੇ ਪਿਤਾ ਕਿਸ਼ਨ ਸਿੰਘ ਦੇ ਪ੍ਰਭਾਵਾਂ ਉਪਰ ਚਾਨਣਾ ਪਾਉਂਦਾ ਹੈ। ਭਗਤ ਸਿੰਘ ਦੀ ਸਕੂਲੀ ਤੇ ਕਾਲਜ ਦੀ ਪੜ੍ਹਾਈ ਸਮੇਂ ਮਿਲੇ ਚੰਗੇ ਸਾਥੀਆਂ ਬਾਰੇ ਜਾਣਕਾਰੀ ਮਿਲਦੀ ਹੈ। ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ ਬਣਨ ਦਾ ਇਤਿਹਾਸ ਤੇ ਫਿਰ ਨੌਜਵਾਨ ਭਾਰਤ ਸਭਾ ਬਾਰੇ ਜਾਣਕਾਰੀ ਮਿਲਦੀ ਹੈ। ਭਗਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ, ਫਿਰ ਸਮਾਜਵਾਦ ਵੱਲ ਜੁੜਨ ਦੀ ਸੋਚ ਅਤੇ ਲਾਲਾ ਲਾਜਪਤ ਰਾਏ ਦੀ ਮੌਤ ਉਪਰੰਤ ਬਦਲਾ ਲੈਣ ਲਈ ਸਾਂਡਰਸ ਦੇ ਕਤਲ ਦੀ ਵਿਆਖਿਆ ਹੈ। ਬੰਬ ਬਣਾਉਣ ਲਈ ਜਤਿਨ ਦਾਸ ਦੇ ਯੋਗਦਾਨ ਤੇ ਫਿਰ ਅਸੈਂਬਲੀ 'ਚ ਭਗਤ ਸਿੰਘ ਤੇ ਬਟਕੇਸ਼ਵਰ ਦੱਤ ਵਲੋਂ ਬੰਬ ਸੁੱਟਕੇ ਇਨਕਲਾਬ ਜ਼ਿੰਦਾਬਾਦ ਸਾਮਰਾਜ ਮੁਰਦਾਬਾਦ ਦਾ ਨਾਹਰਾ ਲਾਉਣਾ ਜੋ ਬਾਅਦ 'ਚ ਦੇਸ਼ ਭਰ 'ਚ ਨਾਹਰਾ ਬਣ ਗਿਆ, ਬਾਰੇ ਜਾਣਕਾਰੀ ਮਿਲਦੀ ਹੈ। ਭਗਤ ਸਿੰਘ ਦੀ 63 ਦਿਨ ਦੀ ਭੁੱਖ ਹੜਤਾਲ ਤੇ ਜਤਿਨ ਦਾਸ ਦੀ ਮਹਾਨ ਸ਼ਹੀਦੀ ਪ੍ਰਾਪਤ 63 ਦਿਨ ਦੀ ਭੁੱਖ ਹੜਤਾਲ ਬਾਰੇ ਜਾਣਕਾਰੀ ਹੈ। ਸਪੈਸ਼ਲ ਟ੍ਰਿਬਿਊਨਲ 'ਚ ਚਲੇ ਮੁਕੱਦਮੇ ਦੀ ਜਾਣਕਾਰੀ ਦੇ ਨਾਲ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀ ਫਾਂਸੀ ਦੀ ਸਜ਼ਾ ਮਿਲਣ ਤੋਂ ਬਾਅਦ 24 ਮਾਰਚ ਫਾਂਸੀ ਦੇ ਦਿਨ ਤੱਕ ਹੋਈਆਂ ਗਤੀਵਿਧੀਆਂ ਬਾਰੇ ਵਿਆਖਿਆ ਹੈ। ਇਸ ਪੁਸਤਕ 'ਚ ਬਹੁਤ ਸਾਰੇ ਦੇਸ਼ ਭਗਤਾਂ/ਕ੍ਰਾਂਤੀਕਾਰੀਆਂ ਬਾਰੇ ਸੰਖੇਪ ਜਾਣਕਾਰੀ ਹੈ। ਇਸ ਪੁਸਤਕ 'ਚ ਜੋ ਭਗਤ ਸਿੰਘ ਦੇ ਪਰਿਵਾਰ ਤੇ ਉਸ ਦੇ ਸਾਥੀਆਂ ਬਾਰੇ ਨਿੱਜੀ ਜਾਣਕਾਰੀ ਵਡਮੁੱਲੀ ਹੈ। ਇੰਝ ਜਾਣਕਾਰੀ ਵਲੋਂ ਇਹ ਜੀਵਨੀ ਕੁੱਜੇ 'ਚ ਸਮੁੰਦਰ ਨੂੰ ਬੰਦ ਕੀਤਾ ਗਿਆ ਹੈ। ਭਗਤ ਸਿੰਘ ਦਾ ਸੂਰਮਾ ਤੇ ਉੱਚੀ ਸਮਾਜੀ ਸੋਚ ਵਾਲਾ ਬਣਨ ਦੇ ਸਫ਼ਰ ਦੀ ਖ਼ੂਬਸੂਰਤ ਜਾਣਕਾਰੀ ਹੈ। ਹਰ ਉਸਾਰੂ ਸੋਚ ਵਾਲੇ ਨੂੰ ਇਹ ਪੁਸਤਕ ਪੜ੍ਹਨੀ ਚਾਹੀਦੀ ਹੈ।

**ਪ੍ਰੋ: ਹਰੀ ਸਿੰਘ ਦੁੱਗਰੀ (ਲੁਧਿਆਣਾ)**

# ਰੌਸ਼ਨੀ ਛੱਡਣ ਵਾਲੇ ਜੀਵਾਂ ਦਾ ਅਦਭੁੱਤ ਸੰਸਾਰ



ਪ੍ਰਾਕਿਰਤੀ ਬੜੀ ਹੀ ਵਿਸ਼ਾਲ ਅਤੇ ਅਦਭੁੱਤ ਹੈ। ਇਸ ਵਿਚ ਅਲੱਗ ਅਲੱਗ ਤਰ੍ਹਾਂ ਦੇ ਪਸ਼ੂ, ਪੰਛੀ, ਜੀਵ-ਜੰਤੂ ਅਤੇ ਪੌਦੇ ਪਾਏ ਜਾਂਦੇ ਹਨ। ਜੀਵ ਜੰਤੂਆਂ ਦਾ ਸੰਸਾਰ ਤਾਂ ਬੜਾ ਹੀ ਵਿਸ਼ਾਲ ਅਤੇ ਵਿਚਿੱਤਰ ਹੈ। ਸ਼ਾਕਾਹਾਰੀ, ਮਾਸਾਹਾਰੀ, ਰੀਂਗਣ ਵਾਲੇ, ਤੁਰਣ ਵਾਲੇ, ਉੱਡਣ ਵਾਲੇ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਜੀਵ ਜੰਤੂ ਸਾਡੇ ਆਲੇ ਦੁਆਲੇ ਵਿਚ ਪਾਏ ਜਾਂਦੇ ਹਨ। ਕੁਦਰਤ ਦੇ ਵਿਚ ਬੜੀਆਂ ਰੰਗ ਬਰੰਗੀਆਂ ਸੱਚਾਈਆਂ ਹਨ। ਆਪਣੇ ਖਾਸ ਸੁਭਾ, ਆਕਾਰ ਅਤੇ ਗੁਣਾਂ ਕਰਕੇ ਅਕਸਰ ਵੱਖ ਵੱਖ ਜੀਵ ਅਤੇ ਜਾਨਵਰ ਆਮ ਲੋਕਾਂ ਅਤੇ ਵਿਗਿਆਨਕਾਂ ਦੇ ਲਈ ਚਰਚਾ ਦਾ ਵਿਸ਼ਾ ਬਣਦੇ ਹਨ। ਆਓ ਕੁਝ ਅਜੀਬੋ ਗਰੀਬ ਜੀਵ ਜੰਤੂਆਂ ਦੇ ਬਾਰੇ ਵਿਸਤਾਰ ਸਹਿਤ ਜਾਣਕਾਰੀ ਹਾਸਲ ਕਰੀਏ, ਜਿਹੜੇ ਕਿ ਆਪਣੇ ਸਰੀਰ ਦੇ ਵਿਚੋਂ ਬੜੀ ਚਮਕਦਾਰ ਅਤੇ ਪ੍ਰਭਾਵਸ਼ਾਲੀ ਰੌਸ਼ਨੀ ਛੱਡਦੇ ਹਨ ਅਤੇ ਆਪਣੇ ਆਲੇ ਦੁਆਲੇ ਦੇ ਵਿੱਚ ਤਾਪ ਅਤੇ ਪ੍ਰਕਾਸ਼ ਫੈਲਾਉਂਦੇ ਹਨ।

ਇਸ ਸ਼੍ਰੇਣੀ ਦੇ ਵਿਚ ਸਭ ਤੋਂ ਪਹਿਲਾਂ ਜੋ ਪ੍ਰਮੁੱਖ ਅਤੇ ਪ੍ਰਸਿੱਧ ਜੰਤੂ ਆਉਂਦਾ ਹੈ, ਉਸਨੂੰ ਅਸੀਂ ਸਾਧਾਰਣ ਬੋਲ ਚਾਲ ਦੀ ਭਾਸ਼ਾ ਦੇ ਵਿਚ 'ਜੁਗਨੂੰ' ਆਖਦੇ ਹਾਂ। 'ਫਾਇਰ ਫਲਾਈ' ਵਜੋਂ ਜਾਣਿਆਂ ਜਾਣ ਵਾਲਾ ਇਹ ਜੀਵ ਅਕਸਰ ਝਾੜੀਆਂ ਜਾਂ ਖੇਤਾਂ ਦੇ ਵਿਚ ਰਾਤ ਸਮੇਂ ਜਗਮਗ ਜਗਮਗ ਜਗਦਾ ਵਿਖਾਈ ਦਿੰਦਾ ਹੈ। ਇਸ ਜੀਵ ਦੇ ਸਰੀਰ ਦੀ ਬਣਤਰ ਐਨੀ ਦਿਲਚਸਪ ਅਤੇ ਗੁੰਝਲਦਾਰ ਹੈ ਕਿ ਕਾਫ਼ੀ ਦੇਰ ਤੱਕ ਜੀਵ ਵਿਗਿਆਨਕ ਵੀ ਇਸ ਦੀ ਰੌਸ਼ਨੀ ਦਾ ਸੋਮਾ ਲੱਭਣ ਵਿਚ ਅਸਮਰੱਥ ਰਹੇ ਸਨ। ਇਸ ਜੀਵ ਦੇ ਸਰੀਰ ਦੇ ਪਿਛਲੇ ਹਿੱਸੇ ਤੋਂ ਇਕ ਬਿੰਦੂ ਦੀ ਤਰ੍ਹਾਂ ਰੌਸ਼ਨੀ ਜਗਦੀ ਬੁਝਦੀ ਰਹਿੰਦੀ ਹੈ ਅਤੇ ਸਾਡੇ ਚੁਫ਼ੇਰੇ ਨੂੰ ਰੁਸ਼ਨਾਉਂਦੀ ਰਹਿੰਦੀ ਹੈ। ਉੱਘੇ ਜੰਤੂ ਮਾਹਰ ਫਰੈਂਕਲਿਨ ਦੇ ਅਨੁਸਾਰ "ਇਸ ਜੀਵ ਦੇ ਸਰੀਰ ਦੇ ਪਿਛਲੇ ਭਾਗ ਵਿਚ ਇਕ ਰਸਾਇਣ ਹੁੰਦਾ ਹੈ, ਜੋ ਕਿ ਇੱਕ ਖਾਸ ਸਥਿਤੀ ਦੇ ਵਿਚ ਆਕਸੀਜਨ ਦੇ ਸੰਪਰਕ ਦੇ ਵਿਚ ਆਉਂਦਾ ਹੈ ਅਤੇ ਫਿਰ ਚਮਕਣ ਲਗਦਾ ਹੈ" ਇਸੇ ਲਈ ਜੁਗਨੂੰ ਦੇ ਵਿੱਚ ਰੌਸ਼ਨੀ ਛੱਡਣ ਦੀ ਸਮਰੱਥਾ ਹੈ।

ਕੁਝ ਹਾਲਤਾਂ ਦੇ ਵਿਚ ਵੇਖਿਆ ਗਿਆ ਹੈ ਕਿ ਕੁਝ ਪੰਛੀਆਂ ਦੇ ਖੰਭ ਵੀ ਰਾਤ ਨੂੰ ਉਡਣ ਸਮੇਂ ਚਮਕਦੇ ਵਿਖਾਈ ਦਿੰਦੇ ਹਨ। ਅਸਲ ਵਿਚ ਪੰਛੀਆਂ ਦੇ ਵਿਚ ਖੁਦ ਅਜਿਹੀ ਕੋਈ ਪ੍ਰਕਾਸ਼ ਛੱਡਣ ਦੀ ਸਮਰੱਥਾ ਨਹੀਂ ਹੁੰਦੀ। ਦਰਅਸਲ ਇਨ੍ਹਾਂ ਪੰਛੀਆਂ ਦੇ ਖੰਭਾਂ ਦੇ ਵਿਚ ਰਹਿਣ ਵਾਲੇ ਪੈਰਾਸਾਈਟ ਭਾਵ ਪਰਜੀਵੀ, ਸੂਖਮ ਜੀਵ ਜਾਂ ਜੀਵਾਣੂ-ਵਿਸ਼ਾਣੂ ਇਸ ਰੌਸ਼ਨੀ ਦਾ ਸਰੋਤ ਬਣਦੇ ਹਨ। ਗਲੋ ਵਾਰਮ, ਬੈਲ ਕਾਈਟ ਅਤੇ ਡੌਮ ਸੈੱਲ ਵਰਗੇ ਜੀਵਾਂ ਵਿਚ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਆਕਸੀਜਨ ਦੇ ਸੰਪਰਕ ਵਿਚ ਆਉਣ ਤੇ ਇਨ੍ਹਾਂ ਦਾ ਸਰੀਰ

ਡਿੰਪਲ, ਪੀ.ਸੀ.ਐਸ. (ਏ.)
ਮੋ. 9888569669

ਜਲ ਉਠਦਾ ਹੈ। ਇਸੇ ਕਰਕੇ ਉਡਣ ਸਮੇਂ ਕੁਝ ਪੰਛੀ ਰੌਸ਼ਨੀ ਛੱਡਦੇ ਹਨ। ਅਜਿਹੇ ਪੰਛੀਆਂ ਨੂੰ 'ਫਲਾਈਂਗ ਫਾਇਰਜ਼' ਵੀ ਆਖਿਆ ਜਾਂਦਾ ਹੈ।

ਰੌਸ਼ਨੀ ਪੈਦਾ ਕਰਨ ਦਾ ਇਹ ਅਦਭੁੱਤ ਗੁਣ ਸਮੁੰਦਰੀ ਜੀਵਾਂ ਦੇ ਵਿਚ ਸਭ ਤੋਂ ਜ਼ਿਆਦਾ ਪਾਇਆ ਜਾਂਦਾ ਹੈ। ਸਮੁੰਦਰ ਦੀ ਸਤ੍ਹਾ 'ਤੇ ਤੈਰਨ ਵਾਲੇ ਜੀਵ ਅਤੇ ਸਮੁੰਦਰੀ ਤਲ ਵਿਚ ਹੇਠਾਂ ਗਹਿਰੇ ਹਨੇਰੇ ਦੇ ਵਸਨੀਕ ਰਾਤ ਦੇ ਸਮੇਂ ਰਸਤਾ ਅਤੇ ਸ਼ਿਕਾਰ ਲੱਭਣ ਦੇ ਲਈ ਆਪਣੀ ਵਿਚਿੱਤਰ ਵਿਸ਼ੇਸ਼ਤਾ ਦਾ ਉਪਯੋਗ ਕਰਦੇ ਹਨ। ਕੁਦਰਤ ਦੇ ਵਲੋਂ ਦਿੱਤੀ ਇਸ ਹੈਰਾਨੀ ਜਨਕ ਸਮਰੱਥਾ ਦਾ ਲਾਭ ਉਠਾ ਕੇ ਇਹ ਜੀਵ ਜੰਤੂ ਖੂਬ ਮੌਜ਼ ਮਸਤੀ ਕਰਦੇ ਹਨ। ਇਸ ਦੀ ਮਦਦ ਨਾਲ ਕਈ ਵਾਰੀ ਮੱਛੀਆਂ ਜਾਂ ਛੋਟੇ ਸਮੁੰਦਰੀ ਜੀਵ ਆਪਣੇ ਦੁਸ਼ਮਣਾਂ ਭਾਵ ਵੱਡੀਆਂ ਮੱਛੀਆਂ ਤੋਂ ਬਚਦੇ ਹਨ। ਕਈ ਵਾਰ ਤਾਂ ਇਹ ਸੂਖਮ ਜੀਵ ਜਾਂ ਮੱਛੀਆਂ ਇਕਜੁੱਟ ਹੋ ਕੇ ਆਪਣੇ ਦੁਸ਼ਮਣ ਤੇ ਹਮਲਾ ਕਰਨ ਦਾ ਹੌਸਲਾ ਵੀ ਜੁਟਾ ਲੈਂਦੀਆਂ ਹਨ।

ਰਾਤ ਦੇ ਘੋਰ ਹਨੇਰੇ ਦੇ ਵਿੱਚ ਜਦ ਇਹ ਜੰਤੂ ਇਕ ਸਾਥ ਰੌਸ਼ਨੀ ਛੱਡਦੇ ਹਨ ਤਾਂ ਸਾਰਾ ਸਮੁੰਦਰ ਜਗਮਗਾ ਉਠਦਾ ਹੈ ਅਤੇ 'ਦੀਵਾਲੀ ਕੀ ਰਾਤ ਦੀਵੇ ਬਾਲਣ' ਵਰਗਾ ਮਾਹੌਲ ਪੈਦਾ ਹੋ ਜਾਂਦਾ ਹੈ। ਕਦੀ ਕਦੀ ਤਾਂ ਇੰਜ ਜਾਪਦਾ ਹੈ ਜਿਵੇਂ ਕਿਤੇ ਸਾਰੀਆਂ ਸਾਗਰੀ ਲਹਿਰਾਂ ਨੂੰ ਹੀ ਅੱਗ ਲੱਗ ਗਈ ਹੋਵੇ। ਪੁਰਾਤਨ ਕਰਨ ਵਿਚ ਇਕ ਨਾਵਿਕ 'ਵੀਨ ਫੇਨਸ' ਨੇ ਆਪਣੀ ਪੁਸਤਕ 'ਓਸ਼ਨ ਜਰਨੀ' ਦੇ ਵਿਚ ਰਾਤ ਸਮੇਂ ਵਿਖਾਈ ਦੇਣ ਵਾਲੀ ਇਸ ਅਗਨੀ ਦਾ ਜ਼ਿਕਰ ਕਰਦਿਆਂ ਆਖਿਆ ਹੈ ਕਿ 'ਪਹਿਲਾਂ ਤਾਂ ਮੈਨੂੰ ਹੈਰਾਨੀ ਹੋਈ ਕਿ ਕਿਤੇ ਮੈਂ ਕਿਸੇ ਸਵਰਗ ਵਿਚ ਤਾਂ ਨਹੀਂ ਪਹੁੰਚ ਗਿਆ, ਪਰ ਜਦ ਮੈ ਆਪੇ ਜਿਸਮ ਤੇ ਚੂੰਢੀ ਵੱਢੀ ਤਾਂ ਸੱਚ ਨਾਲ ਸਾਹਮਣਾ ਕਰਨ ਦਾ ਵੇਲਾ ਆ ਚੁੱਕਾ ਸੀ।" ਉਸ ਸਮੇਂ ਫੇਨਸ ਦੇ ਇਸ ਦਾਅਵੇ ਤੇ ਕਿਸੇ ਨੇ ਵੀ ਯਕੀਨ ਨਹੀਂ ਸੀ ਕੀਤਾ। ਇਥੋਂ ਤੱਕ ਕਿ 18 ਵੀ ਸਦੀ ਦੇ ਸੁਪ੍ਰਸਿੱਧ ਤਰਕਸ਼ੀਲ ਆਗੂ ਡਾ. ਫੇਨੀਜ਼ਨ ਹਾਰਡੀ ਨੇ ਵੀ ਇਸ ਕਥਨ ਨੂੰ ਇਕ ਮਹਿਜ਼ ਸਾਹਿਤਕ ਕਲਪਨਾ ਜਾਂ ਅੱਖਾਂ ਦਾ ਭੁਲੇਖਾ ਕਹਿ ਕੇ ਠੁਕਰਾ ਦਿੱਤਾ ਸੀ। ਪਰ ਅੱਜ ਇਸ ਵਿਗਿਆਨਕ ਤੱਥ ਤੇ ਪ੍ਰਮਾਣਿਕਤਾ ਦੀ ਮੋਹਰ ਲੱਗ ਚੁੱਕੀ ਹੈ। ਡਾਕਟਰ ਜੌਗਿਡ ਫੋਇਲ ਮੁਤਾਬਿਕ "ਇਕ ਕੋਸ਼ੀ ਪ੍ਰਾਣੀ ਪ੍ਰੋਟੋਜੋਆ ਅਤੇ ਨਾਟ ਕਿਊਲੋਕ ਦੇ ਅਰਬਾਂ ਦੀ ਗਿਣਤੀ ਵਿੱਚ ਜੰਤੂ ਇਕੱਠੇ ਹੋ ਕੇ ਜੋ ਪ੍ਰਕਾਸ਼ ਛੱਡਦੇ ਹਨ, ਉਹੀ ਸਮੁੰਦਰੀ ਅੱਗ ਬਣ ਜਾਂਦਾ ਹੈ। ਇਹ ਰੌਸ਼ਨੀ ਤੇਜ਼, ਚਮਕਦਾਰ ਅਤੇ ਠੰਡੀ ਹੁੰਦੀ ਹੈ।"

ਝੀਂਗਾ ਮੱਛੀ ਦੇ ਵਰਗ ਦਾ ਸਮੁੰਦਰੀ ਜੀਵ ਸਾਈਪਿੰਡਨਾ ਇਕ ਹੋਰ ਸੂਖਮ ਜੀਵ ਹੈ ਜੋ ਕਿ ਰੌਸ਼ਨੀ ਛੱਡਦਾ ਹੈ। ਇਹ ਸੂਖਮ ਜੀਵ ਨੀਲੀ ਰੌਸ਼ਨੀ ਛੱਡਦਾ ਹੈ। ਇਹ ਸੂਖ਼ਮ ਜੀਵ ਨੀਲੀ ਰੌਸ਼ਨੀ ਛੱਡਦਾ ਹੈ। ਕਰੋੜਾਂ ਦੀ ਤਾਦਾਦ ਦੇ ਵਿਚ ਸਾਈਪਿੰਡਨਾ ਸਮੂਹਿਕ ਰੂਪ ਵਿਚ ਇਕੱਠੇ ਕਰਕੇ (ਪਾਊਡਰ ਦੇ ਰੂਪ ਵਿਚ) ਸੰਭਾਲੇ ਜਾਂਦੇ ਹਨ, ਅਤੇ ਇਸ ਨੂੰ ਇਸ ਕੱਚ

ਦੇ ਬਰਤਨ ਦੇ ਵਿੱਚ ਪਾ ਕੇ ਰੱਖਿਆ ਜਾਂਦਾ ਹੈ। ਇਸ ਬਰਤਨ ਦੇ ਵਿੱਚ ਇਕ ਬੂੰਦ ਪਾਣੀ ਦੀ ਪਾਉਣ ਤੇ ਇਹ ਪਾਊਡਰ ਰੌਸ਼ਨੀ ਛੱਡਣ ਲੱਗਦਾ ਹੈ ਅਤੇ ਇਹ ਰੌਸ਼ਨੀ ਐਨੀ ਜ਼ਿਆਦਾ ਹੁੰਦੀ ਹੈ ਕਿ ਇਸ ਦੀ ਮਦਦ ਦੇ ਨਾਲ ਅਸੀਂ ਅਖ਼ਬਾਰ ਵੀ ਪੜ ਸਕਦੇ ਹਾਂ। ਪੁਰਾਣੇ ਵੇਲੇ ਵਿਚ ਬੋਤਲ ਵਿਚ ਇਹ ਜੀਵ ਪਾਊਡਰ ਪਾ ਕੇ ਇਸ ਤੋਂ ਲਾਲਟੈਨ ਜਾਂ ਮੋਮਬੱਤੀ ਦਾ ਕੰਮ ਲਿਆ ਜਾਂਦਾ ਸੀ। ਉੱਘੇ ਅੰਗਰੇਜ਼ੀ ਸ਼ਾਇਰ ਬਾਇਰਨ ਨੇ ਆਪਣੀ ਇਕ ਨਜ਼ਮ 'ਦਾ ਸੀ' (ਸਾਗਰ) ਦੇ ਵਿਚ 'ਵਿਚ ਸਾਈਪਿੰਡਨਾ ਪਾਊਡਰ ਐਜ ਮਾਈ ਗਾਈਡ, ਆਈ ਮੂਵਡ ਅਹੈੱਡ' ਭਾਵ 'ਇਸ ਜੀਵ ਪਾਊਡਰ ਨੇ ਮੈਨੂੰ ਰਸਤਾ ਦਿਖਾਇਆ ਅਤੇ ਮੈਂ ਅੱਗੇ ਵਧਦਾ ਗਿਆ' ਲਿਖ ਕੇ ਇਸ ਸੱਚਾਈ ਨੂੰ ਪ੍ਰਮਾਣਿਤ ਕੀਤਾ ਹੈ। ਵਰਣਨਯੋਗ ਹੈ ਕਿ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਜਾਪਾਨੀ ਸੈਨਾ ਦੇ ਵੱਡੇ ਅਫ਼ਸਰ ਆਪਣੇ ਕੋਲ ਇਹ ਸਾਈਪਿੰਡਨਾ ਪਾਊਡਰ ਰੱਖਿਆ ਕਰਦੇ ਸਨ। ਗੂੜੇ ਹਨੇਰੇ ਦੇ ਵਿਚ ਉਹ ਇਸ ਦੀ ਮਦਦ ਦੇ ਨਾਲ ਰਾਹ ਲੱਭਦੇ ਸਨ ਜਾਂ ਕੋਈ ਸੁਨੇਹਾ, ਹੁਕਮ ਜਾਂ ਖ਼ਤ ਜਾਂ ਨਕਸ਼ਾ ਪੜ੍ਹਿਆ ਕਰਦੇ ਸਨ। ਸਮੁੰਦਰ ਦੇ ਜੀਵ ਸਮੂਹਿਕ ਰੂਪ ਵਿਚ ਇਕੱਠੇ ਹੋਏ ਸਾਈਪਿੰਡਨਾ ਜੀਵਾਂ ਦੁਆਰੇ ਛੱਡੀ ਰੌਸ਼ਨੀ ਦੀ ਮਦਦ ਦੇ ਨਾਲ ਸ਼ਿਕਾਰੀ ਜੀਵਾਂ ਤੋਂ ਆਪਣੀ ਰੱਖਿਆ ਕਰਦੇ ਹਨ।

ਕੁਝ ਜੀਵਾਂ ਦੇ ਵਿੱਚ ਜਖਮੀ ਹੋਣ ਤੇ ਰੌਸ਼ਨੀ ਛੱਡਣ ਦੀ ਅਦਭੁੱਤ ਸ਼ਕਤੀ ਪਾਈ ਜਾਂਦੀ ਹੈ। ਏਕੋਲੋ ਇਕ ਅਜਿਹਾ ਹੀ ਸਮੁੰਦਰੀ ਜੀਵ ਹੈ। ਜੇਕਰ ਕੋਈ ਸ਼ਿਕਾਰੀ ਬੰਦਾ ਜਾਂ ਜਾਨਵਰ ਇਸ ਤੇ ਵਾਰ ਕਰ ਦੇਵੇ ਤਾਂ ਇਸ ਦਾ ਸਰੀਰ ਜ਼ਖਮ ਵਾਲੀ ਥਾਂ ਤੋਂ ਚਮਕਣ ਲੱਗਦਾ ਹੈ। ਇਸ ਨਾਲ ਇਸ ਦਾ ਬਚਾਓ ਹੁੰਦਾ ਹੈ ਕਿਉਂਕਿ ਇਸ ਦੀ ਤਿੱਖੀ ਅਸਹਿਣਯੋਗ ਰੌਸ਼ਨੀ ਸ਼ਿਕਾਰੀ ਦੀਆਂ ਅੱਖਾਂ ਚੁੰਧਿਆ ਦਿੰਦੀ ਹੈ ਅਤੇ ਇਸ ਦੀ ਰੌਸ਼ਨੀ ਵੇਖ ਕੇ ਇਸ ਦੇ ਸਾਥੀ ਜੀਵ ਵੀ ਆਪਣੇ ਜ਼ਖਮੀ ਸਾਥੀ ਦੀ ਮਦਦ ਦੇ ਲਈ ਇਕਦਮ ਇਕੱਠੇ ਹੋ ਕੇ ਦੁਸ਼ਮਣ ਤੇ ਧਾਵਾ ਬੋਲਣ ਦੀ ਤਿਆਰੀ ਕਰ ਦਿੰਦੇ ਹਨ ਅਤੇ ਬਹੁਤੀਆਂ ਹਾਲਤਾਂ ਦੇ ਵਿਚ ਅਣਜਾਣ ਸ਼ਿਕਾਰੀ ਦੇ ਕੇਲੋ ਨੂੰ ਆਪਣਾ ਭੋਜਨ ਬਣਾਉਣ ਦੀ ਕੋਸ਼ਿਸ਼ ਦੇ ਵਿਚ ਖੁਦ ਇਨ੍ਹਾਂ ਦਾ ਭੋਜਨ ਬਣ ਜਾਂਦਾ ਹੈ। 'ਗੱਰਾਸ਼' ਨਾਂ ਦੇ ਜੀਵ ਦੀ ਵਿਸ਼ੇਸ਼ਤਾ ਇਹ ਹੈ ਕਿ ਜਦ ਕੋਈ ਦੁਸ਼ਮਣ ਪ੍ਰਾਣੀ ਇਸ ਤੇ ਹਮਲਾ ਕਰ ਕੇ ਇਸ ਦੇ ਸਰੀਰ ਦੇ ਦੋ ਹਿੱਸੇ ਕਰ ਦੇਵੇ ਤਾਂ ਇਸਦਾ ਪਿਛਲਾ ਭਾਗ ਹਲਕੀ ਰੌਸ਼ਨੀ ਛੱਡਦਾ ਹੈ ਅਤੇ ਸ਼ਿਕਾਰੀ ਇਸ ਵੱਲ ਆਕਰਸ਼ਤ ਹੁੰਦਾ ਹੈ ਅਤੇ ਮੌਕੇ ਦਾ ਫਾਇਦਾ ਉਠਾ ਕੇ ਇਸ ਦਾ ਅਗਲਾ ਭਾਗ ਭੱਜਣ ਵਿਚ ਕਾਮਯਾਬ ਹੋ ਜਾਂਦਾ ਹੈ। ਜੇਕਰ ਸ਼ਿਕਾਰੀ ਜੀਵ ਛੋਟੇ ਆਕਾਰ ਦਾ ਅਤੇ ਘੱਟ ਤੇਜ਼ ਜਾਂ ਘੱਟ ਜ਼ਹਿਰੀਲਾ ਹੋਵੇ ਤਾਂ ਇਹ ਉਸਤੇ ਪਿਛਲੇ ਪਾਸਿਓਂ ਹਮਲਾ ਕਰ ਕੇ ਉਸਨੂੰ ਆਪਣਾ ਸ਼ਿਕਾਰ ਬਣਾ ਲੈਂਦਾ ਹੈ। ਪਰ ਅਜਿਹਾ ਬਹੁਤ ਘੱਟ ਹਾਲਤਾਂ ਵਿਚ ਹੁੰਦਾ ਹੈ ਕਿਉਂਕਿ ਉਸ ਸਮੇਂ ਜ਼ਖਮੀ ਹੋਏ ਜੀਵ ਨੂੰ ਸਭ ਤੋਂ ਵੱਡਾ ਫਿਕਰ ਆਪਣੇ ਜਾਨ ਦੀ ਰੱਖਿਆ ਕਰਨਾ ਹੁੰਦਾ ਹੈ। ਕੁਝ ਜੀਵ ਕੱਟੇ ਜਾਣ ਤੇ ਤਾਂ ਜ਼ਖਮ ਹੋਣ ਤੇ ਅਜਿਹੀ ਰੌਸ਼ਨੀ ਅਤੇ ਬਦਬੋ ਛੱਡਦੇ ਹਨ ਕਿ ਜਦ ਦੁਸ਼ਮਣ ਉਸਨੂੰ ਆਪਣੇ ਜਬਾੜੇ ਦੇ ਵਿਚ ਕਸਣ ਵਾਲਾ ਹੀ ਹੁੰਦਾ ਹੈ ਤਾਂ ਇਕਦਮ ਭੈੜੀ ਬਦਬੋ ਤੇ ਰੌਸ਼ਨੀ ਤੋ ਹੈਰਾਨ ਪ੍ਰੇਸ਼ਾਨ ਹੋ ਕੇ ਦੁਸ਼ਮਣ ਦਾ ਮੂੰਹ ਖੁੱਲਾ ਹੀ ਰਹਿ ਜਾਂਦਾ ਹੈ ਅਤੇ ਸ਼ਿਕਾਰ ਦੌੜਣ ਦੇ ਵਿਚ ਕਾਮਯਾਬ ਹੋ ਜਾਂਦਾ ਹੈ। ਝੀਂਗਾ ਮੱਛੀ ਵੀ ਆਪਣੇ ਵੈਰੀ ਜੀਵਾਂ ਤੋਂ ਬਚਣ ਲਈ ਇਕਦਮ ਪ੍ਰਕਾਸ਼ ਛੱਡਣ ਦੀ ਵਿਧੀ ਦਾ ਸਹਾਰਾ ਲੈਂਦੀ ਹੈ। ਸ਼ਰਿੰਪਾ ਮੱਛੀਆਂ ਦਾ ਸਮੂਹ ਵੀ ਇਕਦਮ ਤੇਜ਼ ਹੈਰਾਨੀਜਨਕ ਰੌਸ਼ਨੀ ਛੱਡ ਕੇ ਆਪਣੇ ਦੁਸ਼ਮਣ ਨੂੰ ਚਕਮਾ ਦੇ ਕੇ ਦੌੜਣ ਵਿਚ ਮਾਹਰ ਮੰਨਿਆਂ ਜਾਂਦਾ ਹੈ।

ਸਮੁੰਦਰ ਦੇ ਵਿਚ ਅਨੇਕਾਂ ਅਜਿਹੇ ਜੀਵ ਪਾਏ ਜਾਂਦੇ ਹਨ ਜੋ ਕਿ ਆਪਣੀ ਰੌਸ਼ਨੀ ਛੱਡਣ ਦੀ ਵਿਸ਼ੇਸ਼ ਯੋਗਤਾ ਦੇ ਕਰਕੇ ਰੌਚਿਕਤਾ ਅਤੇ ਅਧਿਐਨ ਦਾ ਆਧਾਰ ਬਣਦੇ ਹਨ। ਅਜਿਹੇ ਜੀਵਾਂ ਵਿਚ 'ਐਂਡੋਂਟੋਸ਼ ਲਾਸ' (ਓਨਦੋਨਟੋਸਹਏਲੋਸਸ) ਦਾ ਨਾਮ ਸਭ ਤੋਂ ਪ੍ਰਮੁੱਖ ਹੈ ਕਿਉਂਕਿ ਇਹ ਇਕ ਅਜਿਹਾ ਜੀਵ ਹੈ ਜੋ ਕਿ ਲਗਭਗ ਸਮੁੱਚੀ ਦੁਨੀਆਂ ਦੇ ਵਿੱਚ ਸਾਗਰਾਂ ਦੇ ਵਿਚ ਪਾਇਆ ਜਾਂਦਾ ਹੈ। ਇਸ ਦੀ ਮਾਦਾ ਪੂਰਨਮਾਸੀ ਦੇ ਬਾਦ ਛੋਟੇ ਛੋਟੇ ਚੱਕਰਾਂ ਦੇ ਵਿਚ ਚਮਕੀਲਾ ਹਰਾ ਪ੍ਰਕਾਸ਼ ਛੱਡਦੀ ਹੋਈ ਸਮੁੰਦਰ ਦੇ ਪਾਣੀ ਉਪਰ ਤੈਰਦੀ ਰਹਿੰਦੀ ਹੈ। ਇਸ ਰੌਸ਼ਨੀ ਤੋਂ ਆਕਰਸ਼ਤ ਹੋ ਕੇ ਨਰ ਵੀ ਰੌਸ਼ਨੀ ਛੱਡਦੇ ਹੋਏ ਮਾਦਾ ਦੇ ਵੱਲ ਆਕਰਸ਼ਤ ਹੁੰਦੇ ਹਨ। ਕਈ ਨਰ ਇਕ ਮਾਦਾ ਨੂੰ ਘੇਰ ਲੈਂਦੇ ਹਨ। ਇਸ ਸਮੇਂ ਮਾਦਾ ਦੀ ਹਾਲਤ ਬੜੀ ਹੀ ਨਾਜ਼ੁਕ ਅਤੇ ਤਰਸ ਯੋਗ ਹੁੰਦੀ ਹੈ। ਅਜਿਹੀ ਹਾਲਤ ਦੇ ਵਿਚ ਨਰਾਂ ਦਾ ਇਕ ਪੂਰਾ ਸਮੂਹ ਇਕ ਚਮਕਦੇ ਦਮਕਦੇ ਚੱਕਰ ਦੇ ਰੂਪ ਦੇ ਵਿਚ ਸਤ੍ਹਾ ਤੇ ਤੈਰਦਾ ਦਿਖਾਈ ਦਿੰਦਾ ਹੈ। ਇਹ ਦ੍ਰਿਸ਼ ਬੜਾ ਹੀ ਖੂਬਸੂਰਤ ਅਤੇ ਲੁਭਾਵਣਾ ਦਿਖਾਈ ਦਿੰਦਾ ਹੈ। ਅਮਰੀਕਾ ਦੇ ਖੋਜਾਰਥੀ ਕੋਲੰਬਸ ਨੇ ਆਪਣੀ ਯਾਤਰਾ ਦੇ ਉਲੇਖ 'ਮੇਰੀ ਭਾਰਤ ਤਰਫ਼ ਯਾਤਰਾ' ਵਿਚ ਇਸ ਅਨੋਖੇ ਜੀਵ ਦਾ ਜ਼ਿਕਰ ਵੀ ਕੀਤਾ ਹੈ। ਉਸ ਸਮੇਂ ਇਸ ਤੱਥ ਨੂੰ ਇਕ ਰਹੱਸਮਈ ਘਟਨਾ ਮੰਨਿਆਂ ਜਾਂਦਾ ਸੀ।

ਸਮੁੰਦਰੀ ਜੀਵ ਮੁੱਖ ਰੂਪ ਵਿਚ 3 ਤਰ੍ਹਾਂ ਦੀ ਰੌਸ਼ਨੀ ਛੱਡਦੇ ਹਨ-ਸਫ਼ੈਦ (ਜਾਂ ਦੂਧੀਆ), ਨੀਲੀ-ਹਰੀ ਅਤੇ ਗੂੜ੍ਹੀ ਲਾਲ। ਆਮ ਤੌਰ ਤੇ ਵਧੇਰੇ ਜੀਵ ਸਿਰਫ਼ ਇਕ ਤਰ੍ਹਾਂ ਦੀ ਰੌਸ਼ਨੀ ਹੀ ਛੱਡਦੇ ਹਨ। ਪਰ ਕੁਝ ਜੀਵ ਜੰਤੂ ਅਲੱਗ ਅਲੱਗ ਤਰ੍ਹਾਂ ਦੀ ਰੌਸ਼ਨੀ ਵੀ ਛੱਡਦੇ ਹਨ। ਮਿਸਾਲ ਵਜੋਂ ਹੈਚਟ ਮੱਛੀ ਸਕਵਿਡ (ਘੋਗੇ ਦੇ ਵਰਗ ਦਾ ਇਕ ਪ੍ਰਸਿੱਧ ਪ੍ਰਾਣੀ), ਫ੍ਰਿੰਕਸੇਥੇਕਿਸ ਆਦਿ। ਫ੍ਰਿੰਕਸੇਥੇਕਿਸ ਦੇ ਲਾਰਵਾ ਦੇ ਤਿੰਨ ਜੋੜ ਹੁੰਦੇ ਹਨ। ਇਹ ਬੜੇ ਹੀ ਖ਼ੂਬਸੂਰਤ ਵਿਖਾਈ ਦਿੰਦੇ ਹਨ। ਇਹ ਇਕ ਜਲਦੀ ਹੋਈ ਸਿਗਰਟ ਦੇ ਵਾਂਗ ਵਿਖਾਈ ਦੇਣ ਵਾਲਾ ਜੰਤੂ ਹੈ। ਜੋੜਿਆਂ ਦੇ ਰੂਪ ਵਿਚ ਇਹ ਇੱਕ ਰੇਲਗੱਡੀ ਦੇ ਵਾਂਗ ਪ੍ਰਤੀਤ ਹੁੰਦਾ ਹੈ। ਇਸੇ ਲਈ ਡਾਕਟਰ ਪ੍ਰੇਗਲ ਸਿਗਮੇਂਡ ਨੇ ਇਸ ਜੀਵ ਨੂੰ 'ਰੇਲ ਰੋਡ ਵੋਰਮ' ਦੀ ਸੰਗਿਆ ਦਿੱਤੀ ਹੈ।

ਗਹਿਰੇ ਹਨੇਰੇ ਦੇ ਵਿਚ ਅਨੇਕਾਂ ਮੱਛੀਆਂ ਵੀ ਰੌਸ਼ਨੀ ਛੱਡਦੀਆਂ ਹਨ। ਐਂਮਲਰ ਫਿਸ਼, ਫ਼ੂਲ ਪਵਾਇੰਟ ਫਿਸ਼, ਕਿਡਨੀ ਫਿਸ਼, ਲਾਈਟਨਿੰਗ ਫਿਸ਼ਮ ਮੀਟਰ ਫਿਸ਼ ਅਤੇ ਜਸ਼ਨ ਵੋਰਮ ਕੁਝ ਹੋਰ ਵਰਣਨਯੋਗ ਜੀਵ ਜੰਤੂ ਹਨ ਜੋ ਕਿ ਤੇਜ਼ ਬਿਜਲਈ ਰੌਸ਼ਨੀ ਵਰਗਾ ਪ੍ਰਕਾਸ਼ ਛੱਡਣ ਵਿਚ ਮਾਹਰ ਹਨ। ਐਮਲਰ ਫਿਸ਼ ਪਾਣੀ ਦੇ ਵਿਚ ਇਕ ਜਲਦੀ ਹੋਈ ਮੋਮਬੱਤੀ ਦੇ ਵਾਂਗ ਵਿਖਾਈ ਦਿੰਦੀ ਹੈ। ਆਮ ਤੌਰ ਤੇ ਇਸ ਦੀ ਰੌਸ਼ਨੀ ਨੂੰ ਅੱਗ ਸਮਝ ਕੇ ਵਧੇਰੇ ਜੀਵ ਜੰਤੂ ਇਸ ਦਾ ਸ਼ਿਕਾਰ ਕਰਨ ਤੋਂ ਕੰਨੀ ਕਤਰਾਉਂਦੇ ਹਨ। ਰਾਤ ਦੇ ਸਮੇਂ ਇਹ ਮੱਛੀਆਂ ਜਦ ਸਮੂਹਿਕ ਰੂਪ ਵਿਚ ਤੈਰਦੀਆਂ ਵਿਖਾਈ ਦਿੰਦੀਆਂ ਹਨ ਤਾਂ ਬੜਾ ਹੀ ਮਨਮੋਹਕ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਦ ਕੋਈ ਵੱਡਾ ਜੀਵ ਇਨ੍ਹਾਂ ਵੱਲ ਲਲਚਾਈਆਂ ਅੱਖਾਂ ਨਾਲ ਵੇਖਦਾ ਹੋਇਆ ਇਨ੍ਹਾਂ ਦਾ ਸ਼ਿਕਾਰ ਕਰਨ ਦੇ ਲਈ ਅੱਗੇ ਵੱਧਦਾ ਹੈ ਤਾਂ ਇਹ ਥੋੜਾ ਕੁ ਖ਼ਤਰਾ ਮਹਿਸੂਸ ਕਰਨ ਤੇ ਹੀ ਰੌਸ਼ਨੀ ਦਾ ਸਰੋਤ ਬੰਦ ਕਰਕੇ ਪਾਣੀ ਦੇ ਹੇਠ ਅਲੋਪ ਹੋ ਜਾਂਦੀਆਂ ਹਨ ਭਾਵ ਰੌਸ਼ਨੀ ਬੰਦ ਹੋਣ ਦੇ ਨਾਲ ਸ਼ਿਕਾਰੀ ਜੀਵ ਇਕਦਮ ਹੈਰਾਨ ਹੋ ਜਾਂਦਾ ਹੈ ਅਤੇ ਇਸੇ ਹੈਰਾਨੀ ਦਾ ਫਾਇਦਾ ਉਠਾ ਕੇ ਮੱਛੀ-ਸਮੂਹ ਤਿਤਰ ਬਿਤਰ ਹੋ ਜਾਂਦਾ ਹੈ।


**ਸੂ ਚ ਨਾ**

ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲੱਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ ੪੦੦/-ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ। **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਕੀ ਬਾਡੀ ਬਿਲਡਿੰਗ ਲਈ ਸਟੀਰਾਇਡ ਲੈਣਾ ਠੀਕ ਹੈ ?

**ਡਾ: ਅਜੀਤਪਾਲ ਸਿੰਘ ਐਮ.ਡੀ.,98156-29301**

ਸਿਰਫ ਇਕ ਮਹੀਨੇ 'ਚ ਬਣਾਓ ਸਿਕਸ ਪੈਕ ਏਬਸ ਤੁਸੀਂ ਬਣ ਸਕਦੇ ਹੋ ਆਪਣੇ ਸ਼ਹਿਰ ਦੇ ਜਾਨ ਇਬ੍ਰਾਹਮ, ਸਲਮਾਨ ਖਾਂ ਜਾਂ ਅਰਨੋਲਡ ਸਵਾਰਜਨੇਗਰ'! ਇਸੇ ਤਰ੍ਹਾਂ ਦੀ ਇਸ਼ਤਿਹਾਰਬਾਜੀ ਪ੍ਰਸਾਰ ਮਾਧਿਅਮਾਂ ਖਾਸ ਕਰਕੇ ਇੰਟਰਨੈਟ 'ਤੇ ਅਕਸਰ ਵੇਖਣ ਨੂੰ ਮਿਲਦੀ ਹੈ। ਇਕ ਜਮਾਨਾ ਸੀ ਜਦ ਬਾਡੀ ਬਿਲਡਿੰਗ ਹੀ ਮੈਨ ਲੁੱਕ, ਸਿਕਸ ਪੈਕ ਏਬਸ ਆਦਿ ਦਾ ਸ਼ੁਗਲ ਪੱਛਮੀ ਦੇਸ਼ਾਂ ਅਤੇ ਪੇਸ਼ਾਵਰ ਅਥਲੀਟਾਂ, ਮਾਡਲਾਂ, ਹੀਰੋ-ਹੀਰੋਈਨਾਂ ਤੇ ਖਿਡਾਰੀਆਂ ਤਕ ਹੀ ਸੀਮਤ ਸੀ ਪਰ ਹੁਣ ਆਲਮ ਇਹ ਹੈ ਕਿ ਛੋਟੇ ਸ਼ਹਿਰਾਂ ਤੋਂ ਲੈ ਕੇ, ਵੱਡੇ ਸ਼ਹਿਰਾਂ ਤੱਕ 'ਚ 'ਹੀਮੈਨ' ਬਣਾ ਦੇਣ ਦੇ ਦਾਅਵੇ ਕਰਨ ਵਾਲੇ ਜਿਮ ਤੇ ਕਸਰਤ ਸਥਾਨ ਧੜਾਧੜ ਖੁੱਲ੍ਹ ਰਹੇ ਹਨ ਪਰ ਇਹ ਸਭ ਅਚਾਨਕ ਨਹੀਂ ਹੋਇਆ ਹੈ। ਦਰਅਸਲ ਸ਼ਹਿਰੀ ਮੱਧਵਰਗੀ ਨੌਜਵਾਨਾਂ ਲਈ ਬਾਡੀ ਬਿਲਡਿੰਗ ਇਕ ਫੈਸ਼ਨ ਦਾ ਰੂਪ ਧਾਰਨ ਕਰ ਚੁੱਕੀ ਹੈ। 'ਹੀ-ਮੈਨ' ਬਣਨ ਦੀ ਚਾਹਤ ਨੂੰ ਪੂਰਾ ਕਰਨ ਲਈ ਉਹ ਬੇਝਿਜਕ ਐਨਾਬੋਲਿਕ ਸਟੀਰਾਇਡ (ਇਕ ਰਸਾਇਣਕ ਦਵਾਈ ਜੋ ਪੱਠਿਆਂ ਨੂੰ ਸਖਤ ਬਣਾਉਂਦੀ ਹੈ) ਦੀ ਵਰਤੋਂ ਕਰ ਰਹੇ ਹਨ। ਪੱਛਮੀ ਦੇਸ਼ਾਂ ਪਿਛੋਂ ਹੁਣ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਵੀ ਇਹ ਰੁਝਾਣ ਤੇਜੀ ਨਾਲ ਵਧ ਰਿਹਾ ਹੈ। ਪਿਛੇ ਜਿਹੇ ਹੀ ਇੰਗਲੈਂਡ ਦੀ ਇਕ ਗੈਰ ਸਰਕਾਰੀ ਸੰਸਥਾਂ 'ਸੀ.ਆਰ.ਆਈ.' ਨੇ ਸਟੀਰਾਇਡ ਦੀ ਵਧਦੀ ਵਰਤੋਂ ਬਾਰੇ ਇਕ ਸਰਵੇ ਕੀਤਾ ਹੈ ਜਿਸ ਮੁਤਾਬਕ ਪਿਛਲੇ ਸਾਲਾਂ ਵਿੱਚ ਇਸ ਹਾਨੀਕਾਰਕ ਡਰੱਗ ਦੀ ਵਰਤੋਂ 'ਚ ਬਹੁਤ ਜਿਆਦਾ ਇਜਾਫਾ ਹੋਇਆ ਹੈ। ਇਕੱਲੇ ਇੰਗਲੈਂਡ ਵਿੱਚ 2010 ਤੋਂ 2013 ਦਰਮਿਆਨ ਸਟੀਰਾਇਡ ਵਰਤਣ ਵਾਲਿਆਂ ਦੀ ਤੈਦਾਦ 'ਚ 645 ਫੀਸਦੀ ਵਾਧਾ ਹੋਇਆ ਹੈ। ਸੀ.ਆਰ.ਆਈ. ਦਾ ਕਹਿਣਾ ਹੈ ਕਿ ਇੰਗਲੈਂਡ 'ਚ ਕਰੀਬ 60 ਹਜਾਰ ਲੋਕ ਬਾਡੀ ਬਿਲਡਿੰਗ ਲਈ ਐਨਾਬੋਲਿਕ ਸਟੀਰਾਇਡ ਦੀ ਵਰਤੋਂ ਕਰ ਰਹੇ ਹਨ। ਇਹੀ ਕਾਰਣ ਹੈ ਕਿ ਹਾਨੀਕਾਰਕ ਡਰੱਗ ਦੀ ਖਰੀਦੋ-ਫਰੋਖਤ ਤੇ ਇਸ ਦੀ ਵਰਤੋਂ ਨੂੰ ਕੰਟਰੋਲ ਕਰਨ ਵਾਲੀ ਨੇਸ਼ਨ ਹੈਲਥ ਐਂਡ ਕੇਅਰ ਏਕਸੇਲੈਂਸ (ਐਨ.ਆਈ.ਸੀ.ਟੀ.) ਨੇ ਪਿਛੇ ਜਿਹੇ ਸਟੀਰਾਇਡ ਦੀ ਵਰਤੋਂ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ। ਐਨ.ਆਈ.ਸੀ.ਟੀ. ਦੇ ਅਧਿਕਾਰੀ ਤੇ ਡਰੱਗ ਮਾਹਰ ਪ੍ਰੋਫੈਸਰ ਮਾਈਕ ਕੇਲੀ ਕਹਿੰਦੇ ਹਨ 'ਸਟੀਰਾਈਡ ਲੈਣ ਵਾਲੇ ਖੁਦ ਨੂੰ ਬਹੁਤ ਸੇਹਤਮੰਦ ਸਮਝਦੇ ਹਨ। ਉਹ ਖੁਦ ਨੂੰ ਨਸ਼ੇੜੀ ਵਜੋਂ ਨਹੀਂ ਵੇਖਦੇ, ਪਰ ਅਸਲ ਵਿੱਚ ਇਹ ਨਸ਼ੇ ਵਰਗਾ ਹਾਨੀਕਾਰਕ ਰਸਾਇਣ ਹੀ ਹੈ ਜੋ ਸਿਹਤ ਲਈ ਬੇਹੱਦ ਨੁਕਸਾਨਦੇਹ ਹੈ।'



ਵਿਚਾਰਨ ਵਾਲੀ ਗੱਲ ਹੈ ਕਿ ਕਈ ਬ੍ਰਾਂਡ ਨਾਵਾਂ ਹੇਠ ਬਾਜਾਰ 'ਚ ਵੇਚੇ ਜਾਣ ਵਾਲੇ ਐਨਾ ਬੌਲਿਕ ਸਟੀਰਾਇਡ ਪੱਠਿਆਂ ਨੂੰ ਤਾਂ ਮਜਬੂਤੀ ਦਿੰਦੇ ਹਨ, ਪਰ ਸੇਹਤ ਦੇ ਲਈ ਕਾਫੀ ਖਤਰਨਾਕ ਹੁੰਦੇ ਹਨ। ਭਾਵੇਂ ਹੀ ਇਹਨਾਂ ਨੂੰ ਪੱਠਿਆਂ ਦਾ ਸਾਈਜ ਤੇ ਸ਼ਕਤੀ ਵਧ ਜਾਂਦੇ ਨੇ ਪਰ ਇਹਨਾਂ ਨਾਲ ਹੋਣ ਵਾਲੀ ਰਸਾਇਣਕ ਪ੍ਰੀਕ੍ਰਿਆ (ਸਾਈਡ ਇਫੈਕਟ) ਸਿਹਤ ਨੂੰ ਕਾਫੀ ਗੰਭੀਰ ਨੁਕਸਾਨ ਪਹੁੰਚਾਉਂਦੀ ਹੈ। ਵਿਗਿਆਨਕ ਖੋਜਾਂ ਤੋਂ ਸਾਬਿਤ ਹੋ ਚੁਕਿਆ ਹੈ ਕਿ ਐਨਾਬੋਲਿਕ ਸਟੀਰਾਇਡ ਨੂੰ ਡਾਕਟਰਾਂ ਦੀ ਦੇਖ ਰੇਖ 'ਚ ਦਵਾਈ ਵਾਂਗੂ ਲੈਣਾ ਹੀ ਠੀਕ ਹੈ ਪਰ ਰੇਗੁਲਰ ਵਰਤਣ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ। ਇਹਨਾਂ ਵਿੱਚ ਗੰਜਾਪਨ, ਗਠੀਆ, ਨਾਮਰਦੀ, ਦਿਲ ਦੇ ਰੋਗ, ਕੈਂਸਰ, ਖੂਨ ਜੰਮਣਾ, ਗੁਰਦੇ ਤੇ ਜਿਗਰ ਦਾ ਨੁਕਸਾਨ ਹੋਣਾ ਆਦਿ ਮੁੱਖ ਹਨ। ਏਨਾ ਹੀ ਨਹੀਂ ਨਿਯਮਤ ਤੌਰ 'ਤੇ ਸਟੀਰਾਇਡ ਦੀ ਵਰਤੋਂ ਕਰਨ ਨਾਲ ਸ਼ਰੀਰ 'ਚ ਚਰਬੀ, ਸ਼ੂਗਰ ਦੀ ਮਾਤਰਾ ਵਧ ਜਾਂਦੀ ਹੈ ਜੇਕਰ ਹੌਲੀ ਹੌਲੀ ਬੰਦੇ ਨੂੰ ਹਾਈ ਬਲੱਡ ਪ੍ਰੈਸ਼ਰ ਦਾ ਮਰੀਜ ਬਣਾ ਦਿੰਦੀ ਹੈ। ਹਾਲਾਂਕਿ ਇਸ ਗੱਲ ਦਾ ਸਟੀਕ ਅੰਕੜਾ ਮੁਹਈਆ ਨਹੀਂ ਹੈ ਕਿ ਫਿਲਹਾਲ ਦੁਨੀਆਂ ਭਰ 'ਚ ਕਿੰਨੇ ਲੋਕ ਸਟੀਰਾਇਡ ਦੀ ਵਰਤੋਂ ਕਰਦੇ ਹਨ, ਪਰ ਇਸ ਬਾਰੇ ਜੋ ਥੋੜੇ ਬਹੁਤ ਅਧਿਐਨ ਤੇ ਸਰਵੇਖਣ ਹੋਏ ਹਨ, ਉਹਨਾਂ ਦੇ ਸਿਟੇ ਹੈਰਾਨ ਕਰਨ ਵਾਲੇ ਹੁੰਦੇ ਹਨ। ਕਿਸ਼ੋਰ ਤੇ ਨੌਜਵਾਨਾਂ ਦੇ ਵੱਖ ਵੱਖ ਮੁਦਿਆਂ 'ਤੇ ਖੋਜ਼ ਕਰਨ ਵਾਲੀ ਅਮਰੀਕੀ ਸੰਸਥਾ 'ਮਾਨੀਟਰਿੰਗ ਦ ਫਿਊਚਰ (ਐਮ.ਟੀ.ਐਫ.) ਦੇ ਅਧਿਐਨ ਮੁਤਾਬਕ ਪਿਛਲੇ 10 ਸਾਲਾਂ 'ਚ ਵੱਖ ਵੱਖ ਤਰ੍ਹਾਂ ਦੇ ਐਨਾਬੌਲਿਕ ਸਟੀਰਾਇਡ ਕਰਨ ਵਾਲਿਆਂ ਦੀ ਗਿਣਤੀ 'ਚ ਵਿਸ਼ਵੀ ਪੱਧਰ 'ਤੇ 59 ਫੀਸਦੀ ਦਾ ਵਾਧਾ ਹੋਇਆ ਹੈ। ਇਸ ਸੰਸਥਾ ਦੀ ਇਕ ਹੋਰ ਰੀਪੋਟ ਮੁਤਾਬਕ ਅਮਰੀਕਾ 'ਚ ਹਰ ਸਾਲ ਤਕਰੀਬਨ 450 ਨੌਜਵਾਨਾਂ ਦੀ ਮੌਤ ਐਨਾਬੌਲਿਕ ਸਟੀਰਾਇਡ ਦੀ ਬੇਲਗਾਮ ਵਰਤੋਂ ਨਾਲ ਹੁੰਦੀ ਹੈ। ਬਾਹਰਵੀਂ ਜਮਾਤ 'ਚ ਪੜ੍ਹਨ ਵਾਲੇ ਕੁਲ ਅਮਰੀਕੀ ਵਿਦਿਆਰਥੀਆਂ ਦਾ 2.9 ਫੀਸਦੀ ਹਿੱਸਾ ਸਟੀਰਾਇਡ ਦੀ ਨਿਯਮਤ ਵਰਤੋਂ ਕਰਦਾ ਹੈ। ਸਨਾਤਕ ਤੇ ਪੈਰਾਸਨਾਤਕ ਦੇ ਕੁਲ ਅਮਰੀਕੀ ਵਿਦਿਆਰਥੀਆਂ ਦਾ ਕਰੀਬ 4 ਫੀਸਦੀ ਬਾਡੀ ਬਿਲਡਿੰਗ ਦੇ ਮੋਹ 'ਚ ਅਮਰੀਕਾ 'ਚ ਬਿਨਾਂ ਡਾਕਟਰੀ ਸਲਾਹ ਦੇ ਸਟੀਰਾਇਡ ਦੀ ਵਰਤੋਂ ਗੈਰ-ਕਾਨੂੰਨੀ ਹੈ ਅਤੇ ਫੜੇ ਜਾਣ ਪਿੱਛੋਂ ਜੁਰਮਾਨੇ ਤੋਂ ਇਲਾਵਾ ਸਜਾ ਦੀ ਵੀ ਵਿਵਸਥਾ ਹੈ। ਜੇ ਗੱਲ ਭਾਰਤ ਦੀ ਕਰੀਏ ਤਾਂ ਇਥੇ ਐਨਾਬੌਲਿਕ ਲਿਕਸਟੀਰਾਇਡ ਦੀ ਖਰੀਦ-ਵਿਕਰੀ ਤੋਂ ਲੈ ਕੇ ਇਸ ਨੂੰ ਵਰਤਣ ਆਦਿ 'ਤੇ ਇਥੇ ਕੋਈ ਪਾਬੰਦੀ ਨਹੀਂ ਹੈ।

ਇਕ ਗੱਲ ਹੋਰ ਹੈ ਕਿ ਨਾ ਤਾਂ ਸਰਕਾਰ ਕੋਲੇ ਤੇ ਨਾ ਹੀ ਕਿਸੇ ਹੋਰ ਸੰਸਥਾ ਕੋਲੇ ਇਸ ਗੱਲ ਦਾ ਕੋਈ ਰਿਕਾਰਡ ਹੈ ਕਿ ਦੇਸ਼ 'ਚ ਕਿੰਨੇ ਲੋਕ ਗੈਰ-ਜ਼ਰੂਰੀ ਇਸ ਡਰੱਗ ਦੀ ਵਰਤੋਂ ਕਰਦੇ ਹਨ। ਵੈਸੇ ਛੋਟੇ ਸ਼ਹਿਰਾਂ ਤੱਕ ਫੈਲ ਚੁੱਕੇ ਬਾਡੀ ਬਿਲਡਿੰਗ ਦੇ ਫੈਸ਼ਨ ਨੂੰ ਵੇਖ ਕੇ ਹਾਲਤ ਦਾ ਅੰਦਾਜਾ ਲਾਇਆ ਜਾ ਸਕਦਾ ਹੈ। ਪੂਨੇ ਸਿਹਤ ਡਰੱਗ ਦੇ ਮਾਹਰ ਡਾਕਟਰ ਅਭੈ ਕੁਮਾਰ ਮੁਤਾਬਕ ਹਾਲ ਦੇ ਸਾਲਾਂ 'ਚ ਫਿਲਮ ਤੇ ਮਨੋਰੰਜਨ ਮੀਡੀਆ 'ਚ ਸ਼ਰੀਰ ਦੀ ਨੁਮਾਇਸ਼ ਦਾ ਰਿਵਾਜ ਤੇਜੀ ਨਾਲ ਵਧਿਆ ਹੈ। ਇਸ ਨਾਲ ਅਲੜ੍ਹ ਨੌਜਵਾਨ ਵੱਧ ਅਸਰ ਅੰਦਾਜ ਹੁੰਦੇ ਹਨ ਤੇ ਉਹ ਵੀ ਜਲਦੀ ਤੋਂ ਜਲਦੀ ਹੀ ਮੈਨ ਬਣਨ ਦੀ ਚਾਹਤ ਲੈ ਕੇ ਨੇੜੇ ਦੀ ਜਿਮ 'ਚ ਪਹੁੰਚ ਜਾਂਦੇ ਹਨ। ਜਿਆਦਾਤਰ ਜਿਮ 'ਚ ਯੋਗ ਮਾਸਟਰ ਤੇ ਡਾਕਟਰ ਨਹੀਂ ਹੁੰਦੇ। ਨੌਜਵਾਨ ਡਾਕਟਰਾਂ ਦੀ ਸਲਾਹ ਤੋਂ ਬਿਨਾ ਹੀ ਸਟੀਰਾਇਡ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ ਅਤੇ ਹੌਲੀ ਹੌਲੀ ਇਸ ਦੇ ਆਦੀ ਹੋ ਜਾਂਦੇ ਹਨ।' ਜਿੱਥੋਂ ਤੱਕ ਸਟੀਰਾਇਡ ਦੀ ਖਰੀਦ-ਵਿਕਰੀ, ਦਰਾਮਦ-ਬਰਾਮਦ ਦੇ ਕਨੂੰਨੀ ਪੱਖ ਦੀ ਗੱਲ ਹੈ ਤਾਂ ਇਸ ਬਾਰੇ ਕੌਮਾਂਤਰੀ ਪੱਧਰ 'ਤੇ ਕੌਮੀ ਮਾਪ-ਦੰਡ ਨਹੀਂ ਹੈ। ਕੁਝ ਦੇਸ਼ਾਂ 'ਚ ਇਸ ਦੀ ਬੇਲੋੜੀ ਵਰਤੋਂ 'ਤੇ ਪਬੰਦੀ ਲੱਗੀ ਹੋਈ ਹੈ ਤਾਂ ਕੁਝ ਦੇਸ਼ਾਂ 'ਚ ਇਹ ਬਿਨਾਂ ਰੋਕ ਦੇ ਖਰੀਦੇ-ਵੇਚੇ ਅਤੇ ਵਰਤੇ ਜਾ ਸਕਦੇ ਹਨ। ਅਮਰੀਕਾ, ਕਨੇਡਾ, ਅਰਜਨਟਾਇਨਾ, ਬ੍ਰਾਜੀਲ, ਆਸਟ੍ਰੇਲੀਆ, ਪੁਰਤਗਾਲ ਵਰਗੇ ਕਰੀਬ 15 ਪੱਛਮੀ ਦੇਸ਼ਾਂ ਨੇ ਇਸ 'ਤੇ ਸਖਤੀ ਨਾਲ ਪਾਬੰਦੀ ਲਾ ਰੱਖੀ ਹੈ। ਸਬੰਧਤ ਡਾਕਟਰ ਦੀ ਲਿਖਤੀ ਸਲਾਹ ਬਿਨਾ ਇਹਨਾਂ ਦੇਸ਼ਾਂ 'ਚ ਨਾ ਤਾਂ ਸਟੀਰਾਇਡ ਖਰੀਦੇ ਜਾ ਸਕਦੇ ਹਨ ਨਾ ਹੀ ਵਰਤੇ। ਭਾਰਤ ਸਮੇਤ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ 'ਚ ਅਜੇਹੀ ਕੋਈ ਸਖਤ ਪਾਬੰਦੀ ਨਹੀਂ ਹੈ। ਸਾਰੇ ਦੇਸ਼ਾਂ ਦੀਆਂ ਖੇਡ ਸੰਸਥਾਵਾਂ ਨੇ ਖਿਡਾਰੀਆਂ ਵੱਲੋਂ ਸਟੀਰਾਇਡ ਦੀ ਵਰਤੋਂ 'ਤੇ ਸਖਤ ਪਾਬੰਦੀ ਲਾ ਰੱਖੀ ਹੈ। ਇਸਦੇ ਬਾਵਜੂਦ ਹਰ ਸਾਲ ਖਿਡਾਰੀਆਂ ਵੱਲੋਂ ਸਟੀਰਾਇਡ ਦੀ ਵਰਤੋਂ ਕਰਨ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ।

# ਵਿਗਿਆਨਕ ਕਸਵੱਟੀ

ਅਮਰਜੀਤ ਢਿੱਲੋਂ ਦਬੜ੍ਹੀਖਾਨਾ



**'ਕੀ ਪਤਾ ਸੀ ਮੈਲ ਸਦੀਆਂ ਦੀ ਸਦਾ ਧੋਣੀ ਪਊ**
**ਸ਼ਿਵ ਜਟਾਵਾਂ 'ਚੋਂ ਬਰੀ ਹੋ ਕੇ ਵੀ ਪਛਤਾਈ ਨਦੀ'**

ਇਹ ਪੰਜਾਬੀ ਦੇ ਇਕ ਕਵੀ ਦੀ ਗ਼ਜ਼ਲ ਦਾ ਸ਼ੇਅਰ ਹੈ, ਜੋ ਇਕ ਮਿਥਿਹਾਸਕ ਕਹਾਣੀ 'ਤੇ ਮੋਹਰ ਲਾ ਰਿਹਾ ਹੈ। ਨਵੇਂ ਬਿੰਬ, ਨਵੇਂ ਅਲੰਕਾਰ ਸਿਰਜਣ ਦੀ ਆੜ ਵਿਚ ਕਵੀ ਅਕਸਰ ਗੈਰ ਵਿਗਿਆਨਕ ਸੋਚ ਦਾ ਪ੍ਰਗਟਾਵਾ ਕਰਦੇ ਹਨ। ਇਸੇ ਤਰ੍ਹਾਂ ਉਹ ਪੁਰਾਣੇ ਸਿਧੜ ਰਿਸ਼ੀਆਂ ਵਾਲਾ ਹੀ ਰੋਲ ਨਿਭਾਅ ਰਹੇ ਹੁੰਦੇ ਹਨ। ਜਦੋਂ ਕਿ ਅੱਜ ਸਾਨੂੰ ਭਲੀ ਭਾਂਤ ਪਤਾ ਹੈ ਕਿ ਨਦੀਆਂ ਦਾ ਜਨਮ ਕਿਵੇਂ ਹੁੰਦਾ ਹੈ। ਸਿਧੜ ਰਿਸ਼ੀਆਂ ਦੇ ਪੁਰਾਣਾਂ ਦੀ ਸਿਰਜੀ ਕਥਾ ਅਨੁਸਾਰ ਇਕ ਵਾਮਨ ਅਵਤਾਰ ਹੋਇਆ ਹੈ ਜਿਸਨੇ ਰਾਜੇ ਬਲੀ ਦਾ ਹੰਕਾਰ ਤੋੜਣ ਲਈ ਵਿਰਾਟ ਰੂਪ ਧਾਰ ਕੇ ਢਾਈ ਕਦਮਾਂ ਵਿਚ ਹੀ ਇਹ ਸਾਰੀ ਧਰਤੀ ਮਾਪ ਲਈ। ਜਦ ਵਾਮਨ ਦਾ ਪੈਰ ਬ੍ਰਹਮ ਲੋਕ ਵਿੱਚ ਪਹੁੰਚਿਆ ਤਾਂ ਬ੍ਰਹਮਾ ਨੇ ਪੈਰ ਧੋ ਕੇ ਜਲ ਕਰਮੰਡਲ ਵਿਚ ਪਾ ਲਿਆ। ਭਗੀਰਥ ਦੀ ਤਪੱਸਿਆ ਅਤੇ ਪ੍ਰਾਰਥਨਾ ਤੋਂ ਬਾਅਦ ਇਹ ਜਲ ਬ੍ਰਹਮਲੋਕ ਤੋਂ ਇਸ ਧਰਤੀ ਤੇ ਛੱਡਿਆ ਗਿਆ । ਇਹ ਜਲ ਸ਼ਿਵ ਦੀਆਂ ਜਟਾਵਾਂ ਵਿੱਚ ਡਿੱਗ ਕੇ ਧਰਤੀ ਤੇ ਆਇਆ ਅਤੇ ਇਸ ਤਰ੍ਹਾਂ ਗੰਗਾ ਨਦੀ ਬਣੀ। ਵਾਲਮੀਕੀ ਰਾਮਾਇਣ ਦੀ ਕਥਾ ਅਨੁਸਾਰ ਹਿਮਾਲਾ ਪਰਬਤ ਦੇ ਪਾਰ ਮੇਨਕਾ ਦੇ ਪੇਟ ਵਿਚੋਂ ਗੰਗਾ ਅਤੇ ਉਮਾਂ ਦੋ ਭੈਣਾਂ ਪੈਦਾ ਹੋਈਆਂ।(ਇਹ ਸਿੱਧੜ ਰਿਸ਼ੀ ਪਰਬਤਾਂ, ਸੂਰਜ, ਚੰਨ, ਤਾਰਿਆਂ ਅਤੇ ਦਰਿਆਵਾਂ ਆਦਿ ਨੂੰ ਬੰਦੇ ਦੇ ਰੂਪ ਵਿਚ ਹੀ ਕਲਪਦੇ ਸਨ)ਇੱਕ ਵਾਰ ਸ਼ਿਵਜੀ ਨੇ ਆਪਣਾ ਵੀਰਜ ਗੰਗਾ ਵਿਚ ਪਾਇਆ ਪਰ ਉਹ ਇਸ ਨੂੰ ਧਾਰਨ ਨਾ ਕਰ ਸਕੀ ਅਤੇ ਗਰਭ ਸੁੱਟ ਕੇ ਬ੍ਰਹਮਾ ਦੇ ਕਰਮੰਡਲ ਵਿਚ ਜਾ ਵੜੀ । ਰਾਜਾ ਸਗਰ ਦੇ ਸੱਠ ਹਜ਼ਾਰ ਪੁਤਰ ਕਪਿਲ ਰਿਸ਼ੀ ਦੇ ਕਰੋਧ ਨਾਲ ਭਸਮ ਹੋ ਗਏ। ਉਹਨਾਂ ਦੀ ਗਤੀ ਲਈ ਭਗੀਰਥ ਰਿਸ਼ੀ ਨੇ ਪਰਬਤ ਹਿਮਾਲਾ 'ਤੇ ਘੋਰ ਤਪੱਸਿਆ ਕਰਕੇ ਬ੍ਰਹਮਾ ਨੂੰ ਖੁਸ਼ ਕੀਤਾ ਅਤੇ ਗੰਗਾ ਧਰਤੀ ਤੇ ਆਈ । ਮਹਾਂਭਾਰਤ ਅਨੁਸਾਰ ਬ੍ਰਹਮਾ ਨੇ ਕਿਹਾ ਕਿ ਆਕਾਸ਼ ਤੋਂ ਆਈ ਗੰਗਾ ਨੂੰ ਸ਼ਿਵਜੀ ਹੀ ਆਪਣੀਆਂ ਜਟਾਵਾਂ 'ਤੇ ਝੱਲ ਸਕਦੇ ਹਨ। ਇਸ ਲਈ ਪਹਿਲਾਂ ਸ਼ਿਵਜੀ ਨੂੰ ਖੁਸ਼ ਕਰੋ । ਭਗੀਰਥ ਨੇ ਤਪੱਸਿਆ ਕਰਕੇ ਸ਼ਿਵਜੀ ਨੂੰ ਖੁਸ਼ ਕਰ ਲਿਆ । ਜਦ ਗੰਗਾ ਆਈ ਤਾਂ ਸ਼ਿਵਜੀ ਨੇ ਆਪਣੀਆਂ ਜਟਾਵਾਂ ਐਨੀਆਂ ਫੈਲਾ ਲਈਆਂ ਕਿ ਹਜਾਰ ਸਾਲ ਤੱਕ ਗੰਗਾ ਨੂੰ ਜਟਾਵਾਂ 'ਚੋਂ ਬਾਹਰ ਨਿਕਲਣ ਦਾ ਰਾਹ ਹੀ ਨਾ ਲੱਭਾ। ਅੰਤ ਨੂੰ ਭਗੀਰਥ ਦੀ ਪ੍ਰਾਰਥਨਾ ਮੰਨ ਕੇ ਸ਼ਿਵਜੀ ਨੇ ਗੰਗਾ ਨੂੰ ਆਪਣੀਆਂ ਜਟਾਵਾਂ ਵਿਚੋਂ ਰਿਹਾਅ ਕੀਤਾ। ਇੱਕ ਹੋਰ ਕਥਾ ਅਨੁਸਾਰ ਇਸੇ ਗੰਗਾ ਨੂੰ ਰਾਜਾ ਸ਼ਾਂਤਨੂੰ ਦੀ ਪਤਨੀ ਲਿਖਿਆ ਹੈ ਜਿਸ ਦੇ ਪੇਟ ਵਿਚੋਂ ਭੀਸ਼ਮ ਪਿਤਾਮਾ ਪੈਦਾ ਹੋਇਆ। ਰਾਮਾਇਣ ਅਨੁਸਾਰ ਸ਼ਿਵਜੀ ਨੇ ਆਪਣੀਆਂ ਜਟਾਵਾਂ ਵਿਚੋਂ ਗੰਗਾ ਨਿਚੋੜੀ ਤਾਂ ਸੱਤ ਪਵਿੱਤਰ ਧਾਰਾਵਾਂ ਵਹਿ ਤੁਰੀਆਂ। ਇੱਕ ਧਾਰਾ ਭਗੀਰਥ ਦੇ ਪਹੀਏ ਪਿੱਛੇ ਵਹਿ ਤੁਰੀ ਜੋ ਗੰਗਾ ਅਖਵਾਈ। ਹਿੰਦੂ ਮਿਥਿਹਾਸ ਅਨੁਸਾਰ ਰਾਜਾ ਪ੍ਰਿਯਵ੍ਰਤ ਨੇ ਇੱਕ ਪਹੀਏ ਦੇ ਰੱਥ ਨਾਲ ਧਰਤੀ ਦੇ ਸੱਤ ਚੱਕਰ ਲਾਏ ਤਾਂ ਸੱਤ ਦਰਿਆ ਬਣੇ। ਵਿਚਾਰੇ ਸਿੱਧੜ ਰਿਸ਼ੀਆਂ ਦੀ ਕਲਪਨਾ ਐਨੀ ਗੈਰਵਿਗਿਆਨਕ ਸੀ ਕਿ ਉਹਨਾਂ ਦੀ ਕਲਪਨਾ ਵਿਚ ਇੱਕ ਪ੍ਰਤੀਸ਼ਤ ਦੇ ਹਜਾਰਵੇਂ ਹਿੱਸੇ ਜਿੰਨੀ ਵੀ ਸੱਚਾਈ ਨਹੀਂ ਸੀ।

ਆਓ ਹੁਣ ਵਿਗਿਆਨਕ ਕਸਵੱਟੀ ਤੇ ਪਰਖੇ ਸੱਚ ਦੀ ਗੱਲ ਕਰੀਏ। ਸਾਗਰਾਂ ਵਿਚੋਂ ਸੂਰਜ ਦੀ ਗਰਮੀ ਨਾਲ ਜਲਵਾਸ਼ਪ ਬਣ ਕੇ ਪਾਣੀ ਉੱਡਦਾ ਰਹਿੰਦਾ ਹੈ। ਇਹ ਜਲਵਾਸ਼ਪ ਮੈਦਾਨਾਂ ਵਿਚ ਮੀਂਹ ਦੇ ਰੂਪ ਵਿਚ ਧਰਤੀ 'ਤੇ ਡਿੱਗ ਪੈਂਦੇ ਹਨ ਅਤੇ ਪਹਾੜਾਂ ਦੀ ਉਚਾਈ ਤੱਕ ਜਾ ਕੇ ਬਰਫ ਬਣਕੇ ਜੰਮਦੇ ਰਹਿੰਦੇ ਹਨ। ਇਹ ਜਲ ਵਾਸ਼ਪ ਲਗਾਤਾਰ ਪਹਾੜਾਂ 'ਤੇ ਬਰਫ ਕੇ ਬਣ ਕੇ ਡਿੱਗਦੇ ਰਹਿੰਦੇ ਹਨ। ਥੱਲੇ ਜੰਮੀ ਬਰਫ ਹੇਠੋਂ ਗਰਮੀ ਨਾਲ ਖੁਰਦੀ ਰਹਿੰਦੀ ਹੈ। ਇਹ ਬਰਫ ਦਾ ਖੁਰਨਾ ਹੀ ਨਦੀਆਂ ਨਾਲਿਆਂ ਦਾ ਜਨਮ ਹੈ। ਜਿਵੇਂ ਹਿਮਾਚਲ ਦੇ ਪਹਾੜਾਂ ਵਿੱਚ ਕੁੱਲੂ ਤੋਂ ਅੱਗੇ ਮਨਾਲੀ ਅਤੇ ਮਨਾਲੀ ਤੋਂ ਅੱਗੇ ਉਚਾਈ 'ਤੇ ਰੋਹਤਾਂਗ ਦਰ੍ਹਾ ਆਉਂਦਾ ਹੈ। ਇਸਦੀ ਹੱਦ ਜੰਮੂ ਕਸ਼ਮੀਰ ਅਤੇ ਚੀਨ ਨਾਲ ਜਾ ਲੱਗਦੀ ਹੈ। ਇੱਥੇ ਹੀ ਇੱਕ ਬਿਆਸਾ ਪੁਆਇੰਟ ਹੈ ਜਿੱਥੇ ਬਰਫ ਹੇਠੋਂ ਬਿਆਸ ਦਰਿਆ ਦਾ ਜਨਮ ਹੁੰਦਾ ਹੈ। ਇਹ ਬਿਆਸ ਦਰਿਆ ਜੋ ਇੱਥੋਂ ਇੱਕ ਨਾਲੇ ਕੁ ਜਿੰਨਾ ਲੱਗਦਾ ਹੈ, ਇਸ ਵਿੱਚ ਅੱਗੇ ਹੋਰ ਅਨੇਕਾਂ ਝਰਨੇ ਪੈਂਦੇ ਹਨ ਅਤੇ ਇਸਦਾ ਆਕਾਰ ਵਧਦਾ ਜਾਂਦਾ ਹੈ। ਇਸ ਤਰ੍ਹਾਂ ਹਿਮਾਚਲ ਦੇ ਦੂਸਰੇ ਪਾਸੇ ਨਾਰਕੰਡਾ, ਰਾਮਪੁਰ ਹੁੰਦੇ ਹੋਏ ਸਾਂਗਲਾ ਘਾਟੀ ਪਹੁੰਚੀਏ ਤਾਂ ਇੱਥੇ ਵੀ ਚੀਨ ਦੀ ਹੱਦ ਨਾਲ ਮਾਨਸਰੋਵਰ ਪੁਆਇੰਟ (ਕੈਲਾਸ਼ ਪਰਬਤ) ਤੋਂ ਸਤਿਲੁਜ ਦਰਿਆ ਦਾ ਜਨਮ ਹੁੰਦਾ ਹੈ। ਇਹ ਦਰਿਆ ਪਹਾੜਾਂ ਦੀ ਢਲਾਨ ਤੋਂ ਮੈਦਾਨਾਂ ਦੀ ਨਿਵਾਣ ਵੱਲ ਭੱਜ ਆਉਂਦੇ ਹਨ।ਇਸੇ ਢਲਾਨ ਦਾ ਫਾਇਦਾ ਉਠਾਉਂਦਿਆਂ ਇਹਨਾਂ ਦਰਿਆਵਾਂ 'ਤੇ ਬੰਨ੍ਹ ਬਣਾ ਕੇ ਬਿਜਲੀ ਘਰ ਬਣਾਏ ਗਏ ਹਨ। ਪੰਜਾਬ ਵਿੱਚ ਹਰੀ ਕੇ ਪੱਤਣ ਕੋਲ ਇਹਨਾਂ ਦੋਵਾਂ ਦਰਿਆਵਾਂ ਨੂੰ ਇਕੱਠਿਆਂ ਬੰਨ੍ਹ ਮਾਰਕੇ ਅਗਾਂਹ ਇਹ ਪਾਣੀ ਨਹਿਰਾਂ ਵਿੱਚ ਭੇਜਿਆ ਗਿਆ ਹੈ।ਰਾਵੀ, ਚਨਾਬ ਅਤੇ ਗੰਗਾ ਨਦੀ ਸੱਭ ਇਸੇ ਤਰ੍ਹਾਂ ਪਹਾੜਾਂ ਤੇ ਬਰਫ ਪੈਣ ਤੋਂ ਬਾਅਦ ਬਰਫ਼ ਖੁਰਣ ਤੋਂ ਬਣਦੇ ਹਨ, ਗੰਗਾ ਉਤਰਾਖੰਡ ਵਿਚ ਹਿਮਾਲਾ ਪਰਬਤ ਦੇ ਗੰਗੋਤਰੀ ਪੁਆਇੰਟ 'ਚੋਂ ਨਿਕਲਦੀ ਹੈ।ਕਿਸੇ ਬ੍ਰਹਮਾ ਦੇ ਕਰਮੰਡਲ 'ਚੋਂ ਗੰਗਾ ਨਹੀਂ ਨਿਕਲਦੀ । ਇਹ ਬ੍ਰਹਮਾ ਵਿਸ਼ਨੂੰ ਅਤੇ ਸ਼ਿਵਜੀ ਆਦਿ ਸਭ ਸਿਧੜ ਰਿਸ਼ੀਆਂ ਦੀ ਕਲਪਨਾ ਹੈ।ਦੁਨੀਆਂ ਵਿਚ ਹੋਰ ਵੀ ਹਜ਼ਾਰਾਂ ਨਦੀਆਂ ਇਸੇ ਤਰ੍ਹਾਂ ਬਣਦੀਆਂ ਹਨ ਅਤੇ ਇਹਨਾਂ ਸਾਰੀਆਂ ਦਾ ਜਲ ਗੰਗਾ ਜਿੰਨਾ ਹੀ ਪਵਿੱਤਰ ਹੈ। ਜਾਂ ਕਹਿ ਲਈਏ ਕਿ ਗੰਗਾ ਤੋਂ ਵੱਧ ਪਵਿੱਤਰ ਹੈ ਕਿਉਂਕਿ ਗੰਗਾ ਤਾਂ ਇਸ ਸਮੇਂ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਅਤੇ ਮਲੀਨ ਨਦੀ ਹੈ।

ਜੇਕਰ ਅਸੀਂ ਅਗਾਧ ਸਮੇਂ ਵੱਲ ਝਾਤ ਮਾਰੀਏ ਅਤੇ ਧਰਤੀ ਨੂੰ ਇਸਦੀ ਮੁੱਢਲੀ ਅਵਸਥਾ ਵਿੱਚ ਦੇਖ ਸਕੀਏ ਤਾਂ ਲੋਹਾ ਢਾਲਣ ਵਾਲੀ ਭੱਠੀ ਦਾ ਨਜ਼ਾਰਾ ਸਾਡੇ ਦ੍ਰਿਸ਼ਟੀਗੋਚਰ ਹੋਵੇਗਾ। ਹੌਲੀ ਹੌਲੀ ਲੱਖਾਂ ਸਾਲਾਂ ਵਿਚ ਇਸ ਅੱਗ ਵਾਂਗ ਬਲਦੇ ਦ੍ਰਿਸ਼. ਦਾ ਜ਼ੋਰ ਘਟਿਆ ।ਧਰਤੀ ਦੇ ਆਕਾਸ਼ ਦੀਆਂ ਭਾਫਾਂ ਥੱਲੇ ਵੱਲ ਵਰ੍ਹਨੀਆਂ ਸ਼ੁਰੂ ਹੋਈਆਂ। ਉਹਨਾਂ ਦੀ ਸੰਘਣਤਾ ਘਟਦੀ ਗਈ। ਪਿਘਲੇ ਹੋਏ ਸਾਗਰ ਦੀ ਸਤ੍ਹਾ ਉੱਤੇ, ਪੰਘਰੇ ਹੋਏ ਮਵਾਦ ਦੀ ਨਿਤਰੀ ਮੈਲ ਦਾ ਪਾਪੜ, ਆਠਰਦੀਆਂ ਚਟਾਨਾਂ ਥੱਲੇ ਅਤੇ ਇਸ ਤਰ੍ਹਾਂ ਹੋਰ ਚਟਾਨਾਂ ਬਣਦੀਆਂ ਗਈਆਂ। ਸੂਰਜ ਅਤੇ ਚੰਦਰਮਾ ਜੋ ਹੁਣ ਇੱਕ ਦੂਜੇ ਤੋਂ ਦੂਰ ਹੋ ਰਹੇ ਸਨ ਅਤੇ ਉਹਨਾਂ ਦੀ ਰਫਤਾਰ ਅੱਗੇ ਨਾਲੋਂ ਮੱਠੀ ਪੈ ਰਹੀ ਸੀ। ਚੰਦਰਮਾ ਛੋਟਾ ਹੋਣ ਕਰਕੇ ਐਨਾ ਠੰਡਾ ਹੋ ਗਿਆ ਕਿ ਉਸਦੀ ਚਮਕ ਬਾਕੀ ਨਾ ਰਹੀ। ਸਮੇਂ ਦੇ ਅਨੰਤ ਪਸਾਰ ਵਿਚ ਧਰਤੀ ਦੀ ਅਜੋਕੀ ਸ਼ਕਲ ਬਣੀ। ਇੱਕ ਅਜਿਹਾ ਸਮਾਂ ਵੀ ਆ ਗਿਆ ਜਦੋਂ ਠੰਡੀ ਹੁੰਦੀ ਹਵਾ ਵਿਚ ਭਾਫ ਜੰਮ ਕੇ ਬੱਦਲ ਬਣ ਗਈ ਅਤੇ ਪਹਿਲੀ ਵਾਰ ਸ਼ਾਂ ਸ਼ਾਂ ਕਰਦਾ ਮੀਂਹ ਧਰਤੀ ਦੀਆਂ ਚਟਾਨਾਂ ਤੇ ਵਰ੍ਹਿਆ ਅਨੰਤ ਸਮੇਂ ਤੱਕ ਧਰਤੀ ਦਾ ਬਹੁਤ ਸਾਰਾ ਪਾਣੀ ਵਾਯੂਮੰਡਲ ਵਿਚ ਭਾਫ ਬਣ ਕੇ ਉੱਡਦਾ ਰਿਹਾ,

ਥੱਲੇ ਗਰਮ ਪਾਣੀ ਦੀਆਂ ਨਦੀਆਂ ਵਗਦੀਆਂ ਰਹੀਆਂ, ਛੱਪੜ ਅਤੇ ਝੀਲਾਂ ਬਣ ਗਈਆਂ ਇਹਨਾਂ ਛੱਪੜਾਂ, ਝੀਲਾਂ ਵਿੱਚ ਨਦੀਆਂ ਆਪਣੀ ਗਾਰ ਸੁੱਟਦੀਆਂ ਰਹੀਆਂ। ਧਰਤੀ ਕਾਲ ਮਾਰਗ ਤੇ ਚੱਲਦੀ ਰਹੀ। ਸੂਰਜ ਅਤੇ ਧਰਤੀ ਦੀ ਵਿੱਥ ਵਧਦੀ ਗਈ। ਦਿਨ ਲੰਮੇਰੇ ਹੋਣ ਲੱਗ ਪਏ, ਗਰਮੀ ਘਟਦੀ ਗਈ, ਚੰਦਰਮਾ ਦੀ ਚਾਲ ਵੀ ਮੱਠੀ ਪੈ ਗਈ, ਵਰਖਾ ਅਤੇ ਤੂਫਾਨ ਵੀ ਥਮ ਗਏ, ਸਮੁੰਦਰਾਂ ਵਿੱਚ ਪਾਣੀ ਵਧਿਆ ਅਤੇ ਧਰਤੀ ਦੇ ਚਾਰ ਚੁਫੇਰੇ ਫੈਲ ਗਿਆ ।

ਵਿਗਿਆਨ ਸਿੱਧੜ ਰਿਸ਼ੀਆਂ ਵਾਂਗ ਠਾਹ ਸੋਟਾ ਨਹੀਂ ਮਾਰਦਾ ਅਤੇ ਮਨਮਰਜੀ ਦੇ ਸਿੱਟੇ ਨਹੀਂ ਕੱਢਦਾ। ਇਹ ਪ੍ਰਮਾਣਾਂ ਸਹਿਤ ਸੱਚ ਨੂੰ ਸਾਬਿਤ ਕਰਦਾ ਹੈ। ਜੀਵਨ ਦਾ ਗਿਆਨ ਚਟਾਨਾਂ ਵਿਚ ਜੀਵਾਂ ਦੇ ਨਿਸ਼ਾਨ ਪਥਰਾਟ (ਫਾਸਿਲਜ) ਤੋਂ ਪ੍ਰਾਪਤ ਕੀਤਾ ਗਿਆ। ਧਰਤੀ ਦੇ ਜੀਵਨ ਦਾ ਇਤਿਹਾਸ ਇਹਨਾਂ ਚਟਾਨਾਂ ਦੀ ਗਵਾਹੀ ਹੈ। ਧਰਤੀ 'ਤੇ ਸਮੁੰਦਰ ਬਨਣ ਤੋਂ ਪਿੱਛੋਂ ਦਾ ਅੱਧਾ ਸਮਾਂ ਅਜਿਹਾ ਹੈ ਜਿਸ ਵਿੱਚ ਜ਼ਿੰਦਗੀ ਦੇ ਕੋਈ ਨਿਸ਼ਾਨ ਨਹੀਂ ਮਿਲਦੇ। ਇਸ ਸਮੇਂ ਦੀਆਂ ਚਟਾਨਾਂ ਉੱਪਰ ਲਹਿਰਾਂ ਅਤੇ ਮੀਂਹ ਦੀ ਘਸਾਈ ਦੇ ਨਿਸ਼ਾਨ ਹਨ। ਧਰਤ ਵਿਗਿਆਨੀਆਂ ਅਨੁਸਾਰ ਜੀਵਨ ਦੀ ਅੰਗੜਾਈ ਦੀਆਂ ਮੁੱਢਲੀਆਂ ਹਾਲਤਾਂ ਵਿੱਚ ਛੋਟੀਆਂ ਸੂਖਮ ਚੀਜਾਂ ਸਿੱਪੀਦਾਰ ਮੱਛੀ ਦੇ ਘੋਗੇ, ਬਨਸਪਤੀ ਜੀਵਾਂ ਦੇ ਡੰਡਲ, ਸਮੁੰਦਰੀ ਘਾਹ ਅਤੇ ਸਖਤ ਖੋਪੜੀ ਵਾਲੇ ਸਮੁੰਦਰੀ ਜੀਵਾਂ ਦੀਆਂ ਨਿਸ਼ਾਨੀਆਂ ਹੀ ਮਿਲਦੀਆਂ ਹਨ। ਸ਼ੁਰੂ ਵਿਚ ਟਰੀਲੋਬਾਈਟ ਨਾਂ ਦਾ ਇੱਕ ਜੂੰ ਵਰਗਾ ਕੀੜਾ ਪੈਦਾ ਹੋਇਆ । ਲੱਖਾਂ ਸਾਲਾਂ ਪਿੱਛੋਂ ਸਮੁੰਦਰੀ ਬਿੱਛੂ ਪੈਦਾ ਹੋਇਆ। ਘੱਟ ਡੂੰਘੇ, ਖਾਰੇ ਅਤੇ ਕੋਸੀ ਧੁੱਪ ਵਾਲੇ ਪਾਣੀਆਂ, ਚਿੱਕੜ ਜਾਂ ਰੇਤ ਵਿੱਚ ਜੀਵਨ ਦਾ ਆਰੰਭ ਹੋਇਆ ਅਤੇ ਫਿਰ ਸਮੁੰਦਰ ਦੇ ਜਵਾਰਭਾਟੇ ਨਾਲ ਪਾਣੀਆਂ ਵਿੱਚ ਫੈਲ ਗਿਆ।

ਇਹ ਜੀਵਨ ਕਰੋੜਾਂ ਸਾਲਾਂ ਵਿੱਚ ਪਰਤ ਦਰ ਪਰਤ ਹੌਲੀ ਹੌਲੀ ਵਿਗਸਿਆ। ਡਾਇਨਾਸੌਰ ਵਰਗੇ ਵੱਡ ਆਕਾਰੀ ਜੀਵ ਪੈਦਾ ਹੋਏ, ਲੱਖਾਂ ਸਾਲ ਧਰਤੀ ਤੇ ਦਨਦਨਾਏ ਅਤੇ ਲੁਪਤ ਹੋ ਗਏ। ਪਸ਼ੂ ਸ਼੍ਰੇਣੀ ਵਿਚੋਂ ਮਨੁੱਖ ਸ਼੍ਰੇਣੀ ਵਾਲੇ ਜੀਵ ਕੁੱਝ ਲੱਖ ਸਾਲ ਪਹਿਲਾਂ ਹੀ ਪੈਦਾ ਹੋਏ ਅਤੇ ਜਦ ਪਸ਼ੂ ਮਨੁੱਖ ਅਗਲੇ ਪੈਰਾਂ ਨੂੰ ਹੱਥ ਬਣਾਕੇ ਇਹਨਾਂ ਦੀ ਵਰਤੋਂ ਕਰਨ ਲੱਗਾ ਤਾਂ ਉਹ ਪਸ਼ੂਆਂ ਤੋਂ ਵੱਖ ਹੋ ਗਿਆ। ਅੱਗ ਦੀ ਕਾਢ ਤੋਂ ਬਾਅਦ ਮਨੁੱਖ ਦਾ ਦਿਮਾਗ ਵਿਕਸਿਤ ਹੋਣ ਲੱਗਾ, ਜਦ ਮਨੁੱਖ ਟੱਬਰਾਂ ਵਿੱਚ ਰਹਿਣ ਲੱਗਿਆ, ਤੀਰਾਂ ਨਾਲ ਸ਼ਿਕਾਰ ਕਰਨ ਅਤੇ ਖੇਤੀ ਕਰਨ ਲੱਗਾ ਤਾਂ ਮਨੁੱਖੀ ਸੱਭਿਅਤਾ ਸ਼ੁਰੂ ਹੋਈ। ਮਨੁੱਖੀ ਸੱਭਿਅਤਾ ਦਾ ਇਤਿਹਾਸ ਮਸਾਂ ਦਸ ਕੁ ਹਜਾਰ ਸਾਲ ਪੁਰਾਣਾ ਹੈ ਪਰ ਮਿਥਿਹਾਸ ਦਾ ਕੀ ਕਰੀਏ ਜੋ ਰਿਸ਼ੀ ਤਪੱਸਿਆ ਕਰਨ ਦੇ 50-50 ਹਜਾਰ ਸਾਲ ਗਿਣ ਦਿੰਦੇ ਹਨ ਅਤੇ ਹਜਾਰਾਂ ਸਾਲ ਗੰਗਾ ਨੂੰ ਸ਼ਿਵਜੀ ਦੀਆਂ ਜਟਾਵਾਂ ਵਿੱਚ ਹੀ ਤੋਰੀ ਫਿਰਦੇ ਹਨ। ਅੰਧਵਿਸ਼ਵਾਸ਼ੀ ਅਤੇ ਗੈਰਵਿਗਿਆਨਕ ਸੋਚ ਵਾਲੇ ਮਨੁੱਖ ਅਜੇ ਵੀ ਇਹਨਾਂ ਝੂਠੀਆਂ ਕਲਪਿਤ ਗੱਲਾਂ ਨੂੰ ਮੰਨੀ ਜਾ ਰਹੇ ਹਨ ਅਤੇ ਇਸ ਮਿਥਿਹਾਸ ਦੇ ਸੀਰੀਅਲ ਬਾਕਾਇਦਾ ਟੀ. ਵੀ 'ਤੇ ਦਿਖਾ ਕੇ ਲੋਕਾਂ ਦੀ ਸੋਚ ਨੂੰ ਖੁੰਢਾ ਕੀਤਾ ਜਾ ਰਿਹਾ ਹੈ।

ਸਾਡੇ ਕਹਿੰਦੇ ਕਹਾਉਂਦੇ ਕਵੀ ਸ਼ੇਅਰ ਲਿਖ ਕੇ ਇਸ ਝੂਠ ਤੇ ਮੋਹਰ ਲਾਈ ਜਾ ਰਹੇ ਹਨ। ਕੀ ਅਸੀਂ ਅਜਿਹੇ ਕਵੀਆਂ ਦੀ ਕਵਿਤਾ ਨੂੰ ਜੀਵਨ 'ਚ ਅਪਨਾਉਣ ਯੋਗ ਮੰਨ ਸਕਦੇ ਹਾਂ?

**ਕਹਾਣੀ**

## ਮੀਟ ਦੇ ਪੁਆੜੇ

ਇੱਕ ਗਿਰਝ ਦਾ ਬੱਚਾ ਆਪਣੇ ਮਾਤਾ ਪਿਤਾ ਦੇ ਨਾਲ ਰਹਿੰਦਾ ਸੀ। ਇੱਕ ਦਿਨ ਉਸ ਬੱਚੇ ਨੇ ਆਪਣੇ ਮਾਤਾ ਪਿਤਾ ਨੂੰ ਕਿਹਾ, ਪਿਤਾ ਜੀ, ਮੈਨੂੰ ਭੁੱਖ ਲੱਗੀ ਹੈ।" ਠੀਕ ਹੈ, ਤੂੰ ਥੋੜਾ ਸਮਾਂ ਉਡੀਕ ਕਰ। ਮੈਂ ਹੁਣੇ ਹੀ ਭੋਜਨ ਲੈ ਕੇ ਆਉਂਦਾ ਹਾਂ।" ਕਹਿੰਦੇ ਹੋਏ ਗਿਰਝ ਉੱਡਣ ਲਈ ਉਤਾਵਲਾ ਹੋਣ ਲੱਗਿਆ ਤਾਂ ਉਸਦੇ ਬੱਚੇ ਨੇ ਉਸ ਨੂੰ ਟੋਕ ਦਿੱਤਾ। ਰੁਕੋ ਪਿਤਾ ਜੀ, ਅੱਜ ਮੇਰਾ ਮਨ ਮਨੁੱਖਾਂ ਦਾ ਮਾਸ ਖਾਣ ਨੂੰ ਕਰ ਰਿਹਾ ਹੈ।" ਠੀਕ ਹੈ, ਮੈਂ ਦੇਖਦਾ ਹਾਂ।" ਕਹਿ ਕੇ ਗਿਰਝ ਨੇ ਚੁੰਝ ਨਾਲ ਆਪਣੇ ਪੁੱਤਰ ਦਾ ਸਿਰ ਸਹਿਲਾਇਆ ਅਤੇ ਬਸਤੀ ਵੱਲ ਉੱਡ ਗਿਆ। ਬਸਤੀ ਦੇ ਕੋਲ ਪਹੁੰਚ ਕੇ ਗਿਰਝ ਏਧਰ-ਓਧਰ ਮੰਡਰਾਉਂਦਾ ਰਿਹਾ ਪਰ ਉਸਨੂੰ ਕਾਮਯਾਬੀ ਹਾਸਲ ਨਾ ਹੋਈ। ਥੱਕ ਹਾਰ ਕੇ ਉਹ ਸੂਰ ਦਾ ਮਾਸ ਲੈ ਕੇ ਆਪਣੇ ਆਲਣੇ ਵਿੱਚ ਪਹੁੰਚ ਗਿਆ। ਉਸ ਨੂੰ ਦੇਖ ਕੇ ਗਿਰਝ ਦਾ ਬੱਚਾ ਬੋਲਿਆ, ਪਿਤਾ ਜੀ! ਮੈਂ ਤਾਂ ਮਨੁੱਖਾਂ ਦਾ ਮਾਸ ਲੈ ਕੇ ਆਉਣ ਲਈ ਕਿਹਾ ਸੀ ਪਰ ਤੁਸੀਂ ਤਾਂ ਸੂਰ ਦਾ ਮਾਸ ਲੈ ਕੇ ਆ ਗਏ? ਪੁੱਤਰ ਦੀ ਗੱਲ ਸੁਣ ਕੇ ਗਿਰਝ ਚੁੱਪ ਕਰ ਗਿਆ। ਗਿਰਝ ਬੋਲਿਆ ਕਿ ਠੀਕ ਹੈ ਤੂੰ ਥੋੜਾ ਜਿਹਾ ਸਮਾਂ ਹੋਰ ਉਡੀਕ ਕਰ। ਕਹਿ ਕੇ ਉਹ ਫਿਰ ਉੱਡ ਗਿਆ। ਉਸਨੇ ਏਧਰ-ਓਧਰ ਬਹੁਤ ਲੱਭਿਆ ਪਰ ਉਸਨੂੰ ਮਨੁੱਖਾਂ ਦਾ ਮਾਸ ਨਾ ਮਿਲਿਆ। ਆਪਣੇ ਆਲਣੇ ਵੱਲ ਨੂੰ ਜਾਂਦੇ ਹੋਏ ਉਸ ਦੀ ਨਜ਼ਰ ਇੱਕ ਮਰੀ ਪਈ ਗਾਂ ਤੇ ਪਈ। ਉਸਨੇ ਆਪਣੀ ਤਿੱਖੀ ਚੁੰਝ ਨਾਲ ਮਾਸ ਦਾ ਟੁਕੜਾ ਤੋੜਿਆ ਅਤੇ ਉੱਡ ਕੇ ਆਪਣੇ ਆਲਣੇ ਵਿੱਚ ਜਾ ਪੰਹੁਚਿਆ। ਆਪਣੇ ਪਿਤਾ ਦੀ ਚੁੰਝ ਵਿੱਚ ਮਾਸ ਦਾ ਟੁਕੜਾ ਦੇਖ ਕੇ ਗਿਰਝ ਦਾ ਬੱਚਾ ਬੋਲਿਆ ਕਿ ਪਿਤਾ ਜੀ, ਇਹ ਤਾਂ ਗਾਂ ਦਾ ਮਾਸ ਹੈ। ਮੈਂ ਤਾਂ ਮਨੁੱਖਾਂ ਦਾ ਮਾਸ ਖਾਣਾ ਹੈ। ਕੀ ਤੁਸੀਂ ਮੇਰੀ ਐਨੀ ਕੁ ਇੱਛਾ ਵੀ ਪੂਰੀ ਨਹੀਂ ਕਰ ਸਕਦੇ। ਬੱਚੇ ਦੇ ਮੂੰਹੋਂ ਇਹ ਗੱਲ ਸੁਣ ਕੇ ਗਿਰਝ ਬਹੁਤ ਸ਼ਰਮਿੰਦਾ ਹੋਇਆ। ਮਨ ਹੀ ਮਨ ਉਸਨੇ ਇੱਕ ਵਿਉਂਤ ਬਣਾਈ ਅਤੇ ਮਨੁੱਖਾਂ ਦਾ ਮਾਸ ਲੈਣ ਲਈ ਨਿਕਲ ਪਿਆ।

ਗਿਰਝ ਨੇ ਸੂਰ ਦੇ ਮਾਸ ਦਾ ਇੱਕ ਵੱਡਾ ਸਾਰਾ ਟੁਕੜਾ ਚੁੱਕਿਆ ਅਤੇ ਉਸ ਨੂੰ ਮਸਜਿਦ ਦੀ ਚਾਰਦੀਵਾਰੀ ਦੇ ਅੰਦਰ ਸੁੱਟ ਦਿੱਤਾ। ਉਸ ਤੋਂ ਬਾਅਦ ਉਸਨੇ ਗਾਂ ਦਾ ਮਾਸ ਲਿਆ ਅਤੇ ਮੰਦਰ ਕੋਲ ਸੁੱਟ ਦਿੱਤਾ। ਮਾਸ ਦੇ ਛੋਟੇ-ਛੋਟੇ ਟੁਕੜਿਆਂ ਨੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦੇਖਦੇ ਹੀ ਦੇਖਦੇ ਪੂਰੇ ਸ਼ਹਿਰ ਵਿੱਚ ਅੱਗ ਲੱਗ ਗਈ। ਰਾਤ ਹੁੰਦਿਆਂ-ਹੁੰਦਿਆਂ ਇਨਸਾਨਾਂ ਦੀਆਂ ਲਾਸ਼ਾਂ ਵਿਛ ਗਈਆਂ। ਲਾਸ਼ਾਂ ਦੇਖ ਕੇ ਗਿਰਝ ਬਹੁਤ ਖੁਸ਼ ਹੋਇਆ। ਉਸਨੇ ਇੱਕ ਮਨੁੱਖ ਦੀ ਲਾਸ਼ ਤੋਂ ਮਾਸ ਦਾ ਇੱਕ ਵੱਡਾ ਸਾਰਾ ਟੁਕੜਾ ਕੱਟਿਆ ਅਤੇ ਲੈ ਕੇ ਆਪਣੇ ਆਲਣੇ ਵਿੱਚ ਪਹੁੰਚ ਗਿਆ। ਇਹ ਦੇਖ ਕੇ ਗਿਰਝ ਦੇ ਬੱਚੇ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬੱਚੇ ਨੇ ਆਪਣੇ ਪਿਤਾ ਨੂੰ ਪੁੱਛਿਆ ਕਿ ਪਿਤਾ ਜੀ, ਇਹ ਸਭ ਕਿਵੇਂ ਹੋਇਆ? ਮਨੁੱਖਾਂ ਦਾ ਐਨਾ ਮਾਸ ਤੁਹਾਨੂੰ ਕਿੱਥੋਂ ਮਿਲਿਆ। ਗਿਰਝ ਬੋਲਿਆ ਕਿ ਬੇਟਾ ਇਹ ਇਨਸਾਨ ਕਹਿਣ ਨੂੰ ਤਾਂ ਆਪਣੇ ਆਪ ਨੂੰ ਉੱਤਮ ਸਮਝਦੇ ਹਨ ਪਰ ਥੋੜੀ ਜਿਹੀ ਗੱਲ ਤੇ ਜਾਨਵਰਾਂ ਤੋਂ ਵੀ ਭੈੜੇ ਹੋ ਜਾਂਦੇ ਹਨ ਅਤੇ ਬਿਨਾਂ ਸੋਚੇ ਸਮਝੇ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ। ਮਨੁੱਖੀ ਸਰੀਰ ਵਿੱਚ ਬੈਠੇ ਹੋਏ ਅਨੇਕਾਂ ਗਿਰਝ ਇਹ ਕੰਮ ਸਦੀਆਂ ਤੋਂ ਕਰ ਰਹੇ ਹਨ। ਮੈਂ ਵੀ ਉਸ ਦਾ ਹੀ ਲਾਭ ਉਠਾਇਆ ਹੈ ਅਤੇ ਮਨੁੱਖ ਨੂੰ ਜਾਨਵਰਾਂ ਦੇ ਮਾਸ ਨਾਲ ਜਾਨਵਰ ਤੋਂ ਵੀ ਬਦਤਰ ਬਣਾ ਦਿੱਤਾ।

ਸਾਥੀਓ ! ਕੀ ਸਾਡੇ ਵਿੱਚ ਹੀ ਬੈਠੇ ਹੋਏ ਗਿਰਝ ਸਾਨੂੰ ਕਦੋਂ ਤੱਕ ਆਪਣੀਆਂ ਉਂਗਲੀਆਂ ਤੇ ਨਚਾਉਂਦੇ ਰਹਿਣਗੇ। ਕਦੋਂ ਤੱਕ ਅਸੀਂ ਥੋੜੀ-ਥੋੜੀ ਜਿਹੀ ਗੱਲ ਉੱਤੇ ਆਪਣੀ ਇਨਸਾਨੀਅਤ ਭੁੱਲ ਕੇ ਮਾਨਵਤਾ ਦਾ ਖੂਨ ਵਹਾਉਂਦੇ ਰਹਾਂਗੇ। ਅਗਰ ਤੁਹਾਨੂੰ ਇਹ ਕਹਾਣੀ ਸੋਚਣ ਲਈ ਮਜ਼ਬੂਰ ਕਰ ਦੇ ਤਾਂ ਕ੍ਰਿਪਾ ਕਰਕੇ ਦੂਸਰਿਆਂ ਤੱਕ ਵੀ ਇਸ ਕਹਾਣੀ ਨੂੰ ਪਹੁੰਚਾਓ। ਕੀ ਪਤਾ ਹੈ ਤੁਹਾਡਾ ਇਹ ਛੋਟਾ ਜਿਹਾ ਉੱਦਮ ਇਨਸਾਨਾਂ ਦੇ ਮਨਾਂ ਅੰਦਰ ਛਿਪੇ ਹੋਏ ਗਿਰਝ ਨੂੰ ਇਨਸਾਨ ਬਣਾਉਣ ਦਾ ਕਾਰਨ ਬਣ ਜਾਵੇ।

# ਸ਼ੰਕਾ ਨਵਿਰਤੀ

ਮੇਘ ਰਾਜ ਮਿੱਤਰ

**ਪ੍ਰਸ਼ਨ 1 : ਹਰੇਕ ਧਰਮ ਦਾ ਕੋਈ ਨਾ ਕੋਈ ਗ੍ਰੰਥ ਹੁੰਦਾ ਹੈ। ਕੀ ਤਰਕਸ਼ੀਲਾਂ ਦਾ ਵੀ ਕੋਈ ਗ੍ਰੰਥ ਹੁੰਦਾ ਹੈ?**

ਉੱਤਰ : ਤਰਕਸ਼ੀਲਾਂ ਦਾ ਕੋਈ ਇੱਕ ਵਿਸ਼ੇਸ਼ ਗ੍ਰੰਥ ਨਹੀਂ ਹੁੰਦਾ। ਪਰ ਹਰ ਕਿਸਮ ਦੀਆਂ ਅਗਾਂਹ ਵਧੂ ਅਤੇ ਵਿਗਿਆਨਕ ਕਿਤਾਬਾਂ ਤਰਕਸ਼ੀਲਾਂ ਨੂੰ ਸਮੇਂ ਸਿਰ ਅਗਵਾਈ ਦਿੰਦੀਆਂ ਰਹਿੰਦੀਆਂ ਹਨ। ਇਸ ਲਈ ਤਰਕਸ਼ੀਲਾਂ ਦਾ ਗਿਆਨ ਕਿਸੇ ਇੱਕ ਕਿਤਾਬ ਤੱਕ ਸੀਮਿਤ ਨਹੀਂ ਹੁੰਦਾ ਸਗੋ ਉਹ ਬਹੁਤ ਸਾਰੀਆਂ ਕਿਤਾਬਾਂ ਪੜ੍ਹਦੇ ਰਹਿੰਦੇ ਹਨ। ਕਿਤਾਬਾਂ ਪੜ੍ਹਨ ਕਰਕੇ ਉਨ੍ਹਾਂ ਦਾ ਗਿਆਨ ਹਮੇਸ਼ਾਂ ਤਾਜਾ ਹੁੰਦਾ ਰਹਿੰਦਾ ਹੈ ਅਤੇ ਵਧਦਾ ਰਹਿੰਦਾ ਹੈ। ਬਹੁਤੇ ਧਾਰਮਿਕ ਲੋਕ ਇੱਕ ਕਿਤਾਬ ਤੋ ਜਾਂ ਪੰਜ ਸੱਤ ਕਿਤਾਬਾਂ ਤੋਂ ਅਗਵਾਈ ਲੈਂਦੇ ਨੇ। ਇਹ ਕਿਤਾਬਾਂ ਵੀ ਪੁਰਾਣੇ ਯੁੱਗ ਦੀਆਂ ਲਿਖੀਆਂ ਹੁੰਦੀਆਂ ਹਨ ਅਤੇ ਉਸ ਸਮੇਂ ਵਿਗਿਆਨ ਖੋਜਾਂ ਦੀ ਘਾਟ ਕਾਰਨ ਕਈ ਕਿਸਮ ਦੀਆਂ ਗਲਤ ਜਾਣਕਾਰੀਆਂ ਉਨ੍ਹਾਂ ਪਾਸ ਆ ਜਾਂਦੀਆਂ ਹਨ।

**ਪ੍ਰਸ਼ਨ 2 : ਧਾਰਮਿਕ ਲੋਕ ਜਦੋਂ ਬਹਿਸ ਵਿਚ ਹਾਰ ਜਾਂਦੇ ਹਨ ਤਾਂ ਗਾਲਾਂ ਤੇ ਕਿਉਂ ਉੱਤਰ ਆਉਂਦੇ ਹਨ।**

ਉੱਤਰ : ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਧਾਰਮਿਕ ਲੋਕਾਂ ਦਾ ਗਿਆਨ ਕੁੱਝ ਪੁਰਾਣੇ ਵਿਚਾਰਾਂ ਵਾਲੀਆਂ ਕਿਤਾਬਾਂ ਤੱਕ ਸੀਮਤ ਹੁੰਦਾ ਹੈ। ਬਹਿਸ ਬਟਾਂਦਰੇ ਵਿੱਚ ਉਨ੍ਹਾਂ ਨੇ ਹਾਰਨਾ ਹੁੰਦਾ ਹੈ ਕਿਉਂਕਿ ਤਰਕਸ਼ੀਲਾਂ ਦਾ ਗਿਆਨ ਅੱਜ ਦੇ ਜਮਾਨੇ ਦੀਆਂ ਕਿਤਾਬਾਂ ਕਰਕੇ ਹੁੰਦਾ ਹੈ। ਇਸ ਲਈ ਪੁਰਾਣੇ ਵਿਚਾਰਾਂ ਤੇ ਸੀਮਿਤ ਜਾਣਕਾਰੀ ਅਨੁਸਾਰ ਉਨ੍ਹਾਂ ਦਾ ਗੁੱਸੇ ਦੀ ਸੀਮਾ ਵੀ ਨਿਸਚਿਤ ਹੋ ਜਾਂਦੀ ਹੈ। ਉਹ ਆਪਣੀ ਹਾਰ ਨੂੰ ਆਪਣੇ ਇਸ਼ਟ ਦੀ ਹਾਰ ਮੰਨ ਲੈਂਦੇ ਹਨ। ਜਿਸ ਕਰਕੇ ਉਹ ਆਪੇ ਤੋਂ ਬਾਹਰ ਹੋ ਜਾਂਦੇ ਹਨ। ਉਨ੍ਹਾਂ ਦੇ ਬਣੇ ਵਕਾਰ ਨੂੰ ਸੱਟ ਵੱਜਦੀ ਹੈ। ਇਸ ਲਈ ਉਹ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਕਮਜ਼ੋਰਾਂ ਦਾ ਹਥਿਆਰ ਗਾਲਾਂ ਹੀ ਹੁੰਦਾ ਹੈ।

**ਪ੍ਰਸ਼ਨ 3. ਸ਼ੂਗਰ ਦੇ ਇਲਾਜ ਲਈ ਬਹੁਤ ਸਾਰੀਆਂ ਅਯੁਰਵੈਦਿਕ ਦਵਾਈਆਂ ਦੇ ਇਸ਼ਤਿਹਾਰ ਆਉਂਦੇ ਰਹਿੰਦੇ ਹਨ। ਕੀ ਇਹ ਕਾਰਗਰ ਹਨ?**

ਉੱਤਰ : ਭਾਰਤ ਵਿੱਚ ਅੱਜਕੱਲ ਰਾਜ ਸਤਾ ਭਾਰਤੀ ਜਨਤਾ ਪਾਰਟੀ ਦੇ ਹੱਥ ਵਿੱਚ ਹੈ ਜਿਨ੍ਹਾਂ ਦਾ ਮੁੱਖ ਅਜੰਡਾ ਭਾਰਤੀ ਲੋਕਾਂ ਨੂੰ ਹਜ਼ਾਰਾਂ ਸਾਲ ਪਿੱਛੇ ਵੈਦਿਕ ਕਾਲ ਲੈ ਕੇ ਜਾਣਾ ਹੈ।ਇਸ ਲਈ ਉਨ੍ਹਾਂ ਦਾ ਯਤਨ ਅਯੁਰਵੈਦਿਕ ਦਵਾਈਆਂ ਦੀ ਪ੍ਰਨਾਲੀ ਨੂੰ ਉਤਾਂਹ ਚੁੱਕਣ ਦਾ ਹੈ। ਭਾਵੇਂ ਇਸ ਵਿੱਚ ਜੋ ਦਵਾਈਆਂ ਵਰਤੀਆਂ ਜਾਂਦੀਆਂ ਹਨ ਉਹ ਸਾਡੇ ਪੁਰਾਣੇ ਰਿਸ਼ੀਆਂ ਮੁਨੀਆਂ ਦੀਆਂ ਆਪਣੇ ਤਜ਼ਰਬਿਆਂ ਦੇ ਆਧਾਰ ਤੇ ਲਿਖੀਆਂ ਗਈਆਂ ਹਨ। ਉਸ ਸਮੇਂ ਨਾ ਤਾਂ ਰਸਾਇਣਿਕ ਗੁਣਾਂ, ਔਗੁਣਾਂ ਅਤੇ ਕਿਰਿਆਵਾਂ ਦੀ ਜਾਣਕਾਰੀ ਸੀ, ਨਾ ਹੀ ਟੈਸਟ ਕਰਨ ਦੇ ਵਧੀਆ ਉਪਕਰਨ ਉਪਲਬੱਧ ਸਨ ਅਤੇ ਨਾ ਹੀ ਇਹ ਜਾਣਕਾਰੀਆਂ ਕਿਸੇ ਬਹੁਤ ਸਾਰੇ ਵਿਅਕਤੀਆਂ ਦੇ ਗਰੁੱਪਾਂ ਦੇ ਪ੍ਰਭਾਵਾਂ ਤੇ ਆਧਾਰਿਤ ਸਨ। ਉਂਝ ਵੀ ਰਿਸ਼ੀ ਮੁਨੀ ਆਪਣੇ ਦੁਆਰਾ ਕੀਤੇ ਤਜ਼ਰਬੇ ਛੁਪਾਉਣ ਦੇ ਆਦਿ ਸਨ। ਇਸ ਲਈ ਮੈਂ ਸਮਝਦਾ ਹਾਂ ਕਿ ਅੱਜ ਦੇ ਮਨੁੱਖ ਨੂੰ ਦਵਾਈਆਂ ਵੀ ਅੱਜ ਦੀਆਂ ਹੀ ਵਰਤਣੀਆਂ ਚਾਹੀਦੀਆਂ ਹਨ। ਇਹ ਦਵਾਈਆਂ ਸਮੁੱਚੀ ਦੁਨੀਆਂ ਵਿੱਚ ਹੀ ਵਰਤੀਆਂ ਜਾਂਦੀਆਂ ਹੋਣ ਤਾਂ ਵਧੀਆਂ ਗੱਲ ਹੈ।

**ਪ੍ਰਸ਼ਨ 4 : ਅਵਾਰਾ ਪਸ਼ੂਆਂ ਦਾ ਕੀ ਹੱਲ ਹੈ?**

ਉੱਤਰ : ਜੇ ਸਰਕਾਰਾਂ ਦੀ ਨੀਅਤ ਹੋਵੇ ਤਾਂ ਅਵਾਰਾ ਪਸ਼ੂਆਂ ਦਾ ਹੱਲ ਇੱਕ ਦੋ ਦਰਜਨ ਸਾਲਾਂ ਵਿੱਚ ਸਹਿਜੇ ਹੀ ਕੀਤਾ ਜਾ ਸਕਦਾ ਹੈ। ਇਸ ਸਬੰਧੀ ਆਮ ਤੌਰ ਤਿੰਨ ਕਿਸਮ ਦੇ ਅਵਾਰਾ ਪਸ਼ੂ ਲੋਕਾਂ ਲਈ ਨੁਕਸਾਨਦਾਇਕ ਹੋ ਰਹੇ ਹਨ। ਇਨ੍ਹਾਂ ਵਿੱਚ ਗਾਵਾਂ, ਕੁੱਤੇ, ਬਾਂਦਰ ਅਤੇ ਜੰਗਲੀ ਸੂਰ ਹਨ। ਸਭ ਤੋਂ ਪਹਿਲਾਂ ਇਨ੍ਹਾਂ ਦੀ ਗਿਣਤੀ ਘਟਾਉਣ ਲਈ ਇਨ੍ਹਾਂ ਦੀ ਪੈਦਾਇਸ਼ ਨੂੰ ਰੋਕਣਾ ਚਾਹੀਦਾ ਹੈ। ਜਿਵੇਂ ਗਊਸ਼ਾਲਾਵਾਂ ਦੋ ਕਿਸਮ ਦੀਆਂ ਹੋਣੀਆਂ ਚਾਹੀਦੀਆਂ ਹਨ। ਇੱਕ ਵਿੱਚ ਗਊਆਂ ਹੋਣੀਆਂ ਚਾਹੀਦੀਆਂ ਹਨ ਅਤੇ ਇੱਕ ਵਿੱਚ ਢੱਠੇ ਹੋਣੇ ਚਾਹੀਦੇ ਹਨ। ਇਸ ਨਾਲ ਇਨ੍ਹਾਂ ਦੀ ਨਵੀਂ ਪੈਦਾਇਸ਼ ਰੁਕ ਜਾਵੇਗੀ ਅਤੇ ਗਾਵਾਂ ਅਤੇ ਢੱਠੇ ਕੁੱਝ ਸਾਲਾਂ ਵਿੱਚ ਖ਼ਤਮ ਹੋ ਜਾਣਗੇ। ਇਸੇ ਤਰ੍ਹਾਂ ਹੀ ਕੁੱਤੇ ਅਤੇ ਬਾਂਦਰਾਂ ਵਿੱਚ ਹੋਣਾ ਚਾਹੀਦਾ ਹੈ।

**ਪ੍ਰਸ਼ਨ 5 : ਤਰਕਸ਼ੀਲਾਂ ਦੇ ਪਰਿਵਾਰ ਮੌਤ ਬਾਅਦ ਸਰੀਰ ਦਾਨ, ਅੰਗ ਦਾਨ, ਨੇਤਰ ਦਾਨ ਦੀ ਕਿਉਂ ਨਹੀਂ ਅਪਨਾਉਂਦੇ?**

ਉੱਤਰ : ਅਸਲ ਵਿੱਚ ਸਰੀਰ ਦਾਨ, ਅੰਗ ਦਾਨ, ਨੇਤਰ ਦਾਨ ਅਤੇ ਖ਼ੂਨਦਾਨ ਦੀ ਪ੍ਰਿਤ ਤਰਕਸ਼ੀਲਾਂ ਨੇ ਹੀ ਤੋਰੀ ਹੈ। ਬਹੁਤ ਸਾਰੇ ਤਰਕਸ਼ੀਲ ਆਪਣੇ ਮ੍ਰਿਤਕਾਂ ਅਤੇ ਆਪਣੇ ਨਜ਼ਦੀਕੀਆਂ ਦੇ ਸਰੀਰ ਦਾਨ ਕਰਦੇ ਹਨ। ਪਰ ਕਈ ਤਰਕਸ਼ੀਲ ਦਿਲੋਂ ਚਾਹੁੰਦੇ ਹੋਏ ਵੀ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦੇ ਕਿਉਂਕਿ ਉਹ ਆਪਣੇ ਘਰਾਂ ਵਿੱਚ ਜਮਹੂਰੀ ਹੁੰਦੇ ਹਨ। ਇਸ ਕੰਮ ਲਈ ਪਰਿਵਾਰ ਦੇ ਹਰ ਮੈਂਬਰ ਦੀ ਸਹਿਮਤੀ ਲੈਣੀ ਜ਼ਰੂਰੀ ਹੁੰਦੀ ਹੈ। ਕਈ ਵਾਰ ਇਸ ਸਬੰਧੀ ਉਨ੍ਹਾਂ ਨੂੰ ਸਹਿਮਤੀ ਨਹੀਂ ਮਿਲਦੀ। ਇਸ ਲਈ ਉਹ ਬੇਵੱਸ ਹੋ ਜਾਂਦੇ ਹਨ। ਸਾਡੇ ਤਰਕਸ਼ੀਲਾਂ ਦਾ ਸਮਾਜ ਵਿੱਚ ਰਹਿ ਕੇ ਹੀ ਸਮਾਜ ਨੂੰ ਬਦਲਣ ਦਾ ਉਦੇਸ਼ ਹੈ। ਇਸ ਲਈ ਸਾਡੇ ਯਤਨ ਇਸ ਪਾਸੇ ਨੂੰ ਜਾਰੀ ਹਨ ਅਤੇ ਜਾਰੀ ਰਹਿਣਗੇ।

**ਪ੍ਰਸ਼ਨ 6 : ਕੀ ਨਾਸਤਿਕਾਂ ਨੇ ਬਹੁਤ ਸਾਰੀ ਕਤਲੋਗਾਰਦ ਵੀ ਕੀਤੀ ਹੈ?**

ਉੱਤਰ : ਨਾਸਤਿਕਾਂ ਨੇ ਧਰਮ ਅਤੇ ਜਾਤ ਪਾਤ ਦੇ ਉੱਪਰ ਕਿਸੇ ਕਿਸਮ ਦੀ ਕਤਲੋਗਾਰਦ ਨਹੀਂ ਕੀਤੀ ਪਰ ਰਾਜ ਸਤਾ ਤੇ ਕਾਬਜ਼ ਹੋਣ ਲਈ ਉਨ੍ਹਾਂ ਨੂੰ ਕਈ ਦੇਸਾਂ ਵਿੱਚ ਇਹ ਰਸਤਾ ਵੀ ਅਖਤਿਆਰ ਕਰਨਾ ਪਿਆ ਹੈ। ਜਿਵੇਂ ਚੀਨ ਨੂੰ ਹੀ ਲੈ ਲਓ। ਜਪਾਨੀ ਡਿਕਟੇਟਰ ਚਿਆਂਗ ਕਾਈ ਸ਼ਾਨ ਨੂੰ ਸਤਾ ਵਿੱਚੋਂ ਪਾਸੇ ਕਰਨ ਲਈ ਮਾਓ ਜੇ ਤੁੰਗ ਨੂੰ ਗੁਰੀਲਾ ਫੌਜ ਬਣਾਉਣੀ ਪਈ। ਚਾਂਗ ਦੀਆਂ ਫੌਜਾਂ ਨਾਲ ਉਨ੍ਹਾਂ ਦੀਆਂ ਫੋਜਾਂ ਦੀ ਲੜਾਈ ਹੁੰਦੀ ਰਹੀ। ਇਸ ਵਿੱਚ ਲੱਖਾਂ ਫੌਜੀ ਮਾਰੇ ਗਏ। ਇਸੇ ਤਰ੍ਹਾਂ ਹੀ ਵੀਅਤਨਾਮ ਵਿੱਚ ਵੀ ਗੁਰੀਲਾ ਫੌਜਾਂ ਦਾ ਟਾਕਰਾ ਅਮਰੀਕਾ ਹੋਇਆ। ਉਸ ਵਿੱਚ ਵੀ ਲੱਖਾਂ ਵਿਅਕਤੀ ਮਾਰੇ ਗਏ। ਰੂਸੀ ਫੌਜਾਂ ਨੇ ਵੀ ਹਿਟਲਰ ਨੂੰ ਹਰਾਉਣ ਲਈ ਆਪਣੇ ਵੀ ਲੱਖਾਂ ਲੋਕ ਅਤੇ ਉਨ੍ਹਾਂ ਦੇ ਵੀ ਲੱਖਾਂ ਲੋਕ ਮਾਰਨੇ ਪਏ। ਕਈ ਵਾਰੀ ਘਰੇਲੂ ਯੁੱਧ ਵੀ ਸ਼ੁਰੂ ਹੋ ਜਾਂਦੇ ਹਨ। ਜਿਸ ਨਾਲ ਲੱਖਾਂ ਲੋਕ ਮਾਰੇ ਜਾਂਦੇ ਹਨ। ਕਈ ਵਾਰੀ ਅਮੀਰਾਂ ਤੋਂ ਜਗੀਰਦਾਰੀਆਂ ਖੋਹਣ ਲਈ ਵੀ ਥੋੜ੍ਹੀ ਬਹੁਤ ਕਤਲੋਗਾਰਦ ਹੋ ਜਾਂਦੀ ਹੈ। ਪਰ ਧਾਰਮਿਕ ਦੰਗਿਆਂ ਵਿੱਚ ਜਾਤ-ਪਾਤ ਅਤੇ ਧਰਮਾਂ ਦੇ ਨਾਂ ਤੇ ਬਹੁਤ ਸਾਰੇ ਅਜਾਈਂ ਹੀ ਕਤਲ ਕਰ ਦਿੱਤੇ ਜਾਂਦੇ ਹਨ।

**ਪ੍ਰਸ਼ਨ 7 : ਜਿਹੜੇ ਜਠੇਰੇ ਮੈਨੂੰ ਤੰਗ ਕਰਦੇ ਹਨ। ਕੀ ਉਨ੍ਹਾਂ ਦੀ ਮਨੌਤ ਕਰਨੀ ਚਾਹੀਦੀ ਹੈ?**

ਉੱਤਰ : ਅਸੀਂ ਤੁਹਾਨੂੰ ਸਲਾਹ ਦੇਵਾਂਗੇ ਕਿ ਤੁਸੀਂ ਤਰਕਸ਼ੀਲਾਂ ਦੀਆਂ ਕਈ ਕਿਤਾਬਾਂ ਪੜ੍ਹ ਲਵੋ। ਜ਼ਠੇਰਿਆਂ ਨੂੰ ਮੰਨਣਾ ਬੰਦ ਕਰ ਦਿਓ। ਇਸ ਵਿੱਚ ਹੀ ਤੁਹਾਡਾ ਅਤੇ ਤਹਾਡੇ ਪਰਿਵਾਰ ਦਾ ਕਲਿਆਣ ਹੈ। ਜੇਕਰ ਤੁਸੀਂ ਇਨ੍ਹਾਂ ਨੂੰ ਮੰਨਦੇ ਰਹੋਗੇ ਤਾਂ ਇਨ੍ਹਾਂ ਦੀ ਬੇਅਦਬੀ ਦਾ ਡਰ ਵੀ ਬਣਿਆਂ ਰਹੇਗਾ। ਫਿਰ ਤੁਸੀਂ ਬਹਾਦਰ ਵਿਅਕਤੀ ਨਹੀਂ ਬਣ ਸਕੋਗੇ।

**ਪ੍ਰਸ਼ਨ 8 : ਮਨੁੱਖੀ ਸਰੀਰ ਵਿੱਚ ਹਰ ਰੋਜ ਕਿੰਨੇ ਸੈੱਲ ਬਣਦੇ ਅਤੇ ਮਰਦੇ ਹਨ?**

ਉੱਤਰ : ਇੱਕ ਦਿਨ ਵਿੱਚ ਸਰੀਰ ਅੰਦਰ 28 ਅਰਬ ਸੈੱਲ ਨਵੇਂ ਬਣ ਜਾਂਦੇ ਹਨ ਅਤੇ ਇੱਕ ਸਕਿੰਟ ਵਿੱਚ 3 ਲੱਖ 18 ਹਜ਼ਾਰ 287 ਸੈੱਲ ਬਣ ਜਾਂਦੇ ਹਨ। ਸੈੱਲਾਂ ਦੇ ਨਿਰਮਾਣ ਅਤੇ ਵਿਨਾਸ਼ ਦਾ ਕੰਮ ਲਗਾਤਾਰ ਚੱਲਦਾ ਰਹਿੰਦਾ ਹੈ। ਬਚਪਨ ਤੋਂ ਲੈ ਕੇ ਜਵਾਨੀ ਤੱਕ ਸੈੱਲਾਂ ਦੇ ਬਣਨ ਦੀ ਰਫ਼ਤਾਰ ਠੀਕ ਰਹਿੰਦੀ ਹੈ ਅਤੇ ਨਸ਼ਟ ਹੋਣ ਦੀ ਰਫ਼ਤਾਰ ਕੀ ਕਾਇਮ ਰਹਿੰਦੀ ਹੈ ਪਰ ਜਿਉਂ-ਜਿਉਂ ਆਦਮੀ ਬੁਢਾਪੇ ਵੱਲ ਵਧਦਾ ਹੈ ਤਾਂ ਉਸ ਵਿੱਚ ਹਰ ਰੋਜ਼ ਪੈਦਾ ਹੋਣ

ਵਾਲੇ ਸੈੱਲਾਂ ਦੀ ਗਿਣਤੀ ਹਰ ਰੋਜ਼ ਮਰਨ ਵਾਲੇ ਸੈੱਲਾਂ ਨਾਲੋ. ਘੱਟ ਹੁੰਦੀ ਹੈ। ਇਸ ਲਈ ਬੰਦਾ ਬੁਢਾਪੇ ਵਿੱਚ ਬੰਦਾ ਕਮਜ਼ੋਰ ਹੁੰਦਾ ਜਾਂਦਾ ਹੈ। ਇੱਕ ਸਮੇਂ ਸੈੱਲ ਇੰਨੇ ਘਟ ਜਾਂਦੇ ਹਨ ਕਿ ਉਸ ਦੀ ਕੋਈ ਅੰਗ ਪ੍ਰਣਾਲੀ ਜਵਾਬ ਦੇ ਜਾਂਦੀ ਹੈ।

**ਪ੍ਰਸ਼ਨ 9 : ਕੀ ਤਰਕਸ਼ੀਲ ਗੁਰੂਆਂ, ਦੇਵੀ-ਦੇਵਤਿਆਂ, ਸਾਧਾਂ-ਸੰਤਾਂ ਜਾਂ ਪੀਰਾਂ ਨੂੰ ਗਾਲਾਂ ਕੱਢਦੇ ਹਨ ਜਾਂ ਮੰਦੀ ਭਾਸ਼ਾ ਬੋਲਦੇ ਹਨ?**
ਉੱਤਰ : ਗੁਰੂ ਸਾਡੇ ਵੀ ਪੁਰਖਿਆਂ ਵਿੱਚ ਸ਼ਾਮਲ ਸਨ। ਦੇਵੀ-ਦੇਵਤੇ ਕਲਪਿਤ ਹਨ। ਸਾਧਾ-ਸੰਤਾਂ ਅਤੇ ਪੀਰਾਂ ਦੀ ਆਪਣੀ ਮੰਨਤ ਹੈ। ਇਸ ਲਈ ਕੋਈ ਵੀ ਤਰਕਸ਼ੀਲ ਇਨ੍ਹਾਂ ਪ੍ਰਤੀ ਮੰਦੀ ਭਾਸ਼ਾ ਬੋਲ ਹੀ ਨਹੀਂ ਸਕਦੇ, ਗਾਲਾਂ ਤਾਂ ਦੂਰ ਦੀ ਗੱਲ ਹੈ। ਮੰਦੀ ਭਾਸ਼ਾ ਬੋਲਣ ਵਾਲਿਆਂ ਦਾ ਤਰਕਸ਼ੀਲਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਤਰਕਸ਼ੀਲ ਤਾਂ ਆਪਣੇ ਤਰਕਾਂ ਰਾਹੀਂ ਉਨ੍ਹਾਂ ਬਾਰੇ ਦੱਸੀਆਂ ਜਾਂਦੀਆਂ ਕਲਪਿਤ ਗੱਲਾਂ ਦੀ ਨਿਖੇਧੀ ਜ਼ਰੂਰ ਕਰਦੇ ਹਨ। ਸਾਧ-ਸੰਤ ਕਈ ਵਾਰ ਭਗਵੇਂ ਕਪੜੇ ਪਹਿਨ ਕੇ ਭੈੜੀਆਂ ਹਰਕਤਾਂ ਕਰਦੇ ਹਨ। ਤਰਕਸ਼ੀਲ ਉਨ੍ਹਾਂ ਦੇ ਪਰਦੇ ਵੀ ਫਾਸ ਕਰਦੇ ਹਨ।

**ਪ੍ਰਸ਼ਨ 10 : ਤੁਸੀਂ ਡਾ. ਕਾਵੂਰ ਦੀ ਕਿਤਾਬ ਦੇਵ, ਦੈਂਤ ਤੇ ਰੂਹਾਂ ਵਿੱਚੋਂ ਕਾਮੁਕ ਦੇਵਤਿਆਂ ਵਾਲਾ ਅਧਿਆਇ ਕਿਉਂ ਕੱਢ ਦਿੱਤਾ ਹੈ?**
ਉੱਤਰ : ਅਸੀਂ ਇਹ ਕਦਮ ਆਪਣੇ ਸਾਥੀਆਂ ਨਾਲ ਵਿਚਾਰ ਕੇ ਹੇਠ ਲਿਖੇ ਕਾਰਨਾਂ ਕਰਕੇ ਖਾਰਜ ਕੀਤਾ ਹੈ।
1. ਇਨ੍ਹਾਂ ਕਿਤਾਬਾਂ ਦੇ ਅੰਗਰੇਜੀ ਐਡੀਸ਼ਨ ਦੀ ਪਬਲੀਕੇਸ਼ਨ ਜੈਕੋ ਪਬਲਿਸਰਜ਼ ਵੱਲੋਂ ਕੀਤੀ ਗਈ ਸੀ। ਕੁੱਝ ਸਮਾਂ ਪਹਿਲਾਂ ਉਨ੍ਹਾਂ ਨੇ ਇਨ੍ਹਾਂ ਕਿਤਾਬਾਂ ਦੀ ਪਬਲੀਕੇਸ਼ਨ ਵਾਪਸ ਲੈ ਲਈ
2. ਡਾ ਕਾਵੂਰ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ।
3. ਕਾਮੁਕ ਦੇਵੀ-ਦੇਵਤਿਆਂ ਬਾਰੇ ਚੈਪਟਰ ਵਿੱਚ ਹਿੰਦੂ ਦੇਵੀ-ਦੇਵਤਿਆਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲਾਂ-ਬਾਤਾਂ ਲਿਖੀਆਂ ਗਈਆਂ ਸਨ। ਜੋ ਕਿ ਪਹਿਲਾਂ ਹੀ ਉਨ੍ਹਾਂ ਦੀਆਂ ਆਪਣੀਆਂ ਪੁਸਤਕਾਂ ਵਿੱਚ ਦਰਜ ਹਨ। ਇਸ ਲਈ ਅਸੀਂ ਇਸ ਨਾਲ ਵਿਰੋਧਤਾਈ ਨਹੀਂ ਖੱਟਣਾ ਚਾਹੁੰਦੇ।
4. ਦੇਵ, ਦੈਂਤ ਤੇ ਰੂਹਾਂ ਇੱਕ ਵਧੀਆ ਕਿਤਾਬ ਹੈ। ਜਿਸ ਨੇ ਲੱਖਾਂ ਵਿਅਕਤੀਆਂ ਨੂੰ ਤਰਕ ਨਾਲ ਜ਼ਿੰਦਗੀ ਜਿਉਣੀ ਸਿਖਾਈ ਹੈ। ਇਸ ਲਈ ਇੱਕ ਚੈਪਟਰ ਕਰਕੇ ਕਿਤਾਬ ਨੂੰ ਖ਼ਤਮ ਕਰਨਾ ਠੀਕ ਗੱਲ ਨਹੀਂ ਸੀ। ਇਸ ਕਰਕੇ ਸਾਨੂੰ ਉਪਰੋਕਤ ਫੈਸਲਾ ਲੈਣਾ ਪਿਆ।

**ਪ੍ਰਸ਼ਨ 11 : ਕੀ ਮੋਦੀ ਜਾਂ ਆਰ.ਐਸ.ਐਸ. ਦੇ ਦੂਜੇ ਵਰਕਰ ਦੇਸ਼ ਭਗਤ ਹੋ ਸਕਦੇ ਹਨ?**
ਉੱਤਰ : ਦੇਸ਼ ਭਗਤ ਹੋਣਾ ਤੇ ਰਾਜ ਭਗਤ ਹੋਣਾ ਦੋ ਵੱਖਰੀਆਂ ਗੱਲਾਂ ਹਨ। ਜਿਵੇ. ਪਰਿਵਾਰ ਕੰਧਾਂ ਨਾਲ ਨਹੀਂ ਬਣਦਾ। ਪਰਿਵਾਰ ਤਾਂ ਪਰਿਵਾਰ ਦੇ ਜੀਅ ਹੁੰਦੇ ਹਨ। ਇਸੇ ਤਰ੍ਹਾਂ ਦੇਸ਼ ਸਰਹੱਦਾਂ ਨਹੀਂ ਹੁੰਦਾ। ਸਗੋਂ ਦੇਸ਼ ਤਾਂ ਲੋਕ ਹੁੰਦੇ ਹਨ। ਸਰਹੱਦਾਂ ਤਾਂ ਬਦਲਦੀਆਂ ਰਹਿੰਦੀਆਂ ਹਨ। ਦੇਸ਼ ਭਗਤ ਹੋਣ ਦਾ ਮਤਲਬ ਦੇਸ਼ ਦੇ ਸੰਵਿਧਾਨ ਨੂੰ ਮੰਨਣਾ ਹੁੰਦਾ ਹੈ। ਸੰਵਿਧਾਨ ਕਹਿੰਦਾ ਹੈ ਕਿ ਇਸ ਦੇਸ਼ ਵਿੱਚ ਰਹਿਣ ਵਾਲੇ ਹਿੰਦੂ, ਮੁਸਲਿਮ, ਸਿੱਖ, ਇਸਾਈ ਸਾਰੇ ਬਰਾਬਰ ਹਨ। ਹਰੇਕ ਵਿਅਕਤੀ ਨੂੰ ਇਨ੍ਹਾਂ ਲੋਕਾਂ ਵਿੱਚ ਇੱਕਜੁੱਟਤਾ ਰੱਖਣ ਲਈ ਯਤਨ ਕਾਇਮ ਰੱਖਣੇ ਚਾਹੀਦੇ ਹਨ। ਗੁਜਰਾਤ ਦੰਗਿਆਂ ਵਿੱਚ ਲੋਕਾਂ ਨੂੰ ਮਰਵਾਉਣ ਲਈ ਮੋਦੀ ਨੇ ਦੇਸ਼ ਵਿਰੋਧੀ ਤਾਕਤਾਂ ਦੀ ਹੌਸਲਾ ਅਫਜਾਈ ਕੀਤੀ ਹੈ। ਆਰ.ਐਸ.ਐਸ. ਵਾਲਿਆਂ ਨੂੰ ਜਿੱਥੇ ਵੀ ਮੌਕਾ ਮਿਲਦਾ ਹੈ, ਉਹ ਮੁਸਲਮਾਨਾਂ ਦੇ ਵਿਰੁੱਧ ਭੁਗਤਦੇ ਹਨ ਅਤੇ ਹਿੰਦੂ ਧਰਮ ਲਈ ਕੰਮ ਕਰਨ ਦਾ ਅਤੇ ਉਸਨੂੰ ਸਥਾਪਤ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਲੋਕਾਂ ਲਈ ਭਾਰਤ ਦੇ ਸਾਰੇ ਨਾਗਰਿਕ ਸਮਾਨ ਨਹੀਂ ਹਨ। ਇਸਲਈ ਇਹ ਦੇਸ ਭਗਤ ਨਹੀਂ ਹੋ ਸਕਦੇ।

**ਪ੍ਰਸ਼ਨ 12 : ਦੁਨੀਆਂ ਕਿਵੇਂ ਬਣੀ ?**
ਉੱਤਰ : ਇਸ ਵਿਸ਼ੇ ਉੱਪਰ ਮੈਂ ਪਹਿਲਾਂ ਹੀ 'ਸਮੇਂ ਦਾ ਇਤਿਹਾਸ' ਨਾਂ ਦੀ ਪੁਸਤਕ ਲਿਖੀ ਹੋਈ ਹੈ। ਪਾਠਕਾਂ ਨੂੰ ਮੈਂ ਸਲਾਹ ਦਿਆਂਗਾ ਕਿ ਵਿਸਥਾਰ ਵਿੱਚ ਜਾਣਕਾਰੀ ਲੈਣ ਲਈ ਉਹ ਕਿਤਾਬ ਜ਼ਰੂਰ ਪੜ੍ਹੀ ਜਾਵੇ। ਉਸ ਕਿਤਾਬ ਵਿੱਚ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਬ੍ਰਹਿਮੰਡ ਦਾ ਮੌਜੂਦਾ ਰੂਪ ਕਿਵੇ. ਹੋਂਦ ਵਿੱਚ ਆਇਆ ਹੈ? ਸਾਡਾ ਸੂਰਜ ਅਤੇ ਸਾਰੇ ਗ੍ਰਹਿ 500 ਕੁ ਸੌ ਕਰੋੜ ਵਰ੍ਹੇ ਪਹਿਲਾਂ ਕਿਵੇਂ ਹੋਂਦ ਵਿੱਚ ਆਏ ਹਨ। ਧਰਤੀ ਉੱਤੇ ਮਿਲਦੇ ਸਾਰੇ ਪਦਾਰਥਾਂ ਦਾ ਨਿਰਮਾਣ ਕਿੱਥੋਂ ਅਤੇ ਕਿਵੇਂ ਹੋਇਆ ਹੈ? ਕਿਵੇਂ ਸਾਢੇ ਕੁ 300 ਕਰੋੜ ਸਾਲ ਪਹਿਲਾਂ ਮੁੱਢਲੇ ਜੀਵਾਂ ਅਮੀਬਾ, ਪੈਰਾਮੀਸ਼ੀਅਮ ਆਦਿ ਦੀ ਹੋਂਦ ਕਿਵੇਂ ਹੋਈ ਹੈ। ਇਨ੍ਹਾਂ ਸੈੱਲਾਂ ਤੋਂ ਵੱਖ-ਵੱਖ ਸਮਿਆਂ ਵਿੱਚ ਜੀਵਾਂ ਦੀਆਂ ਵੱਖ-ਵੱਖ ਨਸਲਾਂ ਕਿਵੇਂ ਹੋਂਦ ਵਿੱਚ ਆਈਆਂ? ਕਿਵੇਂ ਅੱਜ ਦੇ ਮਨੁੱਖ ਦਾ ਵਿਕਾਸ ਬਾਂਦਰ ਤੋਂ ਹੋਇਆ ਹੈ?



**ਪ੍ਰਸ਼ਨ 13 : ਧਾਰਮਿਕ ਗ੍ਰੰਥ ਕਵਿਤਾਵਾਂ ਵਿੱਚ ਕਿਉਂ ਲਿਖੇ ਹੁੰਦੇ ਹਨ ?**
ਉੱਤਰ : ਧਾਰਮਕ ਗ੍ਰੰਥਾਂ ਦੀ ਰਚਨਾ ਵੱਖ-ਵੱਖ ਸਮਿਆਂ ਵਿੱਚ ਹੁੰਦੀ ਰਹੀ ਹੈ। ਜਿਵੇਂ ਵੇਦ ਤਿੰਨ ਕੁ ਹਜ਼ਾਰ ਸਾਲ ਪਹਿਲਾਂ ਰਚੇ ਜਾਣੇ ਸ਼ੁਰੂ ਹੋਏ। ਬਾਈਬਲ ਦੋ ਕੁ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈ। ਕੁਰਾਨ ਸ਼ਰੀਫ਼ 15 ਕੁ ਸਾਲ ਪਹਿਲਾਂ ਰਚਿਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ 11ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਹੁੰਦੀ ਗਈ। ਉਸ ਸਮੇਂ ਰਿਸ਼ੀਆਂ-ਮੁਨੀਆਂ ਅਤੇ ਗੁਰੂਆਂ ਦਾ ਖਿਆਲ ਸੀ ਕਿ ਜਿਹੜੀ ਪੁਸਤਕ ਕਵਿਤਾਵਾਂ ਵਿੱਚ ਲਿਖੀ ਜਾਵੇ ਉਹ ਜਿਆਦਾ ਹਰਮਨ ਪਿਆਰੀ ਹੁੰਦੀ ਹੈ ਅਤੇ ਗਾਇਕ, ਕਵੀਸ਼ਰ ਅਤੇ ਕੀਤਰਨੀਏ ਕਵਿਤਾਵਾਂ ਰੂਪੀ ਕਿੱਸਿਆ ਨੂੰ ਗਾ ਕੇ ਇਸਨੂੰ ਜਿਆਦਾ ਹਰਮਨ ਪਿਆਰਾ ਬਣਾਉਣ ਵਿੱਚ ਸਹਾਈ ਹੁੰਦੇ ਹਨ। ਪਰ ਇਨ੍ਹਾਂ ਗੱਲਾਂ ਦਾ ਇੱਕ ਕਮਜ਼ੋਰ ਪੱਖ ਵੀ ਹੁੰਦਾ ਹੈ ਕਿ ਕਵਿਤਾਵਾਂ ਵਿੱਚ ਲਿਖੀਆਂ ਗੱਲਾਂ ਹਰੇਕ ਵਿਅਕਤੀ ਦੇ ਸਮਝ ਵਿੱਚ ਨਹੀਂ ਆਉਂਦੀਆਂ।

**ਪ੍ਰਸ਼ਨ 14 : ਸਭ ਤੋਂ ਵੱਡਾ ਪੁੰਨਦਾਨ ਕਿਸ ਨੇ ਕੀਤਾ ਅਤੇ ਕਦੋਂ ਕੀਤਾ ?**
ਉੱਤਰ : ਸਾਡੀ ਸਮਝ ਅਨੁਸਾਰ ਸਭ ਤੋਂ ਵੱਡਾ ਪੁੰਨਦਾਨ ਜੌਨਜ ਸਾਲਕ ਨੇ 1955 ਵਿੱਚ ਕੀਤਾ ਸੀ। ਉਸ ਨੇ ਪੋਲੀਓ ਦੀ ਦਵਾਈ ਦੀ ਖੋਜ ਕੀਤੀ ਸੀ। ਉਸ ਦਵਾਈ ਨੂੰ ਲੋਕਾਂ ਵਿੱਚ ਮੁਫ਼ਤ ਵੰਡਣ ਲਈ ਕਿਹਾ ਸੀ। ਜੇ ਉਹ ਉਸ ਸਮੇਂ ਵੀ ਇੱਕ ਬੂੰਦ ਦਾ ਮੁੱਲ 100 ਰੁਪਏ ਰੱਖ ਲੈਂਦਾ ਤਾਂ ਵੀ ਉਸ ਕੋਲ 70 ਹਜ਼ਾਰ ਕਰੋੜ ਰੁਪਇਆ ਹੋ ਜਾਂਦਾ। ਕਿਉਂਕਿ ਦੁਨੀਆਂ ਦੀ ਆਬਾਦੀ ਸੱਤ ਅਰਬ ਦੇ ਕਰੀਬ ਹੈ। ਉਸਨੇ ਇਸ ਪੁੰਨਦਾਨ ਰਾਹੀਂ ਅਰਬਾਂ ਲੋਕਾਂ ਨੂੰ ਪੋਲੀਓ ਹੋਣ ਤੋਂ ਬਚਾਇਆ ਹੈ। ਵੱਡੇ ਤੋਂ ਵੱਡੇ ਪੁੰਨਦਾਨ ਕਰਨ ਵਾਲੇ ਨੇ ਲੱਖਾਂ ਵਿਅਕਤੀਆਂ ਨੂੰ ਖਾਣਾ ਖਵਾਇਆ ਹੋ ਸਕਦਾ ਹੈ ਪਰ ਜੌਨਜ ਸਾਲਕ ਦੁਆਰਾ ਕੀਤੇ ਗਏ ਪੁੰਨਦਾਨ ਨਾਲੋਂ ਕੋਈ ਵੱਡਾ ਪੁੰਨਦਾਨ ਨਹੀਂ ਹੋ ਸਕਦਾ।

**ਪ੍ਰਸ਼ਨ 15 : ਪਲੇਗ ਕਦੋਂ ਫੈਲੀ ਸੀ?**
ਉੱਤਰ : ਦੁਨੀਆਂ ਦੇ ਵੱਖ-ਵੱਖ ਭਾਗਾਂ ਵਿੱਚ 1928 ਤੱਕ ਪਲੇਗ ਦੀ ਮਹਾਂਮਾਰੀ ਫੈਲਦੀ ਰਹੀ ਹੈ। ਪੰਜਾਬ ਵਿੱਚ ਵੀ ਇਹ 1920 ਤੱਕ ਫੈਲਦੀ ਰਹੀ ਹੈ। ਇਹ ਬਿਮਾਰੀ ਚੂਹਿਆਂ ਤੇ ਰਹਿਣ ਵਾਲੇ ਪਿੱਛੂ ਰਾਹੀਂ ਫੈਲਦੀ ਸੀ। ਪਿੱਛੂ ਜਦੋਂ ਕਿਸੇ ਵਿਅਕਤੀ ਨੂੰ ਕੱਟ ਜਾਂਦੇ ਤਾਂ ਉਨ੍ਹਾਂ ਵਿੱਚ ਪਲੇਗ ਦਾ ਵਾਇਰਸ ਦਾਖਲ ਹੋ ਜਾਂਦਾ। ਪਲੇਗ ਨਾਲ ਨਾਂ ਪੰਜਾਬ ਵਿੱਚ ਘਰਾਂ ਦੇ ਘਰ ਖਾਲੀ ਹੁੰਦੇ ਰਹੇ ਹਨ। ਇੱਕ ਜੀਅ ਦੀ ਲਾਸ਼ ਫੂਕਣ ਲਈ ਲੈ ਕੇ ਜਾਂਦੇ ਤਾਂ ਦੂਜੇ ਜੀਅ ਦੀ ਮੌਤ ਹੋਈ ਹੁੰਦੀ। ਬਹੁਤ ਸਾਰੇ ਪਿੰਡ ਉਨ੍ਹਾਂ ਸਮਿਆਂ ਵਿੱਚ ਬੇਚਰਾਗ ਹੋ ਗਏ ਤੇ ਬਿਮਾਰੀ ਦਾ ਖਾਤਮਾ ਐਂਗਲਾਜੈਂਡਰ ਫਲੈਮਿੰਗ ਦੀ ਪੈਨਸਲੀਨ ਦੀ ਖੋਜ਼ ਨੇ 1928 ਵਿੱਚ ਕਰ ਦਿੱਤਾ। ਉਸ ਤੋਂ ਬਾਅਤ ਇਹ ਮਹਾਂਮਾਰੀ ਫੈਲਣੀ ਬੰਦ ਹੋ ਗਈ।
(ਸਵਾਲ ਹੇਠ ਲਿਖੇ ਪਤੇ ਤੇ ਪੁੱਛੋ। ਤੁਸੀਂ ਸਵਾਲ ਐਸ. ਐਮ ਐਸ. ਰਾਹੀ. ਭੇਜ ਸਕਦੇ ਹੋ। 9888787440)

# ਮਹੱਤਵਪੂਰਨ ਕਿਤਾਬਾਂ ਜੋ ਤੁਹਾਡੇ ਜੀ



ਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ








# ਤਰਕਭਾਰਤੀ ਪ੍ਰਕਾਸ਼ਨ

ਪੁਰਾਣੀ ਸਬਜ਼ੀ ਮੰਡੀ,
ਕੱਚਾ ਕਾਲਜ ਰੋਡ,
ਬਰਨਾਲਾ-148101

ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਜਾਂ ਡਾਕ ਰਾਹੀਂ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ
ਮੋ. 78377 18723 ਜਾਂ @AFGI-BDAGDD

# 105 ਸਾਲਾਂ ਵਿੱਚ 129 ਨੋਬਲ ਪੁਰਸਕਾਰ

**ਮੇਘ ਰਾਜ ਮਿੱਤਰ**

ਵਿਸ਼ਵ ਦੀ ਕੁੱਲ ਆਬਾਦੀ ਵਿੱਚੋਂ ਯਹੂਦੀਆਂ ਦੀ ਸੰਖਿਆ ਲੱਗਭਗ ਡੇਢ ਕਰੋੜ ਹੈ। ਜਿਸ ਵਿੱਚੋਂ ਲੱਗਭਗ 70 ਲੱਖ ਅਮਰੀਕਾ ਵਿੱਚ ਰਹਿੰਦੇ ਹਨ, 50 ਲੱਖ ਜਹੂਦੀ ਏਸ਼ੀਆ ਵਿੱਚ, 20 ਲੱਖ ਯੂਰਪ ਵਿੱਚ ਅਤੇ ਬਾਕੀ ਕੁੱਝ ਹੋਰ ਦੇਸ਼ਾਂ ਵਿੱਚ ਰਹਿੰਦੇ ਹਨ। ਕਹਿਣ ਦਾ ਮਤਲਬ ਹੈ ਕਿ ਇਜ਼ਰਾਈਲ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਵਿੱਚ ਇਹ ਘੱਟ ਗਿਣਤੀ ਵਿੱਚ ਹਨ।



ਪ੍ਰਸਿੱਧ ਵਿਗਿਆਨੀ ਅਲਬਰਟ ਆਈਨਸਾਈਨ ਇੱਕ ਯਹੂਦੀ ਸਨ। ਪ੍ਰਸਿੱਧ ਮਨੋਵਿਗਿਆਨੀ ਸਿਗਮੰਡ ਫਰਾਇਡ ਮਾਰਕਸਵਾਦੀ ਵਿਚਾਰਧਾਰਾ ਦੇ ਜਨਕ ਕਾਰਲ ਮਾਰਕਸ ਜਿਵੇਂ ਅਨੇਕਾਂ ਯਹੂਦੀ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਾ ਚੁੱਕੇ ਹਨ ਜਿਨ੍ਹਾਂ ਨੇ ਮਾਨਵਤਾ ਅਤੇ ਸਮਾਜ ਦੇ ਲਈ ਇੱਕ ਅਮਿੱਟ ਯੋਗਦਾਨ ਦਿੱਤਾ ਹੈ। ਬੈਂਜਾਮਿਨ ਰੂਬਿਨ ਨੇ ਮਾਨਵਤਾ ਨੂੰ ਟੀਕੇ ਦੀ ਸੂਈ ਦਿੱਤੀ, ਜੋਨਜ ਸਾਲਕ ਨੇ ਪੋਲੀਓ ਵੈਕਸੀਨ ਦਿੱਤਾ, ਗਈਯੂਡ ਏਲੀਅਨ ਨੇ ਲਿਊਕੇਮੀਆਂ ਵਰਗੇ ਰੋਗਾਂ ਨਾਲ ਲੜਨ ਦੀ ਦਵਾਈ ਬਣਾਈ, ਬਾਰੂਚ ਬਲੂਮਬਰਗ ਨੇ ਹੈਪੇਟਾਈਟਸ ਬੀ ਨਾਲ ਲੜਨ ਦਾ ਟੀਕਾ ਬਣਾਇਆ। ਪਾਲ ਐਲਹਾਰਿਚ ਨੇ ਸਿਫਲਿਸ ਦਾ ਇਲਾਜ ਲੱਭਿਆ, ਬੇਨਾਰਡ ਕਾਟਜ਼ ਨੇ ਨਿਊਰੋ ਮਸਕੂਲਰ ਲਈ ਨੋਬਲ ਜਿੱਤਿਆ। ਗ੍ਰੇਗਰੀ ਪਿੰਕਸ ਨੇ ਸਭ ਤੋਂ ਪਹਿਲੀ ਖਾਣ ਵਾਲੀ ਗਰਭ ਨਿਰੋਧਕ ਗੋਲੀ ਦਾ ਨਿਰਮਾਣ ਕੀਤਾ, ਬਿਲੇਮ ਕਾਫ਼ ਨੇ ਕਿਡਨੀ ਡਾਇਲਿਸਿਸ ਦੀ ਮਸ਼ੀਨ ਬਣਾਈ। ਇਸ ਪ੍ਰਕਾਰ ਦੀਆਂ ਬਹੁਤ ਸਾਰੀਆਂ ਉਦਹਰਣਾਂ ਗਿਣਾਈਆਂ ਜਾ ਸਕਦੀਆਂ ਹਨ ਜਿਨ੍ਹਾਂ ਵਿੱਚ ਜਹੂਦੀਆਂ ਨੇ ਆਪਣੇ ਦਿਮਾਗ ਅਤੇ ਗੁਣਾਂ ਨਾਲ ਸਮੁੱਚੀ ਮਾਨਵਤਾ ਦੀ ਬਹੁਤ ਵੱਡੀ ਸੇਵਾ ਕੀਤੀ ਹੈ।

ਪਿਛਲੇ 105 ਸਾਲਾਂ ਵਿੱਚ 129 ਯਹੂਦੀਆਂ ਨੂੰ ਨੋਬਲ ਪੁਰਸਕਾਰ ਮਿਲ ਚੁੱਕੇ ਹਨ। ਭਾਰਤ ਨੂੰ ਹੁਣ ਤੱਕ ਸਿਰਫ਼ 6 ਨੋਬਲ ਪੁਰਸਕਾਰ ਮਿਲੇ ਹਨ ਜਿਨ੍ਹਾਂ ਵਿੱਚੋਂ ਇੱਕ ਸਾਹਿਤ (ਟੈਗੋਰ) ਅਤੇ ਇੱਕ ਸ਼ਾਂਤੀ ਲਈ (ਮਦਰ ਟਰੈਸਾ ਨੂੰ, ਜੇਕਰ ਉਸਨੂੰ ਭਾਰਤੀ ਮੰਨਿਆ ਜਾਵੇ ਤਾਂ) ਇਸ ਤਰ੍ਹਾਂ ਵਿਸ਼ਵ ਵਿੱਚ ਜਿਸ ਪ੍ਰਜਾਤੀ ਦੀ ਜਨਸੰਖਿਆ ਸਿਰਫ਼ 0.2% ਹੋਵੇ ਤਾਂ ਅਜਿਹੇ ਯਹੂਦੀਆਂ ਨੇ ਅਰਥਸ਼ਾਸ਼ਤਰ, ਦਵਾਈ-ਰਸਾਇਣ ਖੋਜ ਅਤੇ ਭੌਤਿਕ ਖੇਤਰਾਂ ਵਿੱਚ ਨੋਬਲ ਪੁਰਸਕਾਰਾਂ ਦੀ ਝੜੀ ਲਾ ਦਿੱਤੀ ਹੈ ਕੀ ਇਹ ਪ੍ਰਾਪਤੀ ਨਹੀਂ ਹੈ?

ਮਾਨਵਤਾ ਦੀ ਸੇਵਾ ਸਿਰਫ ਦਵਾਈਆਂ ਨਾਲ ਹੀ ਨਹੀਂ ਹੁੰਦੀ ਅਤੇ ਹੋਰ ਵੀ ਕਈ ਖੇਤਰ ਹਨ ਜਿਵੇਂ ਪੀਟਰ ਸੂਲਟਜ ਨੇ ਐਨਕਾਂ ਦੇ ਪਾਰਦਰਸ਼ੀ ਸ਼ੀਸ਼ੇ ਬਣਾਏ, ਬੇਨੋ ਸਟਾਰਸ ਨੇ ਸਟੇਨਲੈਸ ਸਟੀਲ, ਐਮਾਈਲ ਬਰਲੀਨਰ ਨੇ ਟੈਲੀਫੋਨ ਅਤੇ ਮਾਈਕਰੋਫੋਨ, ਚਾਰਲਸ ਗਿਨਸਬਰਗ ਨੇ ਵੀਡੀਓ ਟੇਪ ਰਿਕਾਰਡਰ, ਸਟੈਨਲੀ ਮੇਜ਼ੋਰ ਨੇ ਪਹਿਲੀ ਮਾਈਕਰੋ ਪਰੋਸਿਸ ਚਿੱਪ ਵਰਗੀਆਂ ਖੋਜਾਂ ਦਾ ਈਜ਼ਾਦ ਕੀਤਾ। ਵਪਾਰ ਦੇ ਖੇਤਰ ਵਿੱਚ ਰਾਲਫ ਲਾਰੇਨ (ਪੋਲੀ), ਲੇਵਿਸ ਸਟਾਰਸ (ਲੇਵਿਸ ਜੀਨਸ), ਸਗੇਈ ਬਿਨ (ਗੂਗਲ), ਮਾਈਕਲ ਡੇਲ (ਡੇਲ ਕੰਪਿਊਟਰ), ਲੈਰੀ ਏਲੀਅਨ (ਔਰੇਕਲ), ਰਾਜਨੀਤੀ ਅਤੇ ਅਰਥਸ਼ਾਸ਼ਤਰ ਦੇ ਖੇਤਰ ਵਿੱਚ ਯੇਲ ਯੂਨੀਵਰਸਿਟੀ ਦੇ ਰੀਚਰਡ ਲੇਵਿਨ, ਅਮਰੀਕੀ ਸੀਨੇਟਰ ਹੈਨਰੀ ਕਿਸੀਂਜਰ, ਬ੍ਰਿਟੇਨ ਦੇ ਲੇਖਕ ਬੈਂਜਾਮਿਨ ਡਿਜਰਾਈਲੀ ਵਰਗੇ ਕਈ ਨਾਮ ਯਹੂਦੀ ਹਨ।

ਮਾਨਵਤਾ ਦੇ ਸਭ ਤੋਂ ਵੱਡੇ ਪ੍ਰੇਮੀ ਆਪਣੀ ਚਾਰ ਅਰਬ ਡਾਲਰ ਤੋਂ ਵੱਧ ਸੰਪਤੀ ਵਿਗਿਆਨ ਅਤੇ ਵਿਸ਼ਵ ਭਰ ਦੇ ਵਿਸ਼ਵ ਵਿਦਿਆਲਿਆਂ ਨੂੰ ਦਾਨ ਕਰਨ ਵਾਲੇ ਜਾਰਜ ਸੋਰੋਸ ਵੀ ਯਹੂਦੀ ਹਨ। ਉਲੰਪਿਕ ਵਿੱਚ ਸੱਤ ਸਵਰਨ ਜਿੱਤਣ ਵਾਲੇ ਤੈਰਾਕ ਮਾਰਕ ਸਿਪਟਜ਼, ਸਭ ਤੋਂ ਘੱਟ ਉਮਰ ਵਿੱਚ ਵਿੰਬਲਡਨ ਜਿੱਤਣ ਵਾਲੇ ਬੂਮ-ਬੂਮ ਬੋਰਿਸ ਬੇਕਰ ਵੀ ਯਹੂਦੀ ਹਨ। ਹਾਲੀਵੁੱਡ ਦੀ ਸਥਾਪਨਾ ਵੀ ਇੱਕ ਤਰ੍ਹਾਂ ਨਾਲ ਯਹੂਦੀਆਂ ਦੁਆਰਾ ਕੀਤੀ ਗਈ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਹੈਰੀਸਨ ਫੋਰਡ, ਮਾਈਕਲ ਡਗਲਸ, ਡਸਿਟਨ ਹਾਫਮੈਨ, ਕੈਰੀ ਗ੍ਰਾਂਟ, ਪਾਲ ਨਿਊਮੈਨ, ਗੋਲਡੀ ਹਾਨ, ਸਟੀਵਨ ਸਪੀਲਵਰਗ, ਮੇਲ ਬੁਕਸ ਵਰਗੇ ਹਜ਼ਾਰਾਂ ਪ੍ਰਤਿਭਾਸ਼ਾਲੀ ਯਹੂਦੀ ਹਨ। ਤੁਸੀਂ ਦਿਨ ਰਾਤ ਜਿਸ ਫੇਸ ਬੁੱਕ ਉੱਪਰ ਲੱਗੇ ਰਹਿੰਦੇ ਹੋ, ਉਹ ਵੀ ਇੱਕ ਯਹੂਦੀ ਮਤਲਬ ਮਾਰਕ ਜ਼ੁਕਰਵਰਗ ਦੀ ਹੀ ਖੋਜ ਹੈ।

## ਅਰਬਪਤੀ ਭਗਵਾਨ ਨੇ ਇੱਥੇ/- ਜਗਦੀਸ਼ ਬਹਾਦਰਪੁਰੀ

ਅਰਬਪਤੀ ਭਗਵਾਨ ਨੇ ਇੱਥੇ, ਸੇਵਕ ਬੜੇ ਗ਼ਰੀਬ!
ਕਿਰਤ ਭੁੱਖੀ ਹੈ ਮਰਦੀ, ਵਿਹਲੜ ਰੋਜ਼ ਮਨਾਉਂਦੇ ਈਦ!
ਅਰਬਪਤੀ ਭਗਵਾਨ ਨੇ ਇੱਥੇ.....।

ਇਹ ਧਰਤੀ ਹੈ ਦੇਵਤਿਆਂ ਦੀ, ਗਿਣਤੀ ਲੱਖ-ਕਰੋੜਾਂ!
ਫਿਰ ਵੀ ਕਿਉਂ ਹਨ ਵਤਨ ਮੇਰੇ ਵਿੱਚ, ਦੁੱਖ, ਰੋਗ, ਇਹ ਥੋੜਾਂ!
ਪੈਰ-ਪੈਰ ਉਪਦੇਸ਼ਕ ਬੈਠੇ, ਕਰ-ਕਰ ਭੇਸ ਅਜੀਬ!
ਅਰਬਪਤੀ ਭਗਵਾਨ ਨੇ ਇੱਥੇ.....।

ਧਰਮ ਹੋ ਗਿਆ ਕਿੱਤਾ ਹੁਣ ਤਾਂ, ਹੋ ਗਏ ਸਾਧ ਵਪਾਰੀ।
ਪੂਜਾ, ਪਾਠ, ਦੁਆ, ਦਵਾਈਆਂ, ਵੇਚਦੇ ਰੋਜ਼ ਬਾਜ਼ਾਰੀ!
ਸੱਚ-ਮੁੱਚ ਚੱਕਰੀਂ ਪੈ ਇਹਨਾਂ ਦੇ ਜਾਂਦੇ ਫੁੱਟ 'ਨਸੀਬ'!
ਅਰਬਪਤੀ ਭਗਵਾਨ ਨੇ ਇੱਥੇ.....।

ਸੇਵਕਾਂ ਦੇ ਸਿਰ ਕੱਚੀਆਂ ਛੱਤਾਂ, ਬਾਬਿਆਂ ਡੇਰੀ ਸੋਨਾ!
ਮੂਰਖ ਲੋਕ ਕਦੇ ਨਾ ਸੋਚਣ, ਇੰਝ ਭਲਾ ਨਹੀਂ ਹੋਣਾ!
ਚੰਗੇ ਭਲੇ ਇਨਸਾਨ ਬਣਾ 'ਤੇ ਬਾਬਿਆਂ ਨੇ ਹੁਣ 'ਜੀਵ'!
ਅਰਬਪਤੀ ਭਗਵਾਨ ਨੇ ਇੱਥੇ.....।

'ਕੋਈ ਵੇਚਦਾ ਯੰਤਰ-ਮੰਤਰ, ਰਿੱਧੀਆਂ ਸਿੱਧੀਆਂ, ਮੂੰਗੇ,
ਜਿਉਂਦੇ ਹੀ ਸ਼ਰਧਾਲੂਆਂ ਦੇ ਨਿੱਤ ਕਾਗ ਮਾਰਦੇ ਠੂੰਗੇ,
ਸ਼ਬਦਜਾਲ ਸੰਗ 'ਭਰਮਜਾਲ' ਦੀ ਲਾ ਪੂਰੀ ਤਰਕੀਬ!
ਅਰਬਪਤੀ ਭਗਵਾਨ ਨੇ ਇੱਥੇ.....।

ਮੱਤ, ਪੱਤ ਅਤੇ ਮਿਹਨਤ ਦੀ ਕਿਉਂ ਲੁੱਟ ਕਰਵਾਉਂਦੇ ਲੋਕੀ!
ਜਗਦੀਸ਼! ਕਿਉਂ ਨਹੀਂ ਰੋਸ਼ਨੀਆਂ ਵੱਲ ਕਦਮ ਵਧਾਉਂਦੇ ਲੋਕੀਂ?
ਅਜਬ ਵਿੰਡਬਨਾਂ ਹਿਰਨ ਸ਼ੇਰਾਂ ਦੇ, ਹੋ-ਹੋ ਬਹਿਣ ਕਰੀਬ
ਅਰਬਪਤੀ ਭਗਵਾਨ ਨੇ ਇੱਥੇ.....।

# ਗਿਨੀਜ਼ ਬੁੱਕ ਵਿਚ ਸ਼ਾਮਿਲ ਭਾਰਤੀ ਨਾਮ

ਡਿੰਪਲ (9888569669)

ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਦੁਨੀਆਂ ਵਿਚ ਇਕ ਅਜਿਹੀ ਅਨੂਠੀ ਅਤੇ ਅਮੁੱਲ ਪੁਸਤਕ ਹੈ ਜਿਸ ਵਿਚ ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਬਣੇ ਕਿਸੇ ਵੀ ਵਿਸ਼ਵ ਕੀਰਤੀਮਾਨ ਨੂੰ ਲਿਖ ਕੇ ਸਾਂਭਿਆ ਗਿਆ ਹੈ। ਇਹ ਆਪਣੀ ਕਿਸਮ ਦੀ ਇਕ ਅਜਿਹੀ ਕਿਤਾਬ ਹੈ ਜਿਸ ਵਿਚ ਅਲੱਗ ਅਲੱਗ ਤਰਾਂ ਦੇ ਰਿਕਾਰਡਾਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਸੰਸਾਰ ਦੀ ਹਰ ਨਵੀਂ ਅਦਭੁੱਤ ਘਟਨਾ, ਦੁਰਘਟਨਾ, ਉਪਲੱਬਧੀ, ਜਾਣਕਾਰੀ ਜਾਂ ਕੀਰਤੀਮਾਨ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਹੀ ਇਸ ਦੀ ਵਿਸ਼ੇਸ਼ਤਾ ਜਾਂ ਖਾਸੀਅਤ ਹੈ। ਅਸਲ ਵਿਚ ਗਿਨੀਜ਼ ਬੁੱਕ ਇਕ ਸਲਾਨਾ ਪ੍ਰਕਾਸ਼ਨ ਹੈ, ਜੋ ਕਿ 1955 ਵਿਚ ਛਪਣੀ ਸ਼ੁਰੂ ਹੋਈ ਅਤੇ ਉਸਤੋਂ ਬਾਅਦ ਅੱਜ ਤੱਕ ਲਗਾਤਾਰ ਛਾਪੀ ਜਾ ਰਹੀ ਹੈ। ਸੰਨ 1957 ਵਿਚ ਕਿਸੇ ਕਾਰਣ ਵੱਸ ਇਸ ਪੁਸਤਕ ਦਾ ਪ੍ਰਕਾਸ਼ਨ ਨਹੀਂ ਹੋਇਆ, ਪਰ ਉਸਤੋਂ ਬਾਅਦ ਕਦੀ ਵੀ ਇਸ ਲਾਸਾਨੀ ਕਿਤਾਬ ਦੇ ਪ੍ਰਕਾਸ਼ਨ ਨੇ ਕਦੇ ਵੀ ਨਾਗਾ ਨਹੀਂ ਪਾਇਆ। ਲੰਡਨ ਦੇ ਵਿਚ ਫਲੀਟ ਸਟਰੀਟ ਸਥਿਤ ਇਸ ਕਿਤਾਬ ਦੇ ਦਫ਼ਤਰ ਤੋਂ ਨਿਯਮਿਤ ਰੂਪ ਵਿਚ ਇਹ ਪੁਸਤਕ ਛਪ ਰਹੀ ਹੈ ਅਤੇ ਇਸ ਨੂੰ ਦੁਨੀਆਂ ਦੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ ਦਾ ਦਰਜਾ ਵੀ ਪ੍ਰਾਪਤ ਹੈ ਅਤੇ ਇਸ ਗੱਲ ਦਾ ਜ਼ਿਕਰ ਇਸ ਪੁਸਤਕ ਵਿਚ 'ਇਕ ਰਿਕਾਰਡ' ਵਜੋਂ ਦਰਜ ਹੈ। ਸੰਸਾਰ ਦੀਆਂ ਕੁੱਲ 31 ਭਾਸ਼ਾਵਾਂ ਵਿਚ ਇਸ ਦਾ ਪ੍ਰਕਾਸ਼ਨ ਹੁੰਦਾ ਹੈ। ਇਸ ਦੇ ਵਰਤਮਾਨ ਸੰਪਾਦਕ ਦਾ ਨਾਮ ਪੀਟਰ ਮੈਥੀਓ ਹੈ।

ਗਿਨੀਜ਼ ਬੁੱਕ ਵਿਚ ਨਾਮ ਦਰਜ ਕਰਵਾਨਾ ਹਰ ਇਨਸਾਨ ਦੀ ਤਮੰਨਾ ਹੁੰਦੀ ਹੈ ਕਿਓਂਕਿ ਇਸ ਨਾਲ ਵਿਅਕਤੀ ਨੂੰ ਅੰਤਰਰਾਸ਼ਟਰੀ ਪੱਧਰ ਤੇ ਸ਼ੋਹਰਤ ਹਾਸਲ ਹੁੰਦੀ ਹੈ। ਇਹੀ ਨਹੀਂ ਇਸ ਨਾਲ ਵਿਅਕਤੀ ਦੇ ਨਾਮ ਨਾਲ 'ਜੀ ਆਰ ਐਚ' ਵੀ ਲੱਗ ਜਾਂਦਾ ਹੈ, ਜਿਸ ਦਾ ਮਤਲਬ 'ਗਿਨੀਜ਼ ਬੁੱਕ ਆਫ ਰਿਕਾਰਡ' ਹੈ । ਇਸ ਬਹੁਆਕਾਰੀ ਗ੍ਰੰਥ ਵਿਚ ਅਨੇਕਾਂ ਭਾਰਤਵਾਸੀਆਂ ਦੇ ਨਾਮ ਵੀ ਸ਼ਾਮਲ ਹਨ। ਇਨ੍ਹਾਂ ਵਿਅਕਤੀਆਂ ਨੇ ਆਪਣੀਆਂ ਜ਼ਿਕਰਯੋਗ ਉਪਲੱਭਧੀਆਂ ਦੀ ਬਦੌਲਤ ਇਸ ਪੁਸਤਕ ਵਿਚ ਆਪਣਾ ਨਾਮ ਦਰਜ ਕਰਵਾ ਕੇ ਭਾਰਤ ਦਾ ਨਾਮ ਵਿਸ਼ਵ ਵਿਆਪੀ ਪੱਧਰ ਤੇ ਰੌਸ਼ਨ ਕੀਤਾ ਹੈ। ਹਥਲੇ ਲੇਖ ਵਿਚ ਇਨ੍ਹਾਂ ਤਮਾਮ ਵਿਅਕਤੀਆਂ ਅਤੇ ਉਨ੍ਹਾਂ ਦੇ ਕੀਰਤੀਮਾਨਾਂ ਵਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਇਹ ਤੱਥ ਅੱਜ ਤੱਕ ਪ੍ਰਕਾਸ਼ਿਤ ਹੋ ਚੁੱਕੇ ਸਭ ਗਿਨੀਜ਼ ਬੁੱਕ ਦੇ ਪ੍ਰਕਾਸ਼ਨਾਂ ਵਿਚੋਂ ਅਲੱਗ ਅਲੱਗ ਐਂਟਰੀਆਂ ਵਿਚ ਭਾਰਤੀਆਂ ਦੇ ਨਾਮਾਂ ਅਤੇ ਉਨ੍ਹਾਂ ਦੇ ਰਿਕਾਰਡਾਂ ਨੂੰ ਇਕੱਠੇ ਕਰਕੇ ਕੀਤਾ ਗਿਆ ਹੈ।

ਵਿੰਗ ਕਮਾਂਡਰ ਐਸ ਦੱਤਾ ਦਾ ਨਾਮ ਵਿਸ਼ਵ ਵਿਚ ਸਭ ਤੋਂ ਵੱਧ ਉਚਾਈ ਤੇ ਬਚਾਓ ਕਾਰਜ ਨੂੰ ਸਫ਼ਲਤਾ ਪੂਰਬਕ ਪੂਰਾ ਕਰਨ ਦੇ ਲਈ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ। ਉਸਨੇ 14-18 ਨਵੰਬਰ 1986 ਦੇ ਦੌਰਾਨ ਲਗਾਤਾਰ 75 ਉਡਾਨਾਂ ਭਰ ਕੇ ਬਰਫ਼ ਵਿਚ ਫਸੇ 145 ਲੋਕਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾਇਆ ਸੀ। ਐਸ ਦੱਤਾ ਇਸ ਐਂਟਰੀ ਦੇ ਨਾਲ ਗਿਨੀਜ਼ ਬੁੱਕ ਵਿਚ ਨਾਮ ਦਰਜ ਕਰਵਾਉਣ ਵਾਲਾ ਪਹਿਲਾ ਭਾਰਤੀ ਬਣਿਆ। ਕੈਪਟਨ ਨਿਵੇਦਿੱਤਾ ਭਸੀਨ, ਨਾਗਰਿਕ ਉਡਾਨ ਦੇ ਖੇਤਰ ਵਿਚ ਦੁਨੀਆਂ ਦੀ ਸਭ ਤੋਂ ਘੱਟ ਉਮਰ ਦੀ ਪਾਇਲਟ ਬਣਨ ਵਾਲੀ ਮਹਿਲਾ ਹੈ। ਕੱਟੇ ਵਾਲਾਂ ਵਾਲੀ ਇਸ ਬੇਹੱਦ ਖ਼ੂਬਸੂਰਤ ਤ੍ਰੀਮਤ ਨੇ ਸਿਰਫ਼ 23 ਸਾਲ ਦੀ ਉਮਰ ਵਿਚ ਪਾਇਲਟ ਬਣ ਕੇ ਅਤੇ ਸਫ਼ਲਤਾ ਪੂਰਬਕ ਕਈ ਉਡਾਨਾਂ ਭਰ ਕੇ ਆਪਣੀ ਬੁੱਧੀ ਦਾ ਪਰਿਚੈ ਦਿੱਤਾ। ਦਿੱਲੀ ਦਾ ਗੁਲ ਮੁਹੰਮਦ ਦੁਨੀਆਂ ਦਾ ਸਭ ਤੋਂ ਬੌਣਾ (58 15 ਸੈਂਟੀਮੀਟਰ) ਇਨਸਾਨ ਹੈ। ਬਾਲਾ ਮੁਰਲੀ ਅੰਬਾਟੀ ਨੂੰ ਦੁਨੀਆਂ ਦਾ ਸਭ ਤੋਂ ਛੋਟੀ ਉਮਰ ਦਾ ਡਾਕਟਰ ਬਣਨ ਦਾ ਮਾਣ ਹਾਸਲ ਹੈ। ਬਾਲਾ ਸਿਰਫ਼ 17 ਸਾਲ ਦੀ ਉਮਰ ਵਿਚ ਡਾਕਟਰ ਬਣ ਗਿਆ ਸੀ। ਅੱਠ ਸਾਲਾ ਸੋਨਾਲੀ ਨੂੰ ਸਰਟੀਫਿਕੇਟ ਆਫ਼ ਸੈਕੰਡਰੀ ਐਜੂਕੇਸ਼ਨ ਸਭ ਤੋਂ ਘੱਟ ਉਮਰ( 8 ਸਾਲ) ਵਿਚ ਪ੍ਰਾਪਤ ਕਰਨ ਦਾ ਗੌਰਵ ਹਾਸਲ ਹੈ। ਪੰਜਾਬ ਦੇ 15 ਸਾਲਾ ਅਭਿਸ਼ੇਕ ਜੈਨ ਨੂੰ ਦੁਨੀਆਂ ਦਾ ਸਭ ਤੋਂ ਤੇਜ਼ ਟਾਈਪਿਸਟ ਹੋਣ (170 ਸ਼ਬਦ ਪ੍ਰਤੀ ਮਿਨਟ) ਕਰਕੇ ਗਿਨੀਜ਼ ਬੁੱਕ ਵਿਚ ਜਗਹ ਮਿਲੀ ਹੈ। ਬਾਬਾ ਮਹੇਂਦਰ ਪਾਲ ਨੂੰ ਆਪਣੀ ਸਰੀਰਕ ਅਪਾਹਜਤਾ ਦੇ ਬਾਵਜੂਦ 39 ਅਗਸਤ 1994 ਨੂੰ 7360 ਮੀਟਰ ਉੱਚੀ ਮਾਊਂਟ ਆਬੀ ਗਾਮਿਨ ਚੋਟੀ ਸਰ ਕਰਨ ਕਰਕੇ ਗਿਨੀਜ਼ ਬੁੱਕ ਵਿਚ ਸ਼ਾਮਲ ਕੀਤਾ ਗਿਆ ਹੈ।



ਸੁਪ੍ਰਸਿੱਧ ਕ੍ਰਿਕਟਰ ਸੁਨੀਲ ਗਾਵਾਸਕਰ ਦੇ ਨਾਮ ਸਭ ਤੋਂ ਵੱਧ ਟੈਸਟ ਸੈਂਕੜੇ ਬਣਾਉਣ ਦਾ ਰਿਕਾਰਡ ਹੈ ਜਦਕਿ 'ਮਾਸਟਰ ਬਲਾਸਟਰ' ਸਚਿਨ ਤੰਦੂਲਕਰ ਤੇ ਵਿਨੋਦ ਕਾਂਬਲੀ ਨੇ ਸਕੂਲੀ ਕ੍ਰਿਕਟ ਦੀ ਸਭ ਤੋਂ ਵਿਸ਼ਾਲ ਸਾਂਝੀਦਾਰੀ (633 ਰਨ) ਨਿਭਾਈ ਹੈ। ਸੁਰਾਂ ਦੀ ਮਲਿਕਾ ਵਜੋਂ ਮਕਬੂਲ ਗਾਇਕਾ ਲਤਾ ਮੰਗੇਸ਼ਕਰ ਦਾ ਨਾਮ ਦੁਨੀਆਂ ਵਿਚ ਸਭ ਤੋਂ ਵੱਧ ਗਾਣੇ (ਲਗਭਗ 30 ਹਜ਼ਾਰ) ਗਾਉਣ ਕਰਕੇ ਇਸ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਹੈ। ਡਾਕਟਰ ਐਮ ਐਸ ਮੋਦੀ ਨਾਂ ਦੇ ਡਾਕਟਰ ਨੇ ਇਕ ਦਿਨ ਵਿਚ ਮੋਤੀਆ ਬਿੰਧ ਦੇ 833 ਆਪਰੇਸ਼ਨ ਕਰਕੇ ਇਕ ਅਨੂਠਾ ਵਿਸ਼ਵ ਕੀਰਤੀਮਾਨ ਸਥਾਪਿਤ ਕੀਤਾ। ਹੈਦਰਾਬਾਦ ਦੇ ਜੀ ਹਨੂੰਮੰਤ ਰੈਡੀ ਨੂੰ ਭਾਰਤ ਸਰਕਾਰ ਦੇ ਵਿਰੁੱਧ ਸਭ ਤੋਂ ਜ਼ਿਆਦਾ ਮੁਕੱਦਮੇ ਦਾਇਰ ਕਰਨ ਕਰਕੇ ਗਿਨੀਜ਼ ਬੁੱਕ ਵਿਚ ਸਥਾਨ ਮਿਲਿਆ ਹੈ।

ਭਾਰਤੀ ਜੀਵਨ ਬੀਮਾ ਨਿਗਮ ਦੇ ਵਿਕਾਸ ਅਧਿਕਾਰੀ ਜਵਾਹਰ ਢੋਲਕੀਆ ਨੇ 1969-70 ਤੋਂ ਲੈ ਕੇ 1995 ਤੱਕ ਲਗਾਤਾਰ 25 ਸਾਲ , ਹਰ ਸਾਲ ਇਕ ਕਰੋੜ ਰੁਪਏ ਤੋਂ ਵੱਧ ਰੁਪਏ ਜਮ੍ਹਾਂ ਕਰਵਾ ਕੇ ਗਿਨੀਜ਼ ਬੁੱਕ ਵਿਚ ਆਪਣਾ ਨਾਮ ਦਰਜ ਕਰਵਾਇਆ। ਡਾਕਟਰ ਲਕਸ਼ਮੀ ਚੰਦਰ ਗੁਪਤਾ ਨੇ ਮੈਡੀਕਲ ਵਿਗਿਆਨ ਨਾਲ ਸੰਬੰਧਿਤ ਰਿਕਾਰਡ 63 ਕਿਤਾਬਾਂ ਲਿਖ ਕੇ ਇਸ ਕਿਤਾਬ ਵਿਚ ਅਪਣਾ ਨਾਮ ਦਰਜ ਕਰਵਾਇਆ। ਬਹਿਰਾਮ ਦਾਸ ਨਾਂ ਦੇ ਇਕ ਬੇਰਹਿਮ ਕਾਤਲ

ਦਾ ਨਾਮ ਇਸ ਲਾਸਾਨੀ ਪੁਸਤਕ ਦੇ ਵਿਚ ਸਭ ਤੋਂ ਵੱਧ ਹੱਤਿਆਵਾਂ (931) ਕਰਨ ਕਰਕੇ ਕਾਲੇ ਅੱਖ਼ਰਾਂ ਦੇ ਵਿਚ ਦਰਜ ਹੈ। ਭਾਰਤ ਦੀ ਸ਼ਕੁੰਤਲਾ ਦੇਵੀ ਨੂੰ ਮਾਨਵ ਕੰਪਿਊਟਰ ਦਾ ਨਾਮ ਦੇ ਕੇ ਇਸ ਕਿਤਾਬ ਵਿਚ ਸਲਾਹਿਆ ਗਿਆ ਹੈ। ਸੰਕੁਤਲਾ ਦੇਵੀ ਨੇ 18 ਜੂਨ 1980 ਨੂੰ ਲੰਡਨ ਦੇ ਇੰਮੀਪੀਰੀਅਲ ਕਾਲਜ ਦੇ ਕੰਪਿਊਟਰ ਵਿਭਾਗ ਵਿਚ 13 ਅੰਕਾਂ ਵਾਲੀਆਂ 2 ਸੰਖਿਆਵਾਂ ਦੀ ਗੁਣਾ ਸਿਰਫ਼ 28 ਸਕਿੰਟ ਵਿਚ ਕਰ ਕੇ ਇਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਸੀ। ਗਣਿਤ ਨਾਲ ਹੀ ਸੰਬੰਧਿਤ ਇਕ ਉਪਲੱਬਧੀ ਸ੍ਰੀ ਨਿਵਾਸਨ ਮਹਾਦੇਵ ਦੇ ਨਾਮ ਵੀ ਦਰਜ ਹੈ ਜਿਸ ਨੇ 3 ਘੰਟੇ ਅਤੇ 49 ਮਿੰਟ ਦੇ ਸਮੇਂ ਵਿਚ ਆਪਣੀ ਵਿਚਿੱਤਰ ਯਾਦ ਸ਼ਕਤੀ ਦੇ ਸਹਾਰੇ 'ਪਾਈ' ਦੇ 31811 ਮਾਨ ਤੱਕ ਦਾਸ਼ਮਿਕ ਬੋਲ ਕੇ ਸੁਣਾਈ।

ਮੋਰਾਰ ਜੀ ਦੇਸਾਈ ਦਾ ਨਾਮ ਇਸ ਪੁਸਤਕ ਵਿਚ ਸਭ ਤੋਂ ਵੱਧ ਉਮਰ (81 ਸਾਲ) ਦੇ ਪ੍ਰਧਾਨ ਮੰਤਰੀ ਬਣਨ ਵਜੋਂ ਦਰਜ ਹੈ। ਤਿਮੁੱਲਜੀ ਭੀਕਾ ਨਰੀਮਨ ਜੀ ਅਤੇ ਉਸਦੀ ਪਤਨੀ ਸ਼ੀਲਾ ਨਰੀਮਨ ਦਾ ਨਾਮ ਇਸ ਕਿਤਾਬ ਵਿਚ ਸਭ ਤੋਂ ਲੰਮਾ ਸਮਾਂ ਵਿਵਾਹਿਤ ਜੀਵਨ ਬਤੀਤ ਕਰਨ ਵਜੋਂ ਦਰਜ ਹੈ। ਇਸ ਦੰਪਤੀ ਨੇ 1853 ਤੋਂ 1940 ਤੱਕ ਲਗਾਤਾਰ 86 ਸਾਲ ਇਕੱਠਿਆਂ ਬਤੀਤ ਕੀਤੇ, ਜੋ ਕਿ ਆਪਣੇ ਆਪ ਵਿਚ ਇਕ ਰਿਕਾਰਡ ਹੈ। ਬਿਹਾਰ ਰਾਜ ਦੇ ਤਥਾਗਤ ਅਵਤਾਰ ਤੁਲਸੀ ਦਾ ਨਾਮ ਇਸ ਪੁਸਤਕ ਵਿਚ ਸਭ ਤੋਂ ਛੋਟੀ ਉਮਰ ਵਿਚ ਮੈਟ੍ਰਿਕ ਪਾਸ ਕਰਨ ਵਜੋਂ ਦਰਜ ਹੈ।

ਇਸ ਪੁਸਤਕ ਦੇ ਵਿਚ ਅਨੇਕਾਂ ਨਿੱਜੀ ਅਤੇ ਸਰਕਾਰੀ ਦਫ਼ਤਰਾਂ, ਸੰਸਥਾਵਾ ਦੇ ਨਾਮ ਵੀ ਅਦੁੱਥੀ ਕਾਰਨਾਮਿਆਂ ਕਰਕੇ ਦਰਜ ਕੀਤੇ ਗਏ ਹਨ। ਭਾਰਤੀ ਸਟੇਟ ਬੈਂਕ ਸ਼ਾਖਾਵਾਂ ਦੇ ਹਿਸਾਬ ਦੇ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਬੈਂਕ ਹੈ। ਇਸਦੀਆਂ ਦੁਨੀਆਂ ਭਰ ਵਿਚ 12500 ਸਾਖਾਵਾਂ ਹਨ। ਭਾਰਤੀ ਰੇਲਵੇ ਕਰਮਚਾਰੀਆਂ ਦੀ ਗਿਣਤੀ ਦੇ ਹਿਸਾਬ ਦੇ ਨਾਲ ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ ਹੈ। ਇਸ ਦੇ ਕਰਮਚਾਰੀਆਂ ਦੀ ਕੁੱਲ ਗਿਣਤੀ 16 ਲੱਖ ਤੋਂ ਜ਼ਿਆਦਾ ਹੈ। ਨਿੱਜੀ ਖੇਤਰ ਦੀ ਕੰਪਨੀ ਹੀਰੋ ਦੁਨੀਆਂ ਦੀ ਸਭ ਤੋਂ ਵੱਡੀ ਸਾਈਕਲ ਨਿਰਮਾਤਾ ਫਰਮ ਹੈ। ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਵਿਚ ਸਥਿਤ ਇਹ ਸੰਸਥਾ ਹਰ ਸਾਲ ਲਗਭਗ 26 ਲੱਖ ਸਾਈਕਲਾਂ ਦਾ ਨਿਰਮਾਣ ਕਰਦੀ ਹੈ। ਸਰਕਾਰੀ ਹਵਾਈ ਸੇਵਾ 'ਏਅਰ ਇੰਡੀਆ' ਨੂੰ ਸਭ ਤੋਂ ਵੱਡੀ ਉਡਾਨ ਦੁਆਰਾ ਸਭ ਤੋਂ ਵੱਧ ਲੋਕਾਂ ਨੂੰ ਦੇਸ਼ ਵਿਚ ਪਹੁੰਚਾਉਣ ਦੇ ਲਈ 1993 ਵਿਚ ਗਿਨੀਜ਼ ਬੁੱਕ ਦੇ ਵਿਚ ਸ਼ਾਮਲ ਕੀਤਾ ਗਿਆ। 1991 ਵਿਚ ਏਅਰ ਇੰਡੀਆ ਨੇ 419 ਉਡਾਨਾਂ ਦੇ ਦੁਆਰਾ ਕੁਵੈਤ ਦੇ ਵਿਚ ਫਸੇ 10 7822 ਭਾਰਤੀਆਂ ਨੂੰ ਉਮਾਨ ਅਤੇ ਦੁਬੱਈ ਰਸਤੇ ਭਾਰਤ ਵਾਪਸ ਪਹੁੰਚਾ ਕੇ ਇਕ ਨਵਾਂ ਰਿਕਾਰਡ ਸਿਰਜਿਆ।

ਭਾਰਤੀਆਂ ਦੁਆਰਾ ਕਾਇਮ ਕੀਤੇ ਕਈ ਅਜੀਬੋ ਗਰੀਬ ਕੀਰਤੀਮਾਨ ਵੀ ਇਸ ਪੁਸਤਕ ਦੇ ਵਿਚ ਦਰਜ ਹਨ। ਮਸਲਨ, ਸੁਰਿੰਦਰ ਆਚਾਰੀਆ ਦਾ ਨਾਮ ਇਸ ਪੁਸਤਕ ਦੇ ਵਿਚ ਚਾਵਲ ਦੇ ਇਕ ਦਾਣੇ ਦੇ ਉਪਰ 241 ਅੱਖ਼ਰ ਲਿਖ ਕੇ ਦਿਖਾਉਣ ਕਰਕੇ ਦਰਜ ਕੀਤਾ ਗਿਆ ਜਦਕਿ ਵੈਂਕਟ ਰਵਿੰਦਰ ਕੁਮਾਰ ਦਾ ਨਾਮ 45 ਘੰਟੇ 20 ਮਿਨਟ ਲਗਾਤਾਰ ਸੀਟੀ ਵਜਾਉਣ ਕਰਕੇ ਇਸ ਕਿਤਾਬ ਵਿਚ ਦਰਜ ਕੀਤਾ ਗਿਆ। ਮਿਲਿੰਦ ਦੇਸ਼ਮੁੱਖ ਨੇ ਆਪਣੇ ਸਿਰ ਉਤੇ ਦੁੱਧ ਦੀ ਬਾਲਟੀ ਰੱਖ ਕੇ 65 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਸਿਰੀ ਧਰ ਚੀਲਾਲ ਦੇ ਨਹੁੰ ਦੁਨੀਆਂ ਵਿਚ ਸਭ ਤੋਂ ਲੰਮੇ ਹਨ। ਅਰਵਿੰਦ ਪਾਂਡੀਆ ਨੇ ਲਾਸ ਏਂਜਲਸ ਤੱਕ ਦੀ ਦੂਰੀ ਪਿੱਛੇ ਦੀ ਤਰਫ਼ ਦੌੜਦੇ ਹੋਏ ਪੂਰੀ ਕੀਤੀ।

ਬਾਪੂ ਚਿਤਰਾ ਨੇ ਸੜਕ ਦੇ ਕਿਨਾਰੇ ਇਕ ਹੀ ਸਥਾਨ ਤੇ 22 ਸਾਲ ਲਗਾਤਾਰ ਬੈਠ ਕੇ ਇਕ ਅਲੱਗ ਹੀ ਕਿਸਮ ਦਾ ਕੀਰਤੀਮਾਨ ਸਥਾਪਿਤ ਕੀਤਾ। ਜਗਦੀਸ਼ ਚੰਦਰ ਨਾਂ ਦੇ ਇਕ ਭਾਰਤੀ ਨੇ 15 ਮਹੀਨੇ ਲਗਾਤਾਰ ਰੀਂਗ ਕੇ 1400 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਇਕ ਰਿਕਾਰਡ ਕਾਇਮ ਕੀਤਾ। ਨਾਗੌਰ ਦੇ ਮਹੇਸ਼ ਪ੍ਰਸਾਦ ਨੇ ਇਕ ਸਾਧਾਰਣ ਸਾਈਕਲ ਤੇ ਬੈਠ ਕੇ 381 ਕਿਲੋਮੀਟਰ ਦੀ ਯਾਤਰਾ ਕਰਕੇ ਇਕ ਅਨੂਠਾ ਕਾਰਨਾਮਾ ਕਰ ਦਿਖਾਇਆ। ਇਵਜ਼ ਵਜੋਂ ਉਸਦਾ ਨਾਮ ਗਿਨੀਜ ਬੁੱਕ ਵਿਚ ਸ਼ਾਮਲ ਕਰ ਲਿਆ ਗਿਆ।

ਭਾਰਤ ਵਿਚ ਵਾਪਰੀਆਂ ਅਨੇਕਾਂ ਇਤਿਹਾਸਕ ਘਟਨਾਵਾਂ ਵੀ ਗਿਨੀਜ਼ ਬੁੱਕ ਵਿਚ ਦਰਜ ਕੀਤੀਆਂ ਗਈਆਂ ਹਨ। 23 ਜੂਨ 1985 ਨੂੰ 329 ਯਾਤਰੀਆਂ ਨੂੰ ਲੈ ਜਾ ਰਹੇ ਏਅਰ ਇੰਡੀਆ ਦੇ ਬੋਇੰਗ 737 ਹਵਾਈ ਜ਼ਹਾਜ਼ ਦੇ ਵਿਚ ਬੰਬ ਵਿਸਫੋਟ ਹੋਣ ਦੇ ਨਾਲ ਤਬਾਹ ਹੋ ਕੇ ਉੱਤਰੀ ਐਟਲਾਂਟਿਕ ਦੇ ਵਿਚ ਡਿੱਗਣ ਦੀ ਘਟਨਾ ਨੂੰ ਅੱਜ ਤੱਕ ਦਾ ਦੁਨੀਆਂ ਦਾ ਸਭ ਤੋਂ ਵੱਡਾ ਹਵਾਈ ਹਾਦਸਾ ਮੰਨਿਆ ਗਿਆ ਹੈ। ਸਭ ਤੋਂ ਵੱਡੀ ਉਦਯੋਗਿਕ ਦੁਰਘਟਨਾ ਵਜੋਂ 1984 ਦੇ ਭੋਪਾਲ ਗੈਸ ਹਾਦਸੇ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਵਿਚ ਯੂਨੀਅਨ ਕਾਰਬਾਈਡ ਕਾਰਖ਼ਾਨੇ ਦੇ ਵਿਚੋਂ ਰਿਸੀ ਗੈਸ ਦੇ ਕਾਰਨ 2500 ਤੋਂ ਵੱਧ ਲੋਕ ਭੰਗ ਦੇ ਭਾੜੇ ਮਾਰੇ ਗਏ ਸਨ। ਇਕ ਸਥਾਨ ਤੇ ਸਭ ਤੋਂ ਵੱਧ ਭੀੜ ਇਕੱਤਰ ਹੋਣ ਦਾ ਕੀਰਤੀਮਾਨ 19 ਜਨਵਰੀ 1977 ਵਿਚ ਅਰਧ ਕੁੰਭ ਦੇ ਮੌਕੇ ਤੇ ਇਲਾਹਾਬਾਦ ਦੇ ਵਿਚ ਸਥਾਪਤ ਹੋਇਆ, ਜਦ 1 ਕਰੋੜ 27 ਲੱਖ 45 ਹਜ਼ਾਰ 3 ਸੌ 65 ਲੋਕ ਇਕੱਠੇ ਹੋਏ। ਸਭ ਤੋਂ ਵੱਡੀ 'ਅੰਤਿਮ ਯਾਤਰਾ' ਵਜੋਂ 3 ਫਰਵਰੀ 1969 ਨੂੰ ਤਤਕਾਲੀ ਮੁੱਖ ਮੰਤਰੀ ਸੀ ਐਨ ਅੰਨਾ ਦੁਰਾਈ ਦੇ ਦੇਹਾਂਤ ਤੇ ਕਰੀਬ ਡੇਢ ਕਰੋੜ ਲੋਕਾਂ ਦਾ ਅੰਤਿਮ ਯਾਤਰਾ ਵਿਚ ਸ਼ਾਮਲ ਹੋਣ ਦਾ ਅਵਸਰ ਦਰਜ ਕੀਤਾ ਗਿਆ ਹੈ।

ਮਿੰਨੀ ਕਹਾਣੀ

## ਸ਼ਹੀਦ ਕੌਣ ?

ਅਮਰੀਕ ਮਾਨਾਂ, ਮੋਬਾ: 98147-86707

ਮੇਰੇ ਪਿੰਡ ਦਾ ਸ਼ਹੀਦ ਬਲਜੀਤ ਸਿੰਘ, ਸਿੱਖ ਰੈਜੀਮੈਂਟ ਵਿੱਚ ਭਰਤੀ ਸੀ। ਜੰਮੂ ਵਿੱਚ ਦੁਸਮਣਾਂ ਨਾਲ ਲੋਹਾ ਲੈਂਦਾ, ਉਹ ਭਾਰਤ ਮਾਤਾ ਲਈ ਸ਼ਹੀਦ ਹੋ ਗਿਆ। ਪਿੰਡ ਦੇ ਨੌਜਵਾਨਾਂ ਨੇ ਸ਼ਹੀਦ ਦੇ ਨਾਂ ਤੇ ਸਪੋਰਟਸ ਕਲੱਬ ਬਣਾਉਣ ਦੀ ਯੋਜਨਾ ਤਿਆਰ ਕੀਤੀ। ਇਸ ਸੰਬੰਧੀ ਜਦੋਂ ਉਹ ਪਿੰਡ ਦੇ ਸਰਪੰਚ ਨੂੰ ਮਿਲੇ ਤਾਂ ਸਰਪੰਚ ਨੇ ਆਪਣੇ ਫਰਮਾਨ ਵਿੱਚ ਕਿਹਾ, "ਦੇਖੋ ਵੀ ਮੁੰਡਿਓ, ਜੇ ਕਲੱਬ ਬਣਾਉਣਾ ਹੀ ਆ ਤਾਂ ਆਪਣੇ ਪਿੰਡ ਦੇ ਸੰਤ ਮਲੰਗ ਸਾਹ ਦੇ ਨਾਂ 'ਤੇ ਬਣਾਓ, ਕਿਉਂਕਿ ਆਪਣੇ ਤਾਂ ਉਹੀ ਪਹਿਲੇ ਸ਼ਹੀਦ ਨੇ ਜਿਹਨਾਂ 'ਚ ਸਾਰੇ ਪਿੰਡ ਦੀ ਸ਼ਰਧਾ। ਇੱਥੇ ਜ਼ਿਆਦਾਤਰ੍ਹ ਨੌਜਵਾਨ ਸਰਪੰਚ ਦੀ ਇਸ ਗੱਲ ਨਾਲ ਸਹਿਮਤ ਹੋ ਗਏ, ਕਿਉਂਕਿ ਸਰਪੰਚ ਦੀ ਇਸ ਗੱਲ ਨਾਲ ਚਾਹੁੰਦੇ ਸਨ। ਉਹ ਜਿਸ ਮਰਜੀ ਸ਼ਹੀਦ ਦੇ ਨਾਂ ਤੇ ਹੋਵੇ। ਹੁਣ ਸਰਪੰਚ ਅੰਦਰੋ-ਅੰਦਰੀ ਇਸ ਗੱਲੋਂ ਖ਼ੁਸ਼ ਵੀ ਸੀ ਕਿ ਉਸਨੂੰ ਸ਼ਹੀਦ ਬਲਜੀਤ ਸਿੰਘ ਦੇ ਪਰਿਵਾਰ ਤੋਂ ਸਿਆਸੀ ਰੰਜਸ ਕੱਢਣ ਦਾ ਮੌਕਾ ਮਿਲ ਗਿਆ ਸੀ।....ਤੇ ਅੱਜ ਤਿੰਨ ਰੋਜਾ ਟੂਰਨਾਮੈਂਟ ਦੀ ਸਟੇਜ ਤੋਂ ਸਰਪੰਚ ਮਲੰਗ ਸਾਹ ਦੀਆਂ ਚਮਤਕਾਰੀ ਕਹਾਣੀਆਂ ਦੱਸੀ ਜਾ ਰਿਹਾ ਸੀ ਤੇ ਮੈਂ ਇਸੇ ਗਰਾਊਂਡ ਦੇ ਇੱਕ ਕੋਨੇ ਵਿੱਚ ਲੱਗੇ ਸ਼ਹੀਦ ਬਲਜੀਤ ਸਿੰਘ ਦੇ ਬੁੱਤ ਕੋਲ ਖੜਾ ਸੋਚ ਰਿਹਾ ਸੀ ਕਿ ਦੇਸ਼ ਲਈ ਸ਼ਹੀਦ ਹੋਣ ਵਾਲੇ ਤਾਂ ਸਭ ਦੇ ਸਾਂਝੇ ਹੁੰਦੇ ਹਨ। ਪਰ ਸਾਡੀ ਗੰਧਲੀ ਰਾਜਨੀਤੀ ਤੇ ਤੰਗਦਿਲੀ ਨੇ ਸਾਡੀ ਸੋਚ ਨੂੰ ਕਿੰਨੀ ਖੋਖੀ ਬਣਾ ਦਿੱਤੀ ਹੈ। ਅਸੀਂ ਦੇਸ਼ ਦੇ ਸ਼ਹੀਦਾਂ ਤੋਂ ਵੀ ਬਦਲਾ ਲੈਣ ਤੱਕ ਜਾਂ ਸਕਦੇ ਹਾਂ ਤੇ ਦੂਜੇ ਪਾਸੇ ਮਲੰਗ ਸਾਹ ਵਰਗੇ ਵਿਹਲੜੇ ਤੇ ਨਸ਼ਈ ਨੂੰ ਕਿਸ ਸਮਾਜਿਕ ਦੇਣ ਸਦਕਾ ਸ਼ਹੀਦ ਮੰਨ ਰਹੇ ਹਾਂ?

# ਸੱਪਾਂ ਬਾਰੇ

**ਵਿਅਕਤੀ ਦੀ ਮੌਤ ਪੱਕੀ ਹੈ। ਜੇਕਰ ਤੁਸੀਂ ਥੋੜੀ ਜਿਹੀ ਹੁਸ਼ਿਆਰੀ ਦਿਖਾਓ ਤਾਂ ਤੁਸੀਂ ਵਿਅਕਤੀ ਨੂੰ ਬਚਾ ਸਕਦੇ ਹੋ। ਹੁਸ਼ਿਆਰੀ ਕਿਹੜੀ ਦਿਖਾਉਣੀ ਹੈ......**

ਤੁਸੀਂ ਦੇਖਿਆ ਹੋਵੇਗਾ ਕਿ ਜਦ ਸੱਪ ਕੱਟਦਾ ਹੈ ਤਾਂ ਉਸਦੇ ਦੋ ਦੰਦ ਹੁੰਦੇ ਹਨ ਜਿੰਨਾਂ ਵਿੱਚ ਜ਼ਹਿਰ ਹੁੰਦੀ ਹੈ, ਜੋ ਸਰੀਰ ਵਿੱਚ ਮਾਸ ਦੇ ਅੰਦਰ ਚਲੇ ਜਾਂਦੇ ਹਨ ਅਤੇ ਖੂਨ ਵਿੱਚ ਆਪਣੀ ਜ਼ਹਿਰ ਛੱਡ ਦਿੰਦਾ ਹੈ ਤਾਂ ਫਿਰ ਜ਼ਹਿਰ ਸਾਡੇ ਸਰੀਰ ਦੇ ਉੱਪਰ ਵੱਲ ਜਾਂਦਾ ਹੈ। ਮੰਨ ਲਵੋ ਕਿ ਹੱਥ ਉੱਪਰ ਸੱਪ ਨੇ ਡੰਗ ਮਾਰਿਆ ਤਾਂ ਜ਼ਹਿਰ ਸਾਡੇ ਦਿਲ ਵੱਲ ਜਾਵੇਗੀ ਅਤੇ ਉਸ ਤੋਂ ਬਾਅਦ ਪੂਰੇ ਸਰੀਰ ਵਿੱਚ ਪਹੁੰਚ ਜਾਵੇਗੀ। ਇਸ ਤਰ੍ਹਾਂ ਹੀ ਜਦ ਪੈਰ ਤੇ ਮਾਰਿਆ ਹੋਵੇ ਤਾਂ ਜ਼ਹਿਰ ਸਾਡੇ ਦਿਲ ਵਿੱਚ ਪਹੁੰਚਣ ਤੇ ਸਿਰਫ਼ -3 ਘੰਟੇ ਹੀ ਲੱਗਦੇ ਹਨ।

ਮਤਲਬ ਇਹ ਕਿ ਰੋਗੀ 3 ਘੰਟੇ ਨਹੀਂ ਮਰ ਸਕਦਾ ਜਦ ਦਿਮਾਗ ਦੇ ਇੱਕ ਹਿੱਸੇ ਅਤੇ ਬਾਕੀ ਸਾਰੀ ਜਗਾ ਵਿੱਚ ਪਹੁੰਚ ਜਾਵੇਗੀ ਤਾਂ ਫਿਰ ਵਿਅਕਤੀ ਦੀ ਮੌਤ ਹੋਵੇਗੀ Otherwise ਨਹੀਂ ਹੋਵੇਗੀ। ਤਾਂ ਤੁਹਾਡੇ ਕੋਲ ਤਿੰਨ ਘੰਟਿਆਂ ਦਾ ਸਮਾਂ ਹੈ ਰੋਗੀ ਨੂੰ ਬਚਾਉਣ ਦਾ ਜੇਕਰ ਤੁਸੀਂ ਇਹਨਾਂ 3 ਘੰਟਿਆਂ ਵਿੱਚ ਕੁਝ ਕਰ ਲਵੋ ਤਾਂ ਬਹੁਤ ਵਧੀਆ ਹੈ।



## ਕੀ ਕਰ ਸਕਦੇ ਹੋ ?????

ਜੇਕਰ ਘਰ ਵਿੱਚ ਕੋਈ ਪੁਰਾਣਾ ਸਰਿੰਜ ਹੈ ਤਾਂ ਉਸ ਨੂੰ ਲੈ ਲਵੋ। ਉਸਨੂੰ ਲੈ ਕੇ ਜਿੱਥੇ ਸੂਈ ਲੱਗੀ ਹੁੰਦੀ ਹੈ ਉਸਦੇ ਪਿੱਛੇ ਵਾਲਾ ਹਿੱਸਾ ਕੱਟ ਲਵੋ ਤਾਂ ਸਰਿੰਜ ਇੱਕ ਪਾਇਪ ਦੀ ਤਰ੍ਹਾਂ ਬਣ ਜਾਵੇਗੀ। ਬਿਲਕੁਲ ਅਜਿਹੀ ਜਿਵੇਂ ਹੋਲੀ ਵਿੱਚ ਬੱਚਿਆਂ ਦੀ ਪਿਚਕਾਰੀ ਹੁੰਦੀ ਹੈ। ਉਸ ਤੋਂ ਬਾਅਦ ਰੋਗੀ ਦੇ ਸਰੀਰ ਤੇ ਦਾਗ ਲੱਭੋ ਜਿੱਥੇ ਸੱਪ ਨੇ ਕੱਟਿਆ ਹੈ। ਬਿਲਕੁਲ ਆਸਾਨੀ ਨਾਲ ਲੱਭ ਜਾਵੇਗਾ ਕਿਉਂਕਿ ਜਿੱਥੇ ਸੱਪ ਕੱਟਦਾ ਹੈ ਉਥੇ ਥੋੜੀ ਸੋਜ ਆ ਜਾਂਦੀ ਹੈ ਅਤੇ ਦੋ ਨਿਸ਼ਾਨ ਹੁੰਦੇ ਹਨ, ਜਿੰਨਾਂ ਤੇ ਥੋੜਾ ਜਿਹਾ ਖੂਨ ਲੱਗਿਆ ਹੁੰਦਾ ਹੈ ਤੁੰਹਾਨੂੰ ਲੱਭ ਜਾਣਗੇ। ਹੁਣ ਤੁਸੀਂ ਉਹ ਸਰਿੰਜ ਲੈ ਕੇ ਉਹਨਾਂ ਦੋਨਾਂ ਨਿਸ਼ਾਨਾ ਵਿੱਚੋਂ ਪਹਿਲਾਂ ਇੱਕ ਨਿਸ਼ਾਨ ਉੱਤੇ ਰੱਖ ਕੇ ਉਸਨੂੰ ਪਿੱਛੇ ਨੂੰ ਖਿੱਚੋ ਜਦ ਤੁਸੀਂ ਨਿਸ਼ਾਨ ਉੱਪਰ ਰੱਖੋਗੇ ਤਾਂ ਇਹ ਸਰਿੰਜ ਨਾਲ ਚਿਪਕ ਜਾਵੇਗੀ। ਉਸ ਨਾਲ Vacuum Crate ਹੋ ਜਾਵੇਗਾ ਅਤੇ ਸਰਿੰਜ ਖੂਨ ਨਾਲ ਭਰ ਜਾਵੇਗੀ ਤਾਂ ਤੁਸੀਂ ਸਰਿੰਜ ਨਾਲ ਖੂਨ ਨੂੰ ਇਸ ਤਰ੍ਹਾਂ ਹੀ ਖਿਚਦੇ ਰਹੋ ਜਦ ਤੁਸੀਂ ਪਹਿਲੀ ਵਾਰੀ ਖੂਨ ਕੱਢੋਗੇ ਤਾਂ ਖੂਨ ਦਾ ਰੰਗ blackish ਹੋਵੇਗਾ ਜਾਂ Dark ਹੋਵੇਗਾ। ਤਾਂ ਸਮਝ ਲਵੋ ਕਿ ਜ਼ਹਿਰ ਖੂਨ ਵਿੱਚ ਮਿਕਸ ਹੋ ਚੁੱਕਿਆ ਹੈ ਅਜਿਹਾ ਕਰਨ ਨਾਲ ਜ਼ਹਿਰ ਸਾਰਾ ਨਿਕਲ ਆਵੇਗਾ।

ਜਦ ਸੱਪ ਕੱਟਦਾ ਹੈ ਤਾਂ ਜ਼ਹਿਰ ਜ਼ਿਆਦਾ ਨਹੀਂ ਹੁੰਦਾ। ਬਸ 0.5 ਮੀ.ਲੀ. ਆਸ-ਪਾਸ ਹੁੰਦਾ ਹੈ ਕਿਉਂਕਿ ਇਸ ਤੋਂ ਜ਼ਿਆਦਾ ਉਸਦੇ ਦੰਦਾਂ ਵਿੱਚ ਨਹੀਂ ਰਹਿ ਸਕਦਾ। ਦੋ ਤਿੰਨ ਵਾਰ ਤੁਸੀਂ ਖਿੱਚ ਲਿਆ ਤਾਂ ਸਾਰਾ ਬਾਹਰ ਆ ਜਾਵੇਗਾ ਅਤੇ ਜਦ ਸਾਰਾ ਜ਼ਹਿਰ ਬਾਹਰ ਨਿਕਲ ਆਵੇਗਾ ਤਾਂ ਰੋਗੀ ਦੀ ਸਿਹਤ ਵਿੱਚ ਕੁਝ ਬਦਲਾਵ ਆਵੇਗਾ। ਦੂਸਰਾ ਇੱਕ medicine ਤੁਸੀਂ ਆਪਣੇ ਘਰ ਵਿੱਚ ਰੱਖ ਸਕਦੇ ਹੋ ਬਹੁਤ ਸਸਤੀ ਹਿਮੋਪੈਥਿਕ ਵਿੱਚ ਆਉਂਦੀ ਹੈ। ਉਸ ਦਾ ਨਾਮ ਹੈ NAJA ਇਹ ਹਿਮੋਪੈਥਿਕ medicine ਹੈ ਤੁਸੀਂ ਦੁਕਾਨ ਤੇ ਜਾ ਕੇ ਕਹੋ ਕਿ NAJA 200 ਦੇਦੋ ਤਾਂ ਉਹ ਤੁਹਾਨੂੰ ਦੇ ਦੇਣਗੇ। 5 ਮੀ.ਲੀ ਤੁਸੀਂ ਘਰ ਵਿੱਚ ਖਰੀਦ ਕੇ ਰੱਖ ਲਵੋ 100 ਲੋਕਾਂ ਦੀ ਜਾਨ ਇਸ ਨਾਲ ਬਚ ਸਕਦੀ ਹੈ ਅਤੇ ਇਸਦੀ ਕੀਮਤ ਸਿਰਫ਼ 5 ਰੁਪਏ ਹੈ। ਇਸ ਦੀ ਬੋਤਲ ਵੀ ਆਉਂਦੀ ਹੈ 100 ਮੀ.ਲੀ ਦੀ 70-80 ਰੁਪੇ ਦੀ। ਉਸ ਨਾਲ ਤੁਸੀਂ 1000 ਲੋਕਾਂ ਦੀ ਜਾਨ ਬਚਾ ਸਕਦੇ ਹੋ ਜਿਹਨਾਂ ਨੂੰ ਸੱਪ ਨੇ ਕੱਟਿਆ ਹੈ।

ਇਹ medicine ਹੈ NAJA ਇਹ ਦੁਨੀਆਂ ਦੇ ਸਭ ਤੋਂ ਖਤਰਨਾਕ ਸੱਪ ਦੀ POISON ਹੈ, ਜਿਸ ਨੂੰ ਕਰੌਕ ਕਹਿੰਦੇ ਹਨ। ਇਹ ਸੱਪ ਦੁਨੀਆਂ ਦਾ ਸਭ ਤੋਂ ਜ਼ਿਆਦਾ ਖਤਰਨਾਕ ਮੰਨਿਆ ਜਾਂਦਾ ਹੈ। ਇਸ ਸੱਪ ਦੇ ਕੱਟਣ ਤੇ ਵੀ ਕੰਮ ਨਹੀਂ ਕਰਦੀ ਉਸਦਾ ਹੀ ਇਹ POISON ਹੈ ਪਰ delusion form ਵਿੱਚ ਹੈ ਤਾਂ ਘਬਰਾਉਣ ਦੀ ਲੋੜ ਨਹੀਂ ਆਯੂਰਵੈਦ ਦਾ ਸਿਧਾਂਤ ਤੁਸੀਂ ਜਾਣਦੇ ਹੀ ਹੋ ਲੋਹਾ ਲੋਹੇ ਨੂੰ ਕੱਟਦਾ ਹੈ ਤੇ ਜੇ ਸਰੀਰ ਵਿੱਚ ਜ਼ਹਿਰ ਚਲਾ ਜਾਂਦਾ ਹੈ ਤਾਂ ਦੂਸਰੇ ਸੱਪ ਦਾ ਜ਼ਹਿਰ ਕੰਮ ਆਉਂਦਾ ਹੈ। ਇਸ ਦਵਾਈ ਦੀ 1 ਬੂੰਦ ਰੋਗੀ ਦੇ ਜੀਭ ਤੇ ਰੱਖੋ ਅਤੇ 10 ਮਿੰਟ ਬਾਅਦ 1 ਬੂੰਦ ਹੋਰ ਰੱਖੋ ਅਤੇ 10 ਮਿੰਟ ਬਾਅਦ 1 ਹੋਰ ਰੱਖੋ ਤਿੰਨ ਬੂੰਦਾਂ ਪਾ ਕੇ ਫਿਰ ਬਸ ਕਰੋ। ਤੁਸੀਂ ਹਮੇਸ਼ਾਂ ਯਾਦ ਰੱਖੋ ਕਿ ਜੇ ਕਿਸੇ ਨੂੰ ਸੱਪ ਨੇ ਕੱਟਿਆ ਹੋਵੇ ਤਾਂ ਦਵਾ NAJA ਨਾਂ ਹੋਵੇ, ਫਟਾਫਟ ਕਿਸੇ ਤੋਂ ਸਰਿੰਜ ਲੈ ਕੇ ਉਹ ਤਰੀਕਾ ਵਰਤੋ। ਜੇਕਰ ਦਵਾ ਵੀ ਹੈ ਤਾਂ ਦਵਾਈ ਵੀ ਦੇ ਦੇਵੋ ਤੇ ਸਰਿੰਜ ਵਾਲਾ ਪ੍ਰਯੋਗ ਵੀ ਜ਼ਰੂਰ ਕਰੋ ਪਰ ਫਿਰ ਵੀ ਸਰਿੰਜ ਨਾਲੋਂ ਦਵਾਈ ਜ਼ਿਆਦਾ ਜ਼ਰੂਰੀ ਹੈ। ਇਸ ਜਾਣਕਾਰੀ ਨੂੰ ਹਮੇਸ਼ਾਂ ਯਾਦ ਰੱਖੋ ਤੁਹਾਡੀ ਜ਼ਿੰਦਗੀ ਵਿੱਚ ਇਹ ਕਿਤੇ ਵੀ ਕੰਮ ਆ ਸਕਦੀ ਹੈ ਅਤੇ ਇਹ ਜਾਣਕਾਰੀ ਤੁਹਾਡੀ ਅਤੇ ਕਿਸੇ ਦੀ ਵੀ ਜਾਨ ਬਚਾ ਸਕਦੀ ਹੈ।

## ਮੇਰੇ ਦੇਸ਼ ਦੇ ਅੰਧ ਵਿਸ਼ਵਾਸ਼

ਕਦੇ ਵਾਲ ਕੱਟਣ ਵਾਲੇ ਆ ਗਏ !  
ਕਦੇ ਸਲੇਡਾ ਆ ਗਿਆ !  
ਕਦੇ ਨਲਕੇ 'ਚ ਅੰਮ੍ਰਿਤ ਜਲ ਆ ਗਿਆ !  
ਕਦੇ ਕਿਸੇ ਪਿੰਡ ਚੁੜੇਲ ਆ ਗਈ !  
ਕਦੇ ਬੱਚੇ ਚੁੱਕਣ ਵਾਲੇ ਆ ਗਏ !  
ਕਦੇ ਤਿੰਨ ਸੌ ਸਾਲ ਪੁਰਾਣਾ ਬਾਜ਼ ਆ ਗਿਆ !  
ਕਦੇ ਫ਼ਿਲਮ ਦੇਖਣ ਨਾਲ ਗੁਰਦੇ ਸਹੀ ਹੋ ਗਏ !  
ਕਦੇ ਪਾਠ ਸੁਣਨ ਨਾਲ ਲੱਤਾਂ ਅੱਖਾਂ ਠੀਕ ਹੋ ਗਈਆਂ !  
ਕਦੇ "ਹਲਾ ਲੂ, ਹਲਾ ਲੂ" ਕਰਨ ਨਾਲ ਅਧਰੰਗ ਸਹੀ ਹੋ ਗਿਆ !  
ਕਦੇ ਕਿਸੇ ਨੂੰ ਸੁਪਨੇ 'ਚ ਜ਼ਮੀਨ ਹੇਠਾਂ ਸੋਨਾ ਦਿੱਸ ਪੈਂਦਾ ਤੇ ਸਰਕਾਰ ਖ਼ੁਦਾਈ ਸ਼ੁਰੂ ਕਰਵਾ ਦਿੰਦੀ ਆ !  
ਕਦੇ ਤਾਜ਼ ਮਹੱਲ ਹੇਠਾਂ ਕਿਸੇ ਨੂੰ ਸ਼ਿਵ ਜੀ ਦਾ ਮੰਦਿਰ ਦਿੱਸ ਪੈਂਦਾ !  
ਕਦੇ ਬਾਰਡਰ ਉੱਤੇ ਮਰ ਮੁੱਕੇ ਫੌਜੀਆਂ ਦਾ ਪਹਿਰਾ ਸ਼ੁਰੂ ਹੋ ਜਾਂਦਾ ਆ !  
ਕਦੇ ਖ਼ਬਰਾਂ ਵਾਲੇ ਚੈਨਲਾਂ ਨੂੰ ਸਵਰਗ ਵੱਲ ਜਾਂਦੀਆਂ ਪੌੜੀਆਂ ਦਿੱਸ ਪੈਂਦੀਆਂ ਆ !  
ਕਦੇ ਹਨੂੰਮਾਨ ਦੇ ਪੈਰਾਂ ਦੇ ਨਿਸ਼ਾਨ ਬੇਗਾਨੇ ਮੁਲਕ ਲੱਭ ਜਾਂਦੇ ਆ !  
ਕਦੇ ਸਿਰ ਪੌਣ ਆ ਜਾਂਦੀ ਆ ਕਿਸੇ ਬਾਬੇ ਦੀ !  
ਕਦੇ ਔਰਤਾਂ ਦੇ ਸੇਬ, ਸਵਾਹ ਖਾਹ ਕੇ ਬੱਚੇ ਜੰਮ ਪੈਂਦੇ ਆ !  
ਕਦੇ ਜੋਤਸ਼ੀ, ਪੁੱਛਾਂ ਦੇਣ ਵਾਲੇ ਭਵਿੱਖ ਦੱਸ ਦਿੰਦੇ ਆ !  
ਕਦੇ ਘਰ ਆ ਕੇ ਕੋਈ ਕੱਪੜੇ ਕੱਟ ਜਾਂਦਾ ਆ, ਅੱਗ ਲਾ ਦਿੰਦਾ ਆ !  
ਕਦੇ ਘਰ ਇੱਟਾਂ ਰੋੜੇ ਕੋਈ ਭੂਤ ਮਾਰਨ ਲੱਗ ਜਾਂਦਾ ਆ !

ਸਾਰਾ ਪਾਖੰਡ ਆਪਣੇ ਦੇਸ਼ ਵਿੱਚ ਹੁੰਦੈ ! ਸਾਰੀਆਂ ਘਟਨਾਵਾਂ ਆਪਣੇ ਲੋਕਾਂ ਨਾਲ ਹੀ ਘਟਦੀਆਂ ਨੇ ! ਸਾਰੀਆਂ ਸ਼ਕਤੀਆਂ ਆਪਣੇ ਲੋਕਾਂ ਵਿੱਚ ਹੀ ਆ ! ਸਾਡੇ ਮੁਲਕ ਦੇ ਲੋਕਾਂ ਜਿੰਨੇ ਪਾਖੰਡੀ, ਮੂਰਖ ਅਤੇ ਮਾਨਸਿਕ ਰੋਗੀ ਲੋਕ ਹੋਰ ਕਿਸੇ ਮੁਲਕ ਸ਼ਾਇਦ ਹੀ ਵੱਸਦੇ ਹੋਣ !

# ਆਪਣੀਆਂ ਆਦਤਾਂ ਕਿਵੇਂ ਸੁਧਾਰੀਏ ?

ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ

ਜੋ ਵੀ ਸਾਡਾ ਵਰਤਾਵ ਹੈ, ਇਹ ਸਿੱਖਿਆ ਹੋਇਆ ਹੈ ਅਤੇ ਫਿਰ ਇਸ ਵਰਤਾਵ ਦੇ ਅਸੀਂ ਇੰਨੇ ਜ਼ਿਆਦਾ ਆਦੀ ਹੋ ਜਾਂਦੇ ਹਾਂ ਕਿ ਉਹ ਸਾਡੀਆਂ ਆਦਤਾਂ ਵਿੱਚ ਬਦਲ ਜਾਂਦਾ। ਪਰ ਸਾਡੀਆਂ ਕਈ ਆਦਤਾਂ ਨੂੰ ਤਬਦੀਲ ਕਰਨ ਦੀ ਲੋੜ੍ਹ ਹੁੰਦੀ ਹੈ ਪਰ ਅਸੀਂ ਉਨ੍ਹਾਂ ਨੂੰ ਜ਼ਾਇਜ ਠਹਿਰਾਉਣ ਲਈ ਕਈ ਤਰ੍ਹਾਂ ਦੇ ਤਰਕ ਦਿੰਦੇ ਹਾਂ। ਸਦਾਈ ਇਹ ਹੈ ਕਿ ਤਬਦੀਲੀ ਕੁਦਰਤ ਦਾ ਅਸੂਲ ਹੈ ਅਤੇ ਜਿਹੜੀਆਂ ਆਦਤਾਂ ਮਾਹੋਲ ਅਤੇ ਸਮਾਜਿਕ ਤੌਰ ਤੇ ਪ੍ਰਵਾਨਿਤ ਨਹੀਂ ਹਨ ਜਾਂ ਉਨ੍ਹਾਂ ਦੀ ਕਾਇਮੀ ਤੇ ਸਾਨੂੰ ਔਕੜਾਂ ਆਉਂਦੀਆਂ ਹਨ। ਉਨ੍ਹਾਂ ਨੂੰ ਬਦਲਣਾਂ ਹੀ ਪਵੇਗਾ। ਪਰ ਇਹ ਕੰਮ ਐਨਾਂ ਸੌਖਾ ਨਹੀਂ। ਆਉ ਕੁੱਝ ਉਦਾਹਰਣਾਂ ਨਾਲ ਇਨ੍ਹਾਂ ਆਦਤਾਂ ਵੱਲ ਜਾਵੀਏ।

ਅਮਰੀਕ ਦਾ ਅਲਾਰਮ ਵੱਜਦਾ ਹੈ ਜਦੋਂ ਕਿ ਉਹ ਅਜੇ ਨੀਂਦ ਵਿੱਚ ਹੀ ਹੈ ਪਰ ਉਹ ਫਟਾਫਟ ਬੈੱਡ ਤੋਂ ਉੱਠ ਜਾਂਦਾ ਹੈ, ਰਾਤ ਨੂੰ ਤਿਆਰ ਕਰਕੇ ਰੱਖੇ ਕਸਰਤ ਵਾਲੇ ਕਪੜੇ ਪਾਉਂਦਾ ਹੈ ਅਤੇ ਥੋੜੇ ਸਮੇਂ ਲਈ ਦੌੜਨ ਚਲਿਆ ਜਾਂਦਾ ਹੈ। ਪਿਛਲੇ ਸਾਲ ਤੋਂ ਉਹਦੀ ਇਹ ਹੀ ਆਦਤ ਹੈ ਅਤੇ ਉਹ ਹਫਤੇ ਵਿੱਚ ਪੰਜ ਵਾਰੀ ਦੌੜਨ ਜਾਂਦਾ ਹੈ।

ਸੁਗੰਧ ਦੀ ਹੁਣੇ ਹੁਣੇ ਆਪਣੇ ਪਤੀ ਨਾਲ ਲੜਾਈ ਹੋਈ ਹੈ। ਗੁੱਸੇ ਨਾਲ ਭਰੀ-ਪੀਤੀ ਉਹ ਰਸੋਈ ਵਿੱਚ ਭੱਜਦੀ ਹੈ ਅਤੇ ਚਾਕਲੇਟਾਂ ਦਾ ਭਰਿਆ ਲਿਫਾਫਾ ਖੋਲ੍ਹ ਕੇ ਸਾਰੀਆਂ ਚਾਕਲੇਟਾਂ ਖਾ ਜਾਂਦੀ ਹੈ। ਹਰ ਵਾਰ ਗੁੱਸਾ ਅਉਣ ਤੇ ਉਹ ਇੰਦਾ ਹੀ ਕਰਦੀ ਹੈ।

ਹੁਣ ਦੇਖੀਏ ਕਿ ਅਮਰੀਕ ਅਤੇ ਸੁਗੰਧ ਵਿੱਚ ਕਿਹੜੀ ਗੱਲ ਇਕੋ ਜੇਹੀ ਹੈ? ਉਹ ਜਾਣੇ-ਅਣਜਾਣੇ ਵਿੱਚ ਇਸ ਤਰ੍ਹਾਂ ਕਰਦੇ ਹਨ ਕਿਉਂਕਿ ਉਹ ਆਪਣੀ ਆਦਤ ਤੋਂ ਮਜ਼ਬੂਰ ਹਨ।

ਹੁਣ ਅਸੀਂ ਆਪਣੇ ਬਾਰੇ ਸੋਚੀਏ? ਕੀ ਕਦੇ ਅਸੀਂ ਆਪਣੀਆਂ ਆਦਤਾਂ ਦਾ ਨਿਰੀਖਣ ਕੀਤਾ ਹੈ? ਕੀ ਅਸੀਂ ਆਪਣੀਆਂ ਕੁੱਝ ਆਦਤਾਂ ਨੂੰ ਬਦਲਣਾਂ ਚਾਹੁੰਦੇ ਹਾਂ? ਸ਼ਾਇਦ ਅਸੀਂ ਨਵੇਂ ਸਾਲ ਦੇ ਸ਼ੁਰੂ ਵਿੱਚ ਇਹ ਟੀਚਾ ਰੱਖਿਆ ਸੀ ਕਿ ਮੈਂ ਹਰ ਰੋਜ਼ ਕਸਰਤ ਕਰਾਂਗਾ, ਆਪਣੀ ਨੀਂਦ ਦਾ ਸਮਾਂ ਵਧਾਵਾਂਗਾ ਅਤੇ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਫੋਨ ਵੀ ਕਰਦਾ ਰਹਾਂਗਾ ਅਤੇ ਮਿਲਣ ਦਾ ਸਮਾਂ ਵੀ ਜ਼ਰੂਰ ਕੱਢਾਂਗਾ।

ਦੂਜੇ ਪਾਸੇ, ਸ਼ਾਇਦ ਤੁਸੀਂ ਕਿਸੇ ਬੁਰੀ ਆਦਤ ਤੋਂ ਪਿੱਛਾ ਛੁਡਾਉਂਣਾ ਚਾਹੁੰਦੇ ਹੋ ਜਿਵੇਂ ਸ਼ਰਾਬ ਜਾਂ ਸਿਗਰਟ ਪੀਣੀ। ਚਟਪਟੀਆਂ ਜਾਂ ਤਲੀਆਂ ਚੀਜ਼ਾਂ ਖਾਣੀਆਂ ਜਾਂ ਇੰਟਰਨੈਟ ਤੇ ਬਹੁਤ ਜ਼ਿਆਦਾ ਸਮਾਂ ਬਤਾਉਣਾ।

ਆਪਾਂ ਨੂੰ ਇਸ ਸਚਾਈ ਦਾ ਪਤਾ ਹੈ ਕਿ ਬੁਰੀ ਆਦਤ ਤੋਂ ਪਿੱਛਾ ਛਡਾਉਣਾ ਐਨਾਂ ਸੌਖਾ ਨਹੀਂ ਹੁੰਦਾ। ਕਈ ਸਿਆਣੇ ਤਾਂ ਇਹ ਵੀ ਕਹਿੰਦੇ ਹਨ ਕਿ ਬੁਰੀ ਆਦਤ ਠੰਡ ਵਿੱਚ ਰਜਾਈ ਵਾਂਗ ਹੈ ਜਿਸ ਵਿੱਚ ਵੜਨਾਂ ਤਾਂ ਬਹੁਤ ਸੌਖਾ ਹੈ ਪਰ ਨਿਕਲਣਾ ਬਹੁਤ ਔਖਾ ਹੈ।

ਹੁਣ ਸੁਆਲ ਇਹ ਹੈ ਕਿ ਅਸੀਂ ਆਪਣੀਆਂ ਆਦਤਾਂ ਤੇ ਕਿਵੇਂ ਕਾਬੂ ਪਾ ਸਕਦੇ ਹਾਂ ਤਾਂ ਕਿ ਸਾਨੂੰ ਇਨ੍ਹਾਂ ਦਾ ਨੁਕਸਾਨ ਹੋਣ ਦੀ ਬਜਾਏ ਫਾਇਦਾ ਹੋਵੇ?

ਆਉ ਕੁੱਝ ਸੁਝਾਵਾਂ ਵਲ ਨਜ਼ਰ ਮਾਰੀਏ।

**ਸਹੀ ਨਜ਼ਰੀਆ ਰੱਖਣਾਂ:-** ਸ਼ਾਇਦ ਤੁਸੀਂ ਸੋਚੋ ਕਿ ਤੁਸੀਂ ਸਾਰਾ ਕੁੱਝ ਰਾਤੋਂ-ਰਾਤ ਬਦਲ ਸਕਦੇ ਹੋ। ਤੁਸੀਂ ਆਪਣੇ ਆਪ ਨੂੰ ਕਹਿੰਦੇ ਹੋ, 'ਇਸ




ਹਫਤੇ ਮੈਂ ਸਿਗਰਟ ਜਾਂ ਸਰਾਬ ਪੀਣੀ, ਗਾਲਾਂ ਕੱਢਣੀਆਂ ਅਤੇ ਦੇਰ ਰਾਤ ਤੱਕ ਜਾਗਣਾਂ ਛੱਡ ਦੇਵਾਂਗਾ ਅਤੇ ਕਸਰਤ ਕਰਨੀ, ਵਧੀਆ ਖਾਣਾ-ਪੀਣਾ ਅਤੇ ਦਾਦਾ-ਦਾਦੀ, ਨਾਨਾ-ਨਾਨੀ ਨੂੰ ਫੋਨ ਕਰਨਾਂ ਸ਼ੁਰੂ ਕਰ ਦੇਵਾਂਗਾ। ਦੇਖਣ ਵਿੱਚ ਅਇਆ ਹੈ ਕਿ ਇਕੋ ਸਮੇਂ ਤੇ ਸਾਰੇ ਟੀਚਿਆਂ ਤੇ ਪਹੁੰਚਣ ਦੀ ਕੋਸ਼ਿਸ਼ ਕਰਨ ਨਾਲ ਤੁਹਾਡਾ ਕੋਈ ਵੀ ਟੀਚਾ ਪੂਰਾ ਨਹੀਂ ਹੋਵੇਗਾ। ਕਿਉਂਕਿ ਸਿਆਣੇ ਕਹਿੰਦੇ ਹਨ: ਸਹਿਜ ਪੱਕੇ ਸੋ ਮੀਠਾ ਹੋਇ ਅਤੇ ਨਮਰ ਮਨੁੱਖ ਹੀ ਬੁਧੀਮਾਨ ਹੁੰਦਾ ਹੈ।

ਨਮਰ ਇਨਸਾਨ ਸਹੀਂ ਨਜ਼ਰੀਆ ਰੱਖਦਾ ਹੈ। ਉਹ ਨੂੰ ਪਤਾ ਹੁੰਦਾ ਹੈ ਕਿ ਉਸ ਕੋਲ ਕਿੰਨਾਂ ਸਮਾਂ। ਤਾਕਤ ਅਤੇ ਚੀਜ਼ਾਂ ਹਨ। ਯਕਦਮ, ਰਾਤੋਂ-ਰਾਤ ਸਭ ਕੁੱਝ ਬਦਲਣ ਦੀ ਕੋਸ਼ਿਸ਼ ਕਰਨ ਦੀ ਬਜਾਇ, ਉਹ ਹੌਲੀ, ਹੌਲੀ ਸੁਧਾਰ ਕਰਦਾ ਹੈ। ਇਸ ਲਈ ਇਹ ਲਾਹੇਵੰਦ ਹੋਵੇਗਾ ਕਿ ਇੱਕ ਸਮੇਂ ਤੇ ਸਿਰਫ ਇੱਕ-ਦੋ ਆਦਤਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾਵੇ।



ਹੇਠ ਲਿਖੀਆਂ ਕੁੱਝ ਗੱਲਾਂ ਇਸ ਕੰਮ ਲਈ ਮੱਦਦਗਾਰ ਹੋ ਸਕਦੀਆਂ ਹਨ:

ਦੋ ਲਿਸਟਾਂ ਤਿਆਰ ਕਰੋ। ਇੱਕ ਵਿੱਚ ਲਿਖੋ ਕਿ ਤੁਸੀਂ ਕੇਹੜੀਆਂ ਚੰਗੀਆਂ ਆਦਤਾਂ ਪਾਉਣੀਆਂ ਚਾਹੁੰਦੇ ਹੋ ਅਤੇ ਦੂਜੀ ਲਿਸਟ ਵਿੱਚ ਬੁਰੀਆਂ ਆਦਤਾਂ ਲਿਖੋਂ ਜਿਨ੍ਹਾਂ ਤੋਂ ਤੁਸੀਂ ਛੁਟਕਾਰਾ ਪਾਉਂਣਾ ਚਾਹੁੰਦੇ ਹੋ। ਇੱਕ-ਦੋ ਆਦਤਾਂ ਲਿਖ ਕੇ ਹੀ ਨਾਂ ਬੈਠ ਜਾਉ, ਸਗੋਂ ਜਿੰਨ੍ਹੀਆਂ ਤੁਸੀਂ ਲਿਖ ਸਕਦੇ ਹੋ, ਉਨ੍ਹਾਂ ਦੀ ਸੂਚੀ ਤਿਆਰ ਕਰੋ।

ਲਿਸਟ ਵਿੱਚ ਤਰਤੀਬਵਾਰ ਲਿਖੋਂ ਕਿ ਤੁਸੀਂ ਕਿਹੜੀਆਂ ਆਦਤਾਂ ਪਾਉਣੀਆਂ ਚਾਹੁੰਦੇ ਹੋ ਅਤੇ ਕਿਹੜੀਆਂ ਛੱਡਣੀਆਂ ਚਾਹੁੰਦੇ ਹੋ।

ਹਰ ਲਿਸਟ ਵਿੱਚ ਇੱਕ ਜਾਂ ਦੋਂ ਆਦਤਾਂ ਚੁਣੋਂ ਅਤੇ ਉਨ੍ਹਾਂ ਨੂੰ ਆਪਨਾਉਣ ਜਾਂ ਛੱਡਣ ਦੀ ਕੋਸ਼ਿਸ਼ ਕਰੋ। ਫਿਰ ਲਿਸਟਾਂ ਵਿਚਲੀਆਂ ਅਗਲੀਆਂ ਇੱਕ-ਦੋ ਆਦਤਾਂ ਵਿੱਚ ਸੁਧਾਰ ਕਰੋ।

ਇਸ ਕੰਮ ਵਿੱਚ ਨਿਸਚਾ, ਦ੍ਰਿੜਤਾ ਤੇ ਕੇਂਦਰਤ ਹੋਣਾ ਅਤੇ ਈਮਾਨਦਾਰੀ ਬਹੁਤ ਜ਼ਰੂਰੀ ਹੈ। ਕੰਮ ਨੂੰ ਸੂਤਰਬੱਧ ਕਰਨਾਂ ਇਸ ਸਾਰੇ ਪ੍ਰਜੈਕਟ ਦਾ ਧੁਰਾ ਹੈ। ਬੁਰੀ ਆਦਤ ਦੀ ਜਗ੍ਹਾ ਚੰਗੀ ਆਦਤ ਆਪਣਾ ਕੇ ਫਟਾਫਟ ਬਦਲਾਅ ਕਰੋ। ਮਿਸਾਲ ਲਈ ਜੇ ਤੁਹਾਡੀ ਬੁਰੀਆਂ ਆਦਤਾਂ ਵਾਲੀ ਲ਼ਿਸਟ ਵਿੱਚ ਇੱਕ ਆਦਤ ਹੈ ਕਿ ਤੁਸੀਂ ਬਹੁਤ ਜ਼ਿਆਦਾ ਟੀ. ਵੀ ਦੇਖਦੇ ਹੋ ਅਤੇ ਚੰਗੀਆਂ ਆਦਤਾਂ ਵਾਲੀ ਲਿਸਟ ਵਿੱਚ ਇੱਕ ਆਦਤ ਹੈ ਕਿ ਤੁਸੀਂ ਆਪਣੇ ਰਿਸ਼ਤੇਦਾਰਾਂ ਜਾ ਦੋਸਤਾਂ ਨਾਲ ਗਲਬਾਤ ਕਰੋਗੇ, ਤਾਂ ਤੁਸੀਂ ਇਹ ਟੀਚਾ ਰੱਖ ਸਕਦੇ ਹੋ, 'ਹਰ ਰੋਜ਼ ਕੰਮ ਤੋ ਆ ਕੇ ਮੈਂ ਇੱਕ ਦਮ ਟੀ. ਵੀ ਲਾਉਣ ਦੀ ਬਜਾਇ ਕਿਸੇ ਦੋਸਤ ਜਾਂ ਰਿਸ਼ਤੇਦਾਰ ਨਾਲ ਗੱਲ ਕਰਾਂਗਾ।

ਜ਼ਿਆਦਾ ਜ਼ਰੂਰੀ ਗੱਲਾਂ ਨੂੰ ਧਿਆਨ ਵਿੱਚ ਰੱਖੋਂ ਅਤੇ ਕਿਸੇ ਚੀਜ਼ਾਂ ਦੇ ਅੰਤ ਉਸ ਦੇ ਅੰਰਭ ਨਾਲੋਂ ਚੰਗਾ ਹੈ।

**ਮਾਹੋਲ ਦਾ ਧਿਆਨ ਰੱਖੋ:-** ਤੁਸੀਂ ਟੀਚਾ ਰੱਖਿਆ ਸੀ ਕਿ ਪੋਸਟਿਕ ਖਾਣਾ ਖਾਉਗੇ ਪਰ ਆਇਸ ਕ੍ਰੀਮ ਦੇਖਕੇ ਤੁਹਾਡੇ ਮੂੰਹ ਵਿੱਚੋਂ ਲਾਰਾਂ ਟਪਕਣ ਲਗ ਪੈਂਦੀਆਂ ਹਨ।

ਤੁਸੀਂ ਸਿਗਰਟ ਜਾਂ ਸ਼ਰਾਬ ਛੱਡਣ ਦਾ ਫੈਂਸਲਾਂ ਕੀਤਾ ਹੈ ਪਰ ਤੁਹਾਡਾ ਦੋਸਤ ਜਿਸ ਨੂੰ ਪਤਾ ਹੈ ਕਿ ਤੁਸੀਂ ਸਿਗਰਟ ਜਾਂ

ਸਰਾਬ ਛੱਡਣ ਦੀ ਕੋਸ਼ਿਸ਼ ਕਰ ਰਹੇ ਹੋ, ਤੁਹਾਨੂੰ ਸਿਗਰਟ, ਸ਼ਰਾਬ ਪੀਣ ਲਈ ਕਹਿੰਦਾ ਹੈ।

ਤੁਸੀਂ ਅੱਜ ਕਸਰਤ ਕਰਨ ਦੀ ਸੋਚੀ ਹੈ ਪਰ ਅਲਮਾਰੀ ਵਿੱਚੋਂ ਢੁੱਕਵੇਂ ਕੱਪੜੇ ਕੱਢਣਾ ਅਤੇ ਟਰੇਨਰਾਂ ਨੂੰ ਪਾਉਣਾ ਹੀ ਤੁੰਹਾਨੂੰ ਪਹਾੜ ਜਿੱਡਾ ਕੰਮ ਲੱਗਦਾ ਹੈ।

ਕੀ ਤੁਸੀਂ ਇਨ੍ਹਾਂ ਗੱਲਾਂ ਵਿੱਚ ਕੋਈ ਸ਼ਮਾਨਤਾ ਦੇਖ ਸਕਦੇ ਹੋ? ਵਾਰ-ਵਾਰ ਇਹੀ ਦੇਖਣ ਵਿੱਚ ਆਇਆ ਹੈ ਕਿ ਚੰਗੀਆਂ ਆਦਤਾਂ ਪਾਉਣ ਅਤੇ ਬੁਰੀਆਂ ਆਦਤਾਂ ਛੱਡਣ ਵਿੱਚ ਸਾਡੇ ਆਲੇ-ਦੁਆਲੇ ਦਾ ਮਾਹੌਲ ਅਹਿਮ ਰੋਲ ਅਦਾ ਕਰਦਾ ਹੈ। ਰਹਿਣ ਦਾ ਮਤਲਬ ਹੈ ਕਿ ਅਸੀਂ ਜਿਨ੍ਹਾਂ ਹਾਲਾਤਾਂ ਵਿੱਚ ਰਹਿੰਦੇ ਹਾਂ ਅਤੇ ਜਿਸ ਤਰ੍ਹਾਂ ਦੇ ਲੋਕਾਂ ਨਾਲ ਸਮਾਂ ਬਿਤਾਉਂਦੇ ਹਾਂ, ਉਨ੍ਹਾਂ ਦਾ ਸਾਡੇ ਤੇ ਅਸਰ ਹੋਣਾ ਲਾਜ਼ਮੀ ਹੈ।

ਸਿਆਣੇ ਕਹਿੰਦੇ ਹਨ ਕਿ ਸਮਝਦਾਰ ਤਾਂ ਬਿਪਤਾ ਨੂੰ ਦੇਖ ਕੇ ਲੁਕ ਜਾਂਦਾ ਹੈ ਪਰ ਭੋਲੇ ਅਗਾਹਾਂ ਵਧ ਕੇ ਕਸ਼ਟ ਲੱਭਦੇ ਹਨ। ਸਿਆਣਪ ਦੂਰ ਦੀ ਸੋਚਣ ਵਿੱਚ ਹੈ। ਇਸ ਤਰ੍ਹਾਂ ਕਰਕੇ ਅਸੀਂ ਸਮਝਦਾਰੀ ਨਾਲ ਅਜਿਹੇ ਹਾਲਾਤਾਂ ਤੋਂ ਦੂਰ ਰਹਾਂਗੇ ਜਿਨ੍ਹਾਂ ਕਰਕੇ ਸਾਡੇ ਟੀਚੇ ਅਧੂਰੇ ਰਹਿ ਸਕਦੇ ਹਨ। ਨਾਲੇ ਅਸੀਂ ਆਪਣੇ ਹਾਲਾਤਾਂ ਨੂੰ ਵਧੀਆ ਬਣਾ ਸਕਾਂਗੇ। ਕਹਿਣ ਤੋਂ ਭਾਵ ਹੈ ਕਿ ਅਸੀਂ ਆਪਣੇ ਮਾਹੋਲ ਦਾ ਧਿਆਨ ਰੱਖ ਸਕਦੇ ਹਾਂ।

ਇਹ ਵੀ ਗੱਲ ਪੱਕੀ ਹੈ ਕਿ ਬੁੱਧਵਾਨਾਂ ਦਾ ਸੰਗੀ ਬੁੱਧਵਾਨ ਬਣ ਜਾਂਦਾ ਹੈ ਅਤੇ ਮਿਹਨਤੀ ਇਨਸਾਨ ਦੀਆਂ ਯੋਜਨਾਵਾਂ ਸਫਲ ਹੁੰਦੀਆਂ ਹਨ।

ਤੁਸੀਂ ਕੀ ਕਰ ਸਕਦੇ ਹੋ:- ਗਲਤ ਕੰਮ ਕਰਨਾਂ ਆਪਣੇ ਲਈ ਔਖਾ ਬਣਾਓ। ਮਿਸਾਲ ਲਈ, ਜੇ ਤੁਸੀਂ ਚਟਪਟਾ ਜਾਂ ਬਜਾਰੂ ਖਾਣਾ ਨਹੀਂ ਖਾਣਾ ਚਾਹੁੰਦੇ, ਤਾਂ ਇਸ ਨੂੰ ਆਪਣੀ ਰਸੋਈ ਵਿੱਚ ਨਾਂ ਰੱਖੋਂ ਕਿਉਂਕਿ ਤੁਹਾਨੂੰ ਪਤਾ ਹੈ ਕਿ ਇਹ ਤੁਹਾਡੇ ਲਈ ਠੀਕ ਨਹੀਂ ਹੈ। ਹੁਣ ਜਦੋਂ ਤੁਹਾਡਾ ਮਨ ਇਹ ਚੀਜ਼ਾਂ ਖਾਣ ਨੂੰ ਕਰੇਗਾ ਤਾਂ ਤੁਹਾਨੂੰ ਆਪਣੀ ਇੱਛਾ ਅੱਗੇ ਝੁੱਕਣ ਲਈ ਜ਼ਿਆਦਾ ਜਦੋ-ਜਹਿਦ ਕਰਨੀ ਪਵੇਗੀ।

ਸਹੀ ਕੰਮ ਕਰਨਾਂ ਆਪਣੇ ਲਈ ਸੌਖਾ ਬਣਾਓ। ਮਿਸਾਲ ਲਈ, ਜੇ ਤੁਸੀਂ ਮੋਚਿਆ ਹੈ ਕਿ ਸਵੇਰੇ ਉੱਠਦਿਆਂ ਹੀ ਕਸਰਤ ਕਰਨ ਜਾਓਗੇ, ਤਾਂ ਰਾਤ ਨੂੰ ਹੀ ਆਪਣੇ ਬੈੱਡ ਦੇ ਨੇੜੇ ਕਸਰਤ ਵਾਲੇ ਕਪੜੇ ਰੱਖ ਲਉ। ਤੁਹਾਡੇ ਲਈ ਇਹ ਕੰਮ ਕਰਨਾਂ ਜਿੰਨਾ ਸੌਖਾ ਹੋਵੇਗਾ। ਉਨ੍ਹਾਂ ਹੀ ਤੁਸੀਂ ਇਸ ਅਨੁਸਾਰ ਚੱਲੋਗੇ।

ਸਮਝਦਾਰੀ ਅਤੇ ਧਿਆਨ ਨਾਲ ਆਪਣੇ ਦੋਸਤ ਚੁਣੋ। ਜਿਨ੍ਹਾਂ ਲੋਕਾਂ ਨਾਲ ਅਸੀਂ ਸਮਾਂ ਬਤਾਉਂਦੇ ਹਾਂ, ਉਨ੍ਹਾਂ ਵਰਗੇ ਹੀ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਲਈ ਉਨ੍ਹਾਂ ਲੋਕਾਂ ਨਾਲ ਜ਼ਿਆਦਾ ਸਮਾਂ ਨਾਂ ਬਿਤਾਉ ਜੋ ਅਜਿਹੀਆਂ ਆਦਤਾਂ ਪਾਉਣ ਦੀ ਹੱਲਾਸੇਰੀ ਦਿੰਦੇ ਹਨ ਜੋ ਤੁਸੀਂ ਛੱਡਣੀਆ ਚਾਹੁੰਦੇ ਹੋ। ਸਗੋਂ ਉਨ੍ਹਾਂ ਲੋਕਾਂ ਨਾਲ ਮਿਲੋ ਗਿਲੋ ਜੋ ਚੰਗੀਆਂ ਆਦਤਾਂ ਪਾਉਣ ਦੀ ਹੱਲਾਸ਼ੇਰੀ ਦਿੰਦੇ ਹਨ।

ਇੱਕ ਮਾਹਰ ਮੁਤਾਬਕ ਨਵੀਂ ਆਦਤ ਪਾਉਣ ਲਈ 21 ਦਿਨ ਲੱਗਦੇ ਹਨ ਪਰ ਹਕੀਕਤ ਤਾਂ ਇਹ ਹੈ ਕਿ ਖੋਜਕਾਰਾਂ ਮੁਤਾਬਕ ਕੁੱਝ ਲੋਕਾਂ ਨੂੰ ਵੱਡੀਆਂ-ਵੱਡੀਆਂ ਤਬਦੀਲੀਆਂ ਕਰਨ ਲਈ ਘੱਟ ਸਮਾਂ ਲੱਗਦਾ ਹੈ ਅਤੇ ਕਈ ਲੋਕਾਂ ਨੂੰ ਬਹੁਤ ਜ਼ਿਆਦਾ। ਕੀ ਇਹ ਜਾਣ ਕੇ ਸਾਨੂੰ ਨਿਰਾਸ਼ ਹੋ ਜਾਣਾ ਚਾਹੀਦਾ ਹੈ?

ਪਹਿਲੇ ਹਫਤੇ ਤੁਸੀਂ ਅਪਣਾ ਇਹ ਟੀਚਾ ਪੂਰਾ ਕਰ ਲੈਂਦੇ ਹੋ।

ਦੂਜੇ ਹਫਤੇ ਤੁਸੀਂ ਇੱਕ ਦਿਨ ਕਸਰਤ ਨਹੀਂ ਕਰਦੇ।

ਤੀਸ਼ਰੇ ਹਫਤੇ ਤੁਸੀਂ ਫਿਰ ਤੋਂ ਆਪਣਾ ਟੀਚਾ ਪੂਰਾ ਕਰ ਲੈਂਦੇ ਹੋ।

ਚੌਥੇ ਹਫਤੇ ਤੁਸੀਂ ਮਸਾਂ ਇੱਕ ਵਾਰ ਹੀ ਕਸਰਤ ਕਰਦੇ ਹੋ।

ਪੰਜਵੇ ਹਫ਼ਤੇ ਤੁਸੀਂ ਫਿਰ ਆਪਣਾ ਟੀਚਾ ਪੂਰਾ ਕਰਦੇ ਹੋ।

ਇਸ ਤੋਂ ਬਾਅਦ ਤੁਸੀਂ ਹਰ ਹਫਤੇ ਤਿੰਨ ਵਾਰ ਕਸਰਤ ਕਰਦੇ ਹੋ। ਨਵੀਂ ਆਦਤ ਪਾਉਣ ਲਈ ਤੁਹਾਨੂੰ ਪੰਜ ਹਫਤੇ ਲੱਗੇ। ਤੁਹਾਨੂੰ ਸ਼ਾਇਦ ਇਹ ਬਹੁਤ ਲੰਬਾ ਸਮਾਂ ਲੱਗੇ ਪਰ ਜਦ ਤੁਸੀਂ ਆਪਣੇ ਟੀਚੇ ਤੇ ਪਹੁੰਚ ਜਾਂਦੇ ਹੋ ਤਾਂ ਤੁਹਾਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਤੁਸੀਂ ਇੱਕ ਆਦਤ ਪਾ ਲਈ ਹੈ।

ਸਿਆਣੇ ਕਹਿੰਦੇ ਹਨ ਕਿ ਹਿੰਮਤੀ ਅਤੇ ਦ੍ਰਿੜ ਇਰਾਦੇ ਵਾਲਾ ਸੌ ਵਾਰੀ ਡਿੱਗ ਕੇ ਵੀ ਉੱਠ ਖਲੋਂਦਾ ਹੈ।

ਸਾਨੂੰ ਨੱਕ ਦੀ ਸੇਧੇ ਆਪਣੇ ਟੀਚੇ ਵਲ ਦੇਖਦੇ ਰਹਿਣਾਂ ਚਾਹੀਦਾ ਹੈ ਅਤੇ ਇਹ ਵੀ ਕਿ ਮੈਂ ਪਿੱਛੇ ਛੱਡੀਆਂ ਗੱਲਾਂ ਨੂੰ ਭੁੱਲ ਕੇ ਉਨ੍ਹਾਂ ਗੱਲਾਂ ਵਲ ਵੱਧ ਰਿਹਾ ਹਾਂ ਜਿਹੜੀਆਂ ਮੇਰੇ ਅੱਗੇ ਹਨ। ਸਾਨੂੰ ਦੂਰ ਦੀ ਸੋਚਣੀ ਚਾਹੀਦੀ ਹੈ। ਇਹ ਮਾਅਨੇ ਰੱਖਦੀ ਹੈ ਕਿ ਤੁਸੀਂ ਕਿੰਨ੍ਹੀ ਵਾਰ ਫਿਰ ਤੋਂ ਉੱਠ ਖੜ੍ਹੇ ਹੁੰਦੇ ਹੋ।

ਜੇ ਤੁਸੀਂ ਇੱਕ ਵਾਰ ਹਾਰ ਗਏ, ਤਾਂ ਤੁਹਾਨੂੰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਤੁਸੀਂ ਕਦੇ ਵੀ ਆਪਣੇ ਟੀਚੇ ਤੇ ਨਹੀਂ ਪਹੁੰਚ ਸਕਦੇ। ਆਪਣਾ ਟੀਚਾ ਪੂਰਾ ਕਰਦੇ ਸਮੇਂ ਹਮੇਸ਼ਾ ਯਾਦ ਰੱਖੋ ਕਿ ਤੁਹਾਨੂੰ ਵਿੱਚ-ਵਿੱਚ ਹਾਰ ਦਾ ਵੀ ਮੂੰਹ ਦੇਖਣਾ ਪੈ ਸਕਦਾ ਹੈ। ਉਨ੍ਹਾਂ ਸਮਿਆਂ ਨੂੰ ਧਿਆਨ ਵਿੱਚ ਰੱਖੋਂ ਜਦੋਂ ਤੁਸੀਂ ਸਹੀ ਕੰਮ ਕਰ ਰਹੇ ਸੀ। ਮਿਸਾਲ ਲਈ ਜੇ ਤੁਸੀਂ ਆਪਣੇ ਬੱਚਿਆਂ ਨਾਲ ਆਪਣਾ ਗੱਲ ਕਰਨ ਦਾ ਤਰੀਕਾ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਆਪਣੇ ਆਪ ਨੂੰ ਪੁੱਛੋ: 'ਪਿਛਲੀ ਵਾਰ ਕਦੇ ਮੇਰਾ ਆਪਣੇ ਬੱਚਿਆ ਤੇ ਚਿਲਾਉਣ ਦਾ ਮਨ ਕੀਤਾ, ਪਰ ਮੈਂ ਚਿਲਾਇਆ ਨਹੀਂ। ਮੈਂ ਇਸ ਦੀ ਬਜਾਏ ਕੀ ਕੀਤਾ ਸੀ? ਮੈਂ ਦੁਵਾਰਾ ਉਹੀ ਕਿਵੇਂ ਕਰ ਸਕਦਾ ਹਾਂ? ਇਸ ਤਰ੍ਹਾਂ ਆਪਣੀਆਂ ਅਸਫਲਤਾਵਾਂ ਦੀ ਬਜਾਇ ਕਾਸਯਾਬੀਆਂ ਉਤੇ ਧਿਆਨ ਲਾਈ ਰੱਖੋਗੇ।

ਰਾਤ ਨੂੰ ਸੌਣ ਤੋਂ ਪਹਿਲਾਂ ਆਪਣੇ ਦਿਨ ਭਰ ਦੇ ਕੰਮਾਂ ਕਾਰਾਂ ਦਾ ਲੇਖਾ ਜੋਖਾ ਕਰਨਾ ਬੜਾ ਜ਼ਰੂਰੀ ਹੈ ਅੱਜ ਮੈਂ ਸਾਰਾ ਦਿਨ ਕੀ ਕੀਤਾ ਸੀ। ਜਦ ਅਸੀਂ ਆਪਣੀਆਂ ਆਦਤਾਂ ਬਦਲਣ ਦੀ ਕੋਸ਼ਿਸ਼ ਵਿੱਚ ਹਾਂ ਤਾਂ ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਨਵੀਂ ਆਦਤ ਆਪਨਾਉਣ ਵਿੱਚ ਮੈਂ ਕਿੰਨ੍ਹੀ ਵਾਰ ਸਫਲ ਹੋਇਆ ਹਾਂ ਅਤੇ ਇਸ ਸਫਲਤਾ ਲਈ ਮੈਂ ਕੀ ਕੀ ਕੀਤਾ ਸੀ। ਅਗਰ ਕੁੱਝ ਅਸਫਲਤਾਵਾਂ ਹੋਈਆਂ ਹਨ ਤਾਂ ਉਨ੍ਹਾਂ ਦੇ ਕਾਰਨਾਂ ਬਾਰੇ ਇਮਾਨਦਾਰੀ ਨਾਲ ਨਿਰੀਖਣ ਕਰੋ ਕਿ ਇਸ ਤਰ੍ਹਾਂ ਕਿਉਂ ਹੋਇਆ ਸੀ। ਕਿਹੜੀਆਂ ਗੱਲਾਂ ਸਨ ਜਿਹਨਾਂ ਕਰਕੇ ਮੈਂ ਸ਼ਫਲ ਨਹੀਂ ਹੋ ਸਕਿਆ ਅਤੇ ਉਨ੍ਹਾਂ ਘਾਟਾ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ। ਸਹੀ ਨਿਰਣਾਂ ਲੈ ਕੇ ਦ੍ਰਿੜ ਇਰਾਦਾ ਕਰੋ ਕਿ ਅਗਲੇ ਦਿਨ ਇਸ ਆਦਤ ਨੂੰ ਸਫਲਤਾ ਨਾਲ ਅਪਨਾਉਣ ਵਿੱਚ ਮੈਂ ਕੀ ਕੀ ਕਰਾਂਗਾ। ਇਹ ਸੁਝਾਅ ਆਪਣੀ ਪੱਕੀ ਥਾਂ ਬਣਾ ਲਵੇ। ਸਵੇਰੇ ਉੱਠ ਕੇ ਫਿਰ ਉਨ੍ਹਾਂ ਢੰਗ ਤਰੀਕਿਆਂ ਨੂੰ ਆਪਣੇ ਮੰਨ ਵਿੱਚ ਦੁਹਾਰਾਓ ਕਿ ਇਸ ਨਵੀਂ ਆਦਤ ਨੂੰ ਮੈਂ ਇਸ ਤਰ੍ਹਾਂ ਸਫਲ ਕਰਾਂਗਾ। ਇਸ ਤਰ੍ਹਾਂ ਦਾ ਦੁਹਾਰਓ ਸਾਨੂੰ ਆਪਣੀ ਨਵੀਂ ਪਾਈ ਆਦਤ ਅਪਨਾਉਣ ਵਿੱਚ ਮੱਦਦ ਕਰੇਗਾ ਅਤੇ ਜਲਦੀ ਹੀ ਉਹ ਨਵੀਂ ਆਦਤ ਸਾਡੀ ਜੀਵਨ-ਸ਼ੈਲੀ ਦਾ ਅਨਿਖੜਵਾਂ ਅੰਗ ਬਣ ਜਾਵੇਗੀ।

ਇਹ ਕ੍ਰਿਆ ਅਸੀਂ ਆਪਣੀ ਲਿਸਟ ਵਾਲੀਆਂ ਬਾਕੀ ਆਦਤਾਂ ਤੇ ਵੀ ਲਾਗੂ ਕਰਕੇ ਨਵੀਆਂ ਆਦਤਾਂ ਪਾ ਸਕਦੇ ਹਾਂ। ਅਸੀਂ ਦੇਖਾਂਗੇ ਕਿ ਅਸੀਂ ਇੱਕ ਨਵੀਂ ਸਖਸ਼ੀਅਤ ਸਿਰਜ ਲਈ ਹੈ ਅਤੇ ਅਸੀਂ ਅਪਣੇ ਆਪ ਵਿੱਚ ਚੰਗਾ ਚੰਗਾ ਮਹਿਸੂਸ ਕਰਾਂਗੇ। ਸਾਡਾ ਮਨੋਬਲ ਵੀ ਵੱਧ ਜਾਵੇਗਾ ਅਤੇ ਸਾਡੇ ਵਰਤਾਵ ਵਿੱਚ ਵੀ ਨਿਖਾਰ ਆ ਜਾਵੇਗਾ।

ਸਾਡੀ ਨਵੀਆਂ ਅਪਣਾਈਆਂ ਆਦਤਾਂ ਬਾਲੀ ਸਖ਼ਸੀਅਤ ਸਾਡੇ ਦੋਸਤਾਂ ਰਿਸ਼ਤੇਦਾਰਾਂ ਅਤੇ ਬੱਚਿਆਂ ਲਈ ਵੀ ਇੱਕ ਚਾਨਣ-ਮੁਨਾਰੇ ਦਾ ਕੰਮ ਕਰ ਸਕਦੀ ਹੈ। ਇਹ ਸਾਡਾ ਤਰੱਦਦ ਇੱਕ ਵਧੀਆਂ ਸਮਾਜ ਬਨਾਉਣ ਵਲ ਪੁਲਾਂਘ ਹੋਵੇਗੀ ਅਤੇ ਦੁਨੀਆਂ ਭਰ ਦੇ ਲੰਬੇਂ ਸਫ਼ਰ ਪਹਿਲੀ ਪੁਲਾਂਘ ਪੁੱਟਣ ਨਾਲ ਹੀ ਤਾਂ ਸ਼ੁਰੂ ਹੁੰਦੇ ਹਨ।

# ਵਿਗਿਆਨਿਕ ਖ਼ਬਰਾਂ

- ਡਾ. ਵਿਸ਼ਾਲ ਭਾਰਤੀ



### ✪ ਧਰਤੀ ਵੱਲ ਵਧ ਰਿਹੇ ਇੱਕ ਪੱਥਰ ਦਾ ਟੁਕੜਾ

ਜੇ ਭਵਿੱਖ ਵਿੱਚ ਕੋਈ ਖਗੋਲੀ ਪਿੰਡ ਧਰਤੀ ਨਾਲ ਟਕਰਾਉਂਦਾ ਹੈ ਤਾਂ ਉਸ ਖਤਰੇ ਤੋਂ ਬਚਾਅ ਕਰਨ ਲਈ ਦੁਨੀਆਂ ਕਿੰਨੀ ਤਿਆਰ ਹੈ? ਇਸਦਾ ਜਵਾਬ ਛੇਤੀ ਮਿਲ ਜਾਵੇਗਾ। ਅਜਿਹੀ ਸਥਿਤੀ ਨਾਲ ਨਜਿੱਠਣ ਲਈ ਖੁਦ ਨੂੰ ਤਿਆਰ ਕਰਨ ਦੀ ਲੜੀ ਵਿੱਚ ਨਾਸਾ ਅਤੇ ਬਾਕੀ ਪੁਲਾੜ ਏਜੰਸੀਆਂ ਛੇਤੀ ਹੀ ਇੱਕ ਪ੍ਰੀਖਣ ਕਰਨ ਜਾ ਰਹੀਆਂ ਹਨ। ਇਹ ਪ੍ਰੀਖਣ ਕਿਸੇ ਪ੍ਰਯੋਗਸ਼ਾਲਾ ਵਿੱਚ ਨਹੀਂ, ਸਗੋਂ ਬ੍ਰਹਿਮੰਡ ਅੰਦਰ ਅਸਲ ਸਥਿਤੀਆਂ ਵਿੱਚ ਕੀਤਾ ਜਾਵੇਗਾ।ਅਕਤੂਬਰ ਵਿੱਚ ਇੱਕ ਛੋਟਾ ਜਿਹਾ ਐਸਟ੍ਰਇਡ ਧਰਤੀ ਕੋਲੋਂ ਲੰਘਣ ਵਾਲਾ ਹੈ। ਇਸ ਸਾਲ ਨਾਸਾ ਤੇ ਬਾਕੀ ਏਜੰਸੀਆਂ ਪਤਾ ਲਗਾਉਣ ਦੀ ਕੋਸ਼ਿਸ਼ ਕਰਨਗੀਆਂ ਕਿ ਭਵਿੱਖ ਵਿੱਚ ਕਿੰਨ੍ਹਾਂ ਤਰੀਕਿਆਂ ਅਤੇ ਤਕਨੀਕਾਂ ਦੀ ਵਰਤੋਂ ਕਰ ਕੇ ਧਰਤੀ ਨੂੰ ਖਗੋਲੀ ਪਿੰਡਾਂ ਦੇ ਖਤਰੇ ਤੋਂ ਬਚਾਇਆ ਜਾ ਸਕਦਾ ਹੈ।

### ✪ ਵਿਗਿਆਨੀ ਨੇੜਿਓਂ ਦੇਖਣ ਅਤੇ ਸਮਝਣ ਦੀ ਕਰਨਗੇ ਕੋਸ਼ਿਸ਼

ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਵਿਗਿਆਨੀ ਇਹ ਪੱਥਰ ਦਾ ਟੁਕੜਾ ਨੇੜਿਓਂ ਦੇਖਣ ਅਤੇ ਸਮਝਣ ਦੀ ਕੋਸ਼ਿਸ਼ ਕਰਨਗੇ। ਨਾਲ ਹੀ ਖਗੋਲੀ ਪਿੰਡਾਂ ਦੇ ਟਕਰਾਉਣ ਦੀ ਸਥਿਤੀ ਵਿੱਚ ਧਰਤੀ ਨੂੰ ਬਚਾਉਣ ਲਈ ਧਰਤੀ ਤੇ ਜੋ ਸਿਸਟਮ ਮੌਜੂਦ ਹਨ, ਉਨ੍ਹਾਂ ਦੀ ਵੀ ਜਾਂਚ ਕੀਤੀ ਜਾਵੇਗੀ। ਇਸ ਤੋਂ ਪਤਾ ਲੱਗੇਗਾ ਕਿ ਦੁਨੀਆਂ ਦੇ ਵੱਖ-ਵੱਖ ਦੇਸ਼ ਇਸ ਤਰ੍ਹਾਂ ਦੇ ਸੰਕਟ ਦੀ ਸਥਿਤੀ ਵਿੱਚ ਧਰਤੀ ਨੂੰ ਸੁਰੱਖਿਅਤ ਰੱਖਣ ਲਈ ਕਿਸ ਤਰ੍ਹਾਂ ਇੱਕ-ਦੂਜੇ ਨਾਲ ਮਿਲ ਕੇ ਕੰਮ ਕਰਦੇ ਹਨ। ਨਾਸਾ ਤੋਂ ਇਲਾਵਾ ਦੁਨੀਆਂ ਦੀਆਂ ਹੋਰ ਕਈ ਪੁਲਾੜ ਏਜੰਸੀਆਂ ਮਿਲ ਕੇ ਇਸ ਮੌਕੇ ਲਈ ਤਿਆਰੀ ਕਰਨ ਵਿੱਚ ਜੁਟੀਆਂ ਹੋਈਆਂ ਹਨ। ਅਜਿਹੀ ਕਿਸੇ ਸਥਿਤੀ ਨਾਲ ਨਜਿੱਠਣ ਲਈ ਧਰਤੀ ਤੇ ਜੋ ਸਿਸਟਮ ਮੌਜੂਦ ਹੈ, ਉਨ੍ਹਾਂ ਨਾਲ ਠੀਕ ਤਰ੍ਹਾਂ ਪ੍ਰੀਖਣ ਨਹੀਂ ਹੋਇਆ। ਇਸ ਲਿਹਾਜ਼ ਨਾਲ ਧਰਤੀ ਵੱਲ ਆ ਰਿਹਾ ਪੱਥਰ ਦਾ ਟੁਕੜਾ ਇਨ੍ਹਾਂ ਨੂੰ ਟੈਸਟ ਕਰਨ ਲਈ ਚੰਗਾ ਮੌਕਾ ਸਾਬਤ ਹੋਵੇਗਾ।

### ✪ ਧਰਤੀ ਨੂੰ ਕੋਈ ਖਤਰਾ ਨਹੀਂ

ਧਰਤੀ ਵੱਲ ਆ ਰਿਹਾ ਪੱਥਰ ਅਕਤੂਬਰ ਵਿੱਚ ਧਰਤੀ ਨੇੜਿਓਂ ਗੁਜਰੇਗਾ। ਇਹ ਐਸਟ੍ਰਾਇਡ ਦਾ ਨਾਂ 2102 ਟੀ ਸੀ 4 ਰੱਖਿਆ ਗਿਆ ਹੈ। ਇਹ ਬਹੁਤ ਛੋਟਾ ਹੈ ਅਤੇ ਇਸਦੀ ਚੌੜਾਈ ਮੁਸ਼ਕਲ ਨਾਲ 10 ਮੀਟਰ ਹੈ। ਵਿਗਿਆਨੀਆਂ ਨੂੰ ਅਜੇ ਪਤਾ ਨਹੀਂ ਹੈ ਕਿ ਪੱਥਰ ਧਰਤੀ ਦੇ ਕਿੰਨੇ ਨੇੜਿਓਂ ਲੰਘੇਗਾ। ਇੰਨਾਂ ਤੈਅ ਹੈ ਕਿ ਇਸ ਨਾਲ ਧਰਤੀ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

### ✪ ਧਰਤੀ ਤੋਂ 4,200 ਮੀਲ ਦੂਰੀ ਤੋਂ ਲੰਘੇਗਾ ਐਸਟ੍ਰਾਇਡ

ਇਸਦੀ ਧਰਤੀ ਤੋਂ ਦੂਰੀ ਲੱਗਭਗ 4200 ਮੀਲ ਦੂਰ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਇਹ ਐਸਟ੍ਰਾਇਡ ਧਰਤੀ ਦੀ ਸਤਹਿ ਦੇ ਇੰਨਾ ਨੇੜੇ ਵੀ ਨਾ ਆਏ। ਵਿਗਿਆਨੀਆਂ ਨੂੰ ਅਜੇ ਇਹ ਵੀ ਨਹੀਂ ਪਤਾ ਕਿ ਇਹ ਐਸਟ੍ਰਾਇਡ ਕਿਹੜੀ ਦਿਸ਼ਾ ਵਿਚ ਜਾ ਰਿਹਾ ਹੈ।ਹੁਣ ਇਹ ਪਤਾ ਲਾਇਆ ਗਿਆ ਹੈ ਕਿ ਇੱਕ 4.4 ਕਿਲੋਮੀਟਰ ਲੰਬਾ ਟੁਕੜਾ ਪਹਿਲੀ ਸਤੰਬਰ ਨੂੰ ਧਰਤੀ ਦੀ 60 ਲੱਖ ਕਿੱਲੋਮੀਟਰ ਦੀ ਦੂਰੀ ਤੋਂ ਲੰਘੇਗਾ, ਇਸਦਾ ਨਾਮ ਕਰਨ ਫਲੋਰੈਂਸ ਰੱਖਿਆ ਗਿਆ ਹੈ।

### ✪ ਗੁਆਚੇ ਮਹਾਂਦੀਪ ਜੀਲੈਂਡੀਆ ਦੀ ਗੁੱਥੀ ਸੁਲਝਾਉਣ ਲਈ ਖੋਜ

ਆਸਟ੍ਰੇਲੀਆ ਦੇ ਪੂਰਬ ’ਚ ਭਾਰਤੀ ਉਪ-ਮਹਾਂਦੀਪ ਤੋਂ ਵੀ ਵੱਡੇ ਆਕਾਰ ਦੇ ਪਾਣੀ ਦੇ ਅੰਦਰ ’ਗੁਆਚੇ ਮਹਾਂਦੀਪ’ ਦਾ ਰਹੱਸ ਸੁਲਝਾਉਣ ਲਈ ਵਿਗਿਆਨੀ ਖੋਜ ਤੇ ਨਿੱਕਲੇ ਹਨ। ਪ੍ਰਸ਼ਾਂਤ ਮਹਾਂਸਾਗਰ ਅੰਦਰ ਡੁੱਬਿਆ ਪੰਜਾਹ ਲੱਖ ਵਰਗ ਕਿਲੋਮੀਟਰ ਖੇਤਰ ਵਾਲਾ ਜੀਲੈਂਡੀਆ ਕਦੀ ਵਿਸ਼ਾਲ ਮਹਾਂਦੀਪ ਗੋਂਡਵਾਨਾ ਦਾ ਹਿੱਸਾ ਸੀ ਪਰ 7.5 ਕਰੋੜ ਸਾਲ ਪਹਿਲਾਂ ਇਹ ਟੁੱਟ ਗਿਆ।

ਖੋਜੀ ਜਹਾਜ਼ ਜੋਈਡੇਸ ਰੈਜ਼ੋਲਿਊਸ਼ਨ ਜੀਲੈਂਡੀਆ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ’ਰਿੰਗ ਆਫ ਫਾਇਰ’ ਦੀ ਭਾਲ ਲਈ ਦੋ ਮਹੀਨਿਆਂ ਦੀ ਮੁਹਿੰਮ ਤੇ ਨਿੱਕਲਿਆ ਹੈ। ਇਹ ਰਿੰਗ ਪ੍ਰਸ਼ਾਂਤ ਮਹਾਂਸਾਗਰ ਦੇ ਚਾਰੇ ਪਾਸੇ ਫੈਲੇ ਜਵਾਲਾਮੁਖੀਆਂ ਤੇ ਭੂਚਾਲਾਂ ਦੀ ਲੜੀ ਹੈ। ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਦੇ ਪ੍ਰੋਫੈਸਰ ਨੀਵੀਲੇ ਐਸਨ ਨੇ ਕਿਹਾ ਕਿ ਖੋਜ ਨਾਲ ਵਿਗਿਆਨੀਆਂ ਨੂੰ ਲੱਗਭਗ 5.3 ਕਰੋੜ ਸਾਲ ਪਹਿਲਾਂ ਕੌਮਾਂਤਰੀ ਟੈਕਟੋਨਿਕ ਸੰਰਚਨਾ (ਧਰਤੀ ਦੀਆਂ ਪਲੇਟਾਂ ਦੀ ਸੰਰਚਨਾ) ਵਿੱਚ ਅਹਿਮ ਬਦਲਾਅ ਨੂੰ ਬਿਹਤਰ ਤਰੀਕੇ ਨਾਲ ਸਮਝਣ ’ਚ ਮੱਦਦ ਮਿਲੇਗੀ।

### ✪ ਛਾਤੀਆਂ ਦੇ ਕੈਂਸਰ ਦੇ ਮਰੀਜ਼ਾਂ ’ਚ ਟਿਊਮਰ ਨੂੰ ਵਧਣ ਤੋਂ ਰੋਕਣ ਲਈ ਨਵੀਂ ਦਵਾਈ

ਵਿਗਿਆਨੀਆਂ ਨੇ ਇੱਕ ਦਵਾਈ ਦਾ ਪਤਾ ਲਾਇਆ ਹੈ ਜੋ ਬਿਨਾਂ ਕਿਸੇ ਮਾੜੇ ਪ੍ਰਭਾਵ ਤੋਂ ਐਡਵਾਂਸਡ ਛਾਤੀਆਂ ਦੇ ਕੈਂਸਰ ਤੋਂ ਪੀੜਤ ਔਰਤਾਂ ਵਿੱਚ ਟਿਊਮਰ ਵਧਣ ਤੋਂ ਰੋਕਣ ਲਈ ਐਂਟੀ ਹਾਰਮੋਨਲ ਇਲਾਜ ਦੇ ਪ੍ਰਭਾਵ ਨੂੰ ਦੁੱਗਣਾ ਕਰ ਸਕਦੀ ਹੈ। ਸੀ.ਡੀ.ਕੇ. 6 ਨਿਰੋਧਕ ਦਵਾਈਆਂ ਦੇ ਵਰਗ ਨੇ ਦਿਖਾਇਆ ਹੈ ਕਿ ਉਹ ਆਮ ਐਂਟੀ ਹਾਰਮੋਨ ਇਲਾਜਾਂ ਦਾ ਪ੍ਰਭਾਵ ਦੁੱਗਣਾ ਕਰ ਸਕਦਾ ਹੈ, ਜਿਸ ਨਾਲ ਟਿਊਮਰ ਵਧਣ ਦੀ ਰਫ਼ਤਾਰ ’ਚ 10 ਤੋਂ 20 ਮਹੀਨੇ ਦੀ ਕਮੀ ਹੋ ਸਕਦੀ ਹੈ।

ਆਸਟ੍ਰੇਲੀਆ ਵਿੱਚ ਪੀਟਰ ਮੈਕੁਲਮ ਕੈਂਸਰ ਦੇ ਰਿਚਰਡ ਡੀ. ਬੋਇਰ ਨੇ ਕਿਹਾ ਕਿ

ਟਾਮੋਕਸੀਫੇਨ ਵਰਗੇ ਐਂਟੀਹਾਰਮੋਨ ਡ੍ਰਿਵਨ ਬ੍ਰੈਸਟ ਕੈਂਸਰ ਤੋਂ ਪੀੜਤ ਔਰਤਾਂ ਵਿੱਚ ਕੈਂਸਰ ਦੀ ਵਾਪਸੀ ਵਿੱਚ ਦੇਰੀ ਕਰਨ ਜਾਂ ਉਸ ਨੂੰ ਰੋਕਣ ਲਈ ਅਤਿਅੰਤ ਪ੍ਰਭਾਵਸ਼ਾਲੀ ਹੈ। ਇਸ ਵਿਚਾਲੇ ਮਾੜੇ ਪ੍ਰਭਾਵ ਰਹਿਤ ਦਵਾਈ ਵੀ ਇਸ ਮਾਮਲੇ ਵਿੱਚ ਲਾਭਕਾਰੀ ਹੋ ਸਕਦੀ ਹੈ, ਜੋ ਬਹੁਤ ਉਤਸ਼ਾਹਿਤ ਕਰਨ ਵਾਲੀ ਗੱਲ ਹੈ। ਡੀ. ਬੋਇਰ ਨੇ ਕਿਹਾ ਕਿ ਸਾਡੇ ਕੋਲ ਚੰਗੀਆਂ ਕੀਮੋਥਰੈਪੀ ਦਵਾਈਆਂ ਹਨ ਪਰ ਇਨ੍ਹਾਂ ਦੇ ਮਾੜੇ ਪ੍ਰਭਾਵ ਵੀ ਹਨ। ਇਨ੍ਹਾਂ ਲਈ ਇੰਟ੍ਰਾਵੀਨਸ ਇਲਾਜ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਅਜਿਹੀ ਦਵਾਈ ਦਾ ਮਿਸ਼ਰਣ ਹੋਵੇ ਤਾਂ ਕੀਮੋਥਰੇਪੀ ਦੀ ਲੋੜ ਨੂੰ 10 ਤੋਂ 30 ਮਹੀਨੇ ਟਾਲਿਆ ਜਾ ਸਕਦਾ ਹੈ।

### ✪ ਸੀਮਤ ਸ਼ਰਾਬ ਦੇ ਸੇਵਨ ਨਾਲ ਘਟਦੈ ਸ਼ੂਗਰ ਦਾ ਖ਼ਤਰਾ

ਇੱਕ ਅਧਿਐਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਹਫਤੇ 'ਚ ਤਿੰਨ ਤੋਂ ਚਾਰ ਦਿੰਨ ਸੀਮਤ ਮਾਤਰਾ ਵਿੱਚ ਸ਼ਰਾਬ ਦਾ ਸੇਵਨ ਕਰਨ ਨਾਲ ਸ਼ੂਗਰ ਹੋਣ ਦਾ ਖ਼ਤਰਾ ਕੁੱਝ ਹੱਦ ਤੱਕ ਘੱਟ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਕੁੱਝ ਅਧਿਐਨਾਂ ਵਿੱਚ ਲਗਾਤਾਰ ਇਹ ਸੁਝਾਅ ਦਿੱਤਾ ਗਿਆ ਸੀ ਕਿ ਬਹੁਤ ਘੱਟ ਸ਼ਰਾਬ ਦਾ ਸੇਵਨ ਕਰਨ ਵਾਲੇ ਮਰਦਾਂ ਅਤੇ ਔਰਤਾਂ ਨੂੰ ਸ਼ਰਾਬ ਨਾ ਪੀਣ ਵਾਲਿਆਂ ਦੀ ਤੁਲਨਾ ਵਿੱਚ ਸ਼ੂਗਰ ਦਾ ਖਤਰਾ ਘੱਟ ਹੁੰਦਾ ਹੈ, ਜਦਕਿ ਇਸ ਦੇ ਵੱਧ ਸੇਵਨ ਨਾਲ ਸ਼ੂਗਰ ਦਾ ਖਤਰਾ ਓਨਾ ਹੀ ਜਾਂ ਉਸ ਤੋਂ ਵੱਧ ਹੋ ਜਾਂਦਾ ਹੈ, ਜਿੰਨਾਂ ਕਿ ਸ਼ਰਾਬ ਦਾ ਸੇਵਨ ਨਾ ਕਰਨ ਵਾਲਿਆਂ ਨੂੰ ਹੁੰਦਾ ਹੈ। ਦੱਖਣੀ ਡੈਨਮਾਰਕ ਦੀ ਇੱਕ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਸ਼ਰਾਬ ਦੇ ਸੇਵਨ ਨਾਲ ਸ਼ੂਗਰ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਜਾਂਚ ਕੀਤੀ ਅਤੇ ਇਸਦੀ ਤੁਲਨਾ ਹੋਰ ਵਿਸ਼ੇਸ਼ ਪੀਣ ਵਾਲੇ ਪਦਾਰਥਾਂ ਨਾਲ ਵੀ ਕੀਤੀ। ਇਹ ਡਾਟਾ 18 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੱਗਭਗ 70551 ਡੈਨਿਸ਼ ਨਾਗਰਿਕਾਂ ਦੀ ਇੱਕ ਸਵੈ-ਰਿਪੋਰਟ ਪ੍ਰਸ਼ਨਾਵਲੀ ਸਮੇਤ ਉਨ੍ਹਾਂ ਦੀ ਜੀਵਨ ਸ਼ੈਲੀ ਅਤੇ ਸਿਹਤ ਸਬੰਧੀ ਪਦਾਰਥਾਂ 'ਤੇ ਅਧਾਰਿਤ ਹੈ।

ਇਸ ਵਿੱਚ ਵਿਗਿਆਨੀਆਂ ਨੇ ਪਾਇਆ ਕਿ ਥੋੜ੍ਹਾ-ਬਹੁਤ ਸ਼ਰਾਬ ਦਾ ਸੇਵਨ ਕਰਨ ਵਾਲੇ ਲੋਕਾਂ ਵਿੱਚ ਸ਼ੂਗਰ ਦਾ ਖ਼ਤਰਾ ਘੱਟ ਹੁੰਦਾ ਹੈ। ਸ਼ਰਾਬ ਦਾ ਸੇਵਨ ਨਾ ਕਰਨ ਵਾਲਿਆਂ ਦੀ ਤੁਲਨਾ ਵਿੱਚ ਹਰ ਹਫ਼ਤੇ 14 ਪੈੱਗ ਪੀਣ ਵਾਲਿਆਂ ਵਿੱਚ ਸ਼ੂਗਰ ਦਾ ਖ਼ਤਰਾ 43 ਫੀਸਦੀ ਘੱਟ ਹੋ ਜਾਂਦਾ ਹੈ। ਉੱਥੇ ਹੀ ਔਰਤਾਂ ਵਿੱਚ ਇਹ ਖ਼ਤਰਾ 58 ਫੀਸਦੀ ਤੱਕ ਘੱਟ ਹੋ ਜਾਂਦਾ ਹੈ।

### ✪ ਘੱਟ ਸੌਣ ਨਾਲ ਵਧ ਜਾਂਦੈ ਸ਼ੂਗਰ ਦਾ ਖ਼ਤਰਾ

ਘੱਟ ਨੀਂਦ ਲੈਣ ਵਾਲੇ ਲੋਕਾਂ ਵਿੱਚ ਮੋਟਾਪੇ ਅਤੇ ਸ਼ੂਗਰ ਦਾ ਖ਼ਤਰਾ ਵੱਧ ਹੁੰਦਾ ਹੈ। ਇੱਕ ਅਧਿਐਨ ਵਿੱਚ ਖੋਜਕਾਰਾਂ ਨੇ ਪਾਇਆ ਕਿ ਲਗਭਗ 6 ਘੰਟੇ ਤੱਕ ਸੌਣ ਵਾਲੇ ਲੋਕਾਂ ਦੀ ਕਮਰ ਰਾਤ ਨੂੰ 9 ਘੰਟੇ ਨੀਂਦ ਲੈਣ ਵਾਲਿਆਂ ਦੀ ਤੁਲਨਾ ਵਿੱਚ ਔਸਤਨ ਤਿੰਨ ਸੈਂਟੀਮੀਟਰ ਤੱਕ ਵੱਧ ਹੁੰਦੀ ਹੈ। ਇਹ ਖੋਜ ਇਸ ਤੱਥ ਨੂੰ ਮਜ਼ਬੂਤੀ ਦਿੰਦਾ ਹੈ ਕਿ ਅਧੂਰੀ ਨੀਂਦ ਨਾਲ ਸ਼ੂਗਰ ਵਰਗੀਆਂ ਮੈਟਾਬੋਲਿਕ ਬੀਮਾਰੀਆਂ ਦਾ ਖ਼ਤਰਾ ਵਧ ਜਾਂਦਾ ਹੈ। ਬ੍ਰਿਟੇਨ ਦੀ ਲੀਡਸ ਯੂਨੀਵਰਸਿਟੀ ਦੀ ਲੌਰਾ ਹਾਰਡੀ ਦੀ ਅਗਵਾਈ ਵਿੱਚ ਕੀਤੇ ਗਏ ਅਧਿਐਨ ਵਿੱਚ ਨਾ ਸਿਰਫ਼ ਸੌਣ ਦੀ ਮਿਆਦ, ਭੋਜਨ ਅਤੇ ਭਾਰ 'ਤੇ ਧਿਆਨ ਦਿੱਤਾ ਗਿਆ ਹੈ, ਸਗੋਂ ਮੈਟਾਬੋਲਿਕ ਨਾਲ ਜੁੜੀਆਂ ਹੋਰ ਸਮੱਸਿਆਵਾਂ ਜਿਵੇਂ ਹਾਈ ਬਲੱਡ ਪ੍ਰੈਸ਼ਰ, ਕੋਲੈਸਟ੍ਰਾਲ ਅਤੇ ਥਾਇਰਾਇਡ 'ਤੇ ਧਿਆਨ ਦਿੱਤਾ ਗਿਆ ਹੈ।




### ✪ ਡਾਕਟਰਾਂ ਦਾ ਕਮਾਲ, ਮਾਂ ਦੇ ਪੇਟ 'ਚ ਹੀ ਕਰ ਦਿੱਤਾ ਬੱਚੇ ਦੇ ਦਿਲ ਦਾ ਸਫਲ ਆਪਰੇਸ਼ਨ

20 ਹਫਤਿਆਂ ਦੌਰਾਨ ਗਰਭਵਤੀ ਔਰਤਾਂ ਲਈ ਸਕੈਨ ਕਰਵਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਜਦੋਂ ਕ੍ਰਿਸਟਿਨ ਬੇਰੀ ਨੇ ਵੀ ਸਕੈਨ ਕਰਵਾਇਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਦਿਲ ਦੀ ਬਿਮਾਰੀ ਹੈ ਤਾਂ ਉਸ ਨੇ ਇਸੇ ਹਾਲਤ 'ਚ ਇਸ ਦਾ ਇਲਾਜ ਕਰਵਾਉਣ ਦੀ ਸੋਚੀ। ਮਾਊਂਟ ਸੀਨਈ ਹਸਪਤਾਲ ਦੇ ਡਾਕਟਰਾਂ ਨੇ ਕ੍ਰਿਸਟਿਨ (25) ਅਤੇ ਉਸ ਦੇ ਪਤੀ ਕ੍ਰਿਸਟੋਫਰ ਹਵਿਲ (27) ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਦੇ ਬੱਚੇ ਨੂੰ ਬਚਾ ਲੈਣਗੇ।

ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਸੇਬੇਸਟੀਅਨ ਹਵਿਲ ਦੇ ਦਿਲ ਦੀਆਂ ਧਮਣੀਆਂ ਬੰਦ ਹੋ ਗਈਆਂ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਹ ਬੱਚੇ ਦੇ ਜਨਮ ਤੋਂ ਇੱਕ ਹਫਤੇ ਪਹਿਲਾਂ ਦਿਲ ਦੀ ਓਪਨ ਸਰਜਰੀ ਕਰਦੇ ਹਨ ਪਰ ਇਹ ਇੱਕ ਗੁੰਝਲਦਾਰ ਕੇਸ ਸੀ। ਸੇਬੇਸਟੀਅਨ ਦੇ ਦਿਲ ਦੇ ਸਾਰੇ ਵਾਲਵ ਬੰਦ ਹੋ ਗਏ ਸੀ, ਮਤਲਬ ਕਿ ਉਸ ਦੇ ਜਨਮ ਲੈਣ ਤੋਂ ਬਾਅਦ ਖ਼ੂਨ ਨੂੰ ਆਕਸੀਜਨ ਨਹੀਂ ਮਿਲ ਸਕਦੀ ਸੀ, ਜਿਸ ਕਾਰਨ ਉਸ ਦੇ ਦਿਮਾਗ 'ਤੇ ਇਸ ਦਾ ਅਸਰ ਪੈ ਸਕਦਾ ਸੀ ਜਾਂ ਉਸ ਦੀ ਮੌਤ ਵੀ ਹੋ ਸਕਦੀ ਸੀ।

ਇਸ ਲਈ ਡਾਕਟਰ ਐਡਗਰ ਜੈਗੀ, ਰਾਜੀਵ ਚਤੁਰਵੇਦੀ ਅਤੇ ਗ੍ਰੇਗ ਰਿਆਨ ਨੇ ਬੱਚੇ ਨੂੰ ਬਚਾਉਣ ਲਈ ਇੱਕ ਵੱਖਰੀ ਯੋਜਨਾ ਤਿਆਰ ਕੀਤੀ। ਅਲਟਰਾਸਾਊਂਡ ਰਾਹੀਂ ਡਾਕਟਰਾਂ ਨੇ ਬੇਰੀ ਦੀ ਬੱਚੇਦਾਨੀ ਰਾਹੀਂ ਬੱਚੇ ਦੇ ਦਿਲ 'ਚ ਸੂਈ ਦੀ ਮੱਦਦ ਨਾਲ ਇੱਕ ਗੁਬਾਰਾ ਫੈਲਾਇਆ, ਜਿਸ ਕਾਰਨ ਉਸ ਦੇ ਆਟਰੀਅਲ ਸੇਪਟਮ 'ਚ ਇੱਕ 3.5 ਮਿ.ਮੀ. ਦਾ ਛੇਕ ਬਣ ਗਿਆ। ਇਸ ਛੇਕ ਕਾਰਨ ਬੱਚੇ ਦੇ ਦਿਲ ਦੀਆਂ ਬੰਦ ਪਈਆਂ ਧਮਣੀਆਂ ਖੁੱਲ੍ਹ ਗਈਆਂ ਅਤੇ ਉਸ ਦੇ ਸਰੀਰ 'ਚ ਖ਼ੂਨ ਅਤੇ ਆਕਸੀਜਨ ਦਾ ਸਹੀ ਢੰਗ ਨਾਲ ਸੰਚਾਲਨ ਹੋਣ ਲੱਗਾ। ਕਨੇਡੀਅਨ ਡਾਕਟਰਾਂ ਵੱਲੋਂ ਕੀਤੀ ਗਈ ਇਹ ਦੁਨੀਆਂ ਦੀ ਪਹਿਲੀ ਬੈਲੂਨ ਸਰਜਰੀ ਸੀ, ਜੋ ਕਿ ਸਫਲ ਰਹੀ ਹੈ।

### ✪ ਸੌਰ ਮੰਡਲ ਦੇ ਬਾਹਰ ਪਹਿਲੇ ਚੰਦਰਮਾ ਦਾ ਪਤਾ ਲੱਗਾ

ਖਗੋਲ ਮਾਹਿਰਾਂ ਨੇ ਸੰਭਵ ਹੀ ਪਹਿਲੀ ਵਾਰ ਸਾਡੇ ਸੌਰ ਮੰਡਲ ਤੋਂ ਬਾਹਰ ਇੱਕ ਚੰਦਰਮਾ ਦਾ ਪਤਾ ਲਗਾਇਆ ਹੈ, ਜੋ ਲੱਗਭਗ 4000 ਪ੍ਰਕਾਸ਼ ਸਾਲ ਦੀ ਦੂਰੀ 'ਤੇ ਇੱਕ ਤਾਰੇ ਕੋਲ ਇੱਕ ਵਿਸ਼ਾਲ ਗ੍ਰਹਿ ਦੀ ਪਰਿਕਰਮਾ ਕਰ ਰਿਹਾ ਹੈ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਕੈਪਲਰ ਪੁਲਾੜ ਦੂਰਦਰਸ਼ੀ ਤੋਂ ਪ੍ਰਾਪਤ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ।

**✪ ਨੇਪਾਲ 'ਚ ਮਹਾਂਵਾਰੀ ਦੌਰਾਨ ਹੁਣ ਔਰਤਾਂ ਨੂੰ ਨਹੀਂ ਛੱਡਣਾ ਪਵੇਗਾ ਘਰ**

ਨੇਪਾਲੀ ਸੰਸਦ ਨੇ ਮਹਾਂਵਾਰੀ ਦੌਰਾਨ ਔਰਤਾਂ ਨੂੰ ਘਰ ਵਿੱਚ ਦਾਖ਼ਲ ਹੋਣ ਤੋਂ ਰੋਕਣ ਵਾਲੀ ਪੁਰਾਣੀ ਪ੍ਰਥਾ ਨੂੰ ਬੁੱਧਵਾਰ ਨੂੰ ਅਪਰਾਧ ਐਲਾਨ ਕਰ ਦਿੱਤਾ। ਨੇਪਾਲ ਦੇ ਵੱਖ-ਵੱਖ ਭਾਈਚਾਰਿਆਂ ਵਿੱਚ ਔਰਤਾਂ ਨੂੰ ਮਹਾਂਵਾਰੀ ਦੌਰਾਨ ਅਪਵਿੱਤਰ ਸਮਝਿਆ ਜਾਂਦਾ ਹੈ ਅਤੇ ਕੁੱਝ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਉਨ੍ਹਾਂ ਨੂੰ ਇਸ ਮਿਆਦ ਵਿੱਚ ਘਰ ਤੋਂ ਦੂਰ ਇੱਕ ਝੌਂਪੜੀ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਪ੍ਰਥਾ ਨੂੰ ਛੌਪਦੀ ਨਾਂ ਦੇ ਨਾਲ ਜਾਣਿਆਂ ਜਾਂਦਾ ਹੈ। ਨਵੇਂ ਕਾਨੂੰਨ ਵਿੱਚ ਕਿਸੇ ਔਰਤ ਨੂੰ ਇਸ ਪ੍ਰਥਾ ਨੂੰ ਮੰਨਣ ਲਈ ਮਜ਼ਬੂਰ ਕਰਨ ਵਾਲੇ ਨੂੰ ਤਿੰਨ ਮਹੀਨੇ ਦੀ ਜ਼ੇਲ੍ਹ ਜਾਂ 3000 ਰੁਪਏ ਦਾ ਜ਼ੁਰਮਾਨਾ ਜਾਂ ਦੋਵੇਂ ਸਜ਼ਾਵਾਂ ਮਿਲ ਸਕਦੀਆਂ ਹਨ। ਔਰਤ ਨੂੰ ਮਹਾਂਵਾਰੀ ਧਰਮ ਦੀ ਮਿਆਦ ਦੌਰਾਨ ਘਰ ਤੋਂ ਕੁੱਝ ਦੂਰ ਇੱਕ ਝੌਂਪੜੀ ਵਿੱਚ ਸੌਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਜਿਸ ਨੂੰ ਛਾਓ ਗੋਠ ਕਿਹਾ ਜਾਂਦਾ ਹੈ। ਪਿਛਲੇ ਮਹੀਨੇ ਇਸੇ ਤਰ੍ਹਾਂ ਇੱਕ ਝੌਂਪੜੀ ਵਿੱਚ ਸੁੱਤੀ ਇੱਕ ਲੜਕੀ ਨੂੰ ਸੱਪ ਨੇ ਡੰਗ ਮਾਰ ਦਿੱਤਾ ਸੀ ਅਤੇ ਉਸ ਦੀ ਮੌਤ ਹੋ ਗਈ ਸੀ। ਦੱਸ ਦੇਈਏ ਕਿ ਦੇਸ਼ ਦੀ ਉੱਚ ਅਦਾਲਤ ਨੇ ਇੱਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਇਸ ਮਾੜੀ ਪ੍ਰਥਾ 'ਤੇ ਰੋਕ ਲਗਾ ਦਿੱਤੀ ਸੀ ਪਰ ਦੇਸ਼ ਦੇ ਕਈ ਹਿੱਸਿਆਂ ਵਿੱਚ ਹੁਣ ਵੀ ਇਸ ਨੂੰ ਰਵਾਇਤ ਦੱਸਿਆ ਜਾਂਦਾ ਹੈ।

**✪ ਵਿਗਿਆਨੀਆਂ ਨੇ ਲੱਭਿਆ ਹੁਣ ਤੱਕ ਦਾ ਸਭ ਤੋਂ ਵੱਡਾ ਡਾਇਨਾਸੋਰ 122 ਫੁੱਟ ਔਸਤ ਲੰਬਾਈ**

ਵਿਗਿਆਨੀਆਂ ਨੂੰ ਇੱਕ ਨਵੀਂ ਖੋਜ ਵਿੱਚ ਡਾਇਨਾਸੋਰ ਦੀ ਇੱਕ ਨਵੀਂ ਨਸਲ ਦਾ ਪਤਾ ਲੱਗਾ ਹੈ। ਇਹ ਨਸਲ ਡਾਇਨਾਸੋਰ ਦੀ ਹੁਣ ਤੱਕ ਦੀਆਂ ਸਾਰੀਆਂ ਜਾਣੂ ਨਸਲਾਂ ਵਿੱਚੋਂ ਸਭ ਤੋਂ ਵੱਡੀ ਸੀ। 76 ਟਨ ਭਾਰੇ ਇਹ ਡਾਇਨਾਸੋਰ ਸ਼ਾਕਾਹਾਰੀ ਸਨ ਅਤੇ ਕਿਸੇ ਪੁਲਾੜੀ ਜਹਾਜ਼ ਵਾਂਗ ਵਜ਼ਨੀ ਹੋਇਆ ਕਰਦੇ ਸਨ।ਇਨ੍ਹਾਂ ਦੀ ਔਸਤ ਲੰਬਾਈ 122 ਫੁੱਟ ਸੀ। ਇਸ ਖੋਜ ਵਿੱਚ ਸ਼ਾਮਲ ਖੋਜਕਾਰਾਂ ਦਾ ਕਹਿਣਾ ਹੈ ਕਿ ਇੰਨੇ ਵਿਸ਼ਾਲ ਆਕਾਰ ਦੇ ਬਾਵਜੂਦ ਇਹ ਡਾਇਨਾਸੋਰ ਬਿਲਕੁੱਲ ਵੀ ਡਰਾਉਣੇ ਨਹੀਂ ਸਨ।

**✪ 2012 'ਚ ਅਰਜਨਟੀਨਾ 'ਚ ਮਿਲਿਆ ਸੀ ਪਿੰਜਰ**

ਇਸ ਡਾਇਨਾਸੋਰ ਦਾ ਪਿੰਜਰ ਸਾਲ 2012 ਵਿੱਚ ਦੱਖਣ ਅਰਜਨਟੀਨਾ ਵਿੱਚ ਮਿਲਿਆ ਸੀ। ਜਿਨ੍ਹਾਂ ਖੋਜਕਾਰਾਂ ਨੇ ਇਸ ਪਿੰਜਰ ਦਾ ਪ੍ਰੀਖਣ ਕਰਕੇ ਇਸ ਦੇ ਕਾਲ ਦਾ ਪਤਾ ਲਾਇਆ, ਉਨ੍ਹਾਂ ਦਾ ਕਹਿਣਾ ਹੈ ਕਿ ਲੰਬੀ ਗਰਦਨ ਵਾਲਾ ਇਹ ਡਾਇਨਾਸੋਰ ਟਾਈਟਨਾਸੌਰਸ ਕਹੇ ਜਾਣ ਵਾਲੇ ਬੇਹੱਦ ਵਿਸ਼ਾਲ ਆਕਾਰ ਦੇ ਡਾਇਨਾਸੋਰ ਸਮੂਹ ਵਿੱਚ ਸਭ ਤੋਂ ਵਿਸ਼ਾਲ ਸੀ। ਅਰਜਨਟੀਨਾ ਸਥਿਤ ਮਿਊਜ਼ੀਅਮ ਦੇ ਇੱਕ ਖੋਜਕਾਰ ਡਿਆਗੋ ਪੋਲ ਨੇ ਦੱਸਿਆ ਕਿ ਇਸ ਡਾਇਨਾਸੋਰ ਸਮੂਹ ਵਿੱਚ ਇੱਕ ਛੋਟਾ ਜਿਹਾ ਵਰਗ ਅਜਿਹੇ ਡਾਇਨਾਸੋਰ ਦਾ ਸੀ, ਜੋ ਆਕਾਰ ਵਿੱਚ ਬਹੁਤ ਜਿਆਦਾ ਵੱਡੇ ਸਨ।



**ਪਾਟਗੋਟਿਟਨ ਮੇਯੋਰਮ**

ਇਹ ਪਿੰਜਰ ਅਰਜਨਟੀਨਾ ਦੇ ਪਾਟਗੋਨੀਆਂ ਸੂਬੇ ਵਿੱਚ ਮਿਲਿਆ ਸੀ, ਇਸ ਲਈ ਇਸ ਦਾ ਨਾਂ ਵੀ ਪਾਟਗੋਟਿਟਨ ਮੇਯੋਰਮ ਰੱਖਿਆ ਗਿਆ ਹੈ। ਪਾਟਗੋਨੀਆਂ ਸ਼ਬਦ ਦੇ ਨਾਲ ਗ੍ਰੀਕ ਭਾਸ਼ਾ ਦੇ ਟਾਈਟਨ ਸ਼ਬਦ ਨੂੰ ਮਿਲਾ ਕੇ ਇਹ ਨਾਂ ਰੱਖਿਆ ਗਿਆ ਹੈ। ਟਾਈਟਨ ਦਾ ਮਤਲਬ ਵਿਸ਼ਾਲ ਹੁੰਦਾ ਹੈ। ਮੇਯੋਰਮ ਉਸ ਪਰਿਵਾਰ ਦੇ ਨਾਂ ਨੂੰ ਸਨਮਾਨ ਦਿੰਦੇ ਹੋਏ ਚੁਣਿਆਂ ਗਿਆ ਹੈ, ਜਿਨ੍ਹਾਂ ਨੇ ਖੋਜਕਾਰਾਂ ਦੀ ਮੇਜ਼ਬਾਨੀ ਕੀਤੀ ਸੀ। ਇਸ ਨਸਲ ਦੇ ਡਾਇਨਾਸੋਰ ਦੇ 6 ਪਿੰਜਰਾਂ ਦਾ ਅਧਿਐਨ ਕੀਤਾ ਗਿਆ। ਪਾਇਆ ਗਿਆ ਕਿ ਇਹ ਸਾਰੇ ਲੱਗਭਗ 10 ਕਰੋੜ ਸਾਲ ਪਹਿਲਾਂ ਧਰਤੀ 'ਤੇ ਜ਼ਿੰਦਾ ਸਨ। ਇਸ ਦੇ ਕੰਕਾਲ ਦਾ ਢਾਂਚਾ ਅਮਰੀਕਨ ਮਿਊਜ਼ੀਅਮ ਆਫ ਨੈਚੂਰਲ ਹਿਸਟਰੀ ਵਿੱਚ ਰੱਖਿਆ ਗਿਆ ਹੈ।

**✪ ਅਜਿਹੇ ਜੀਵਾਂ ਲਈ ਖੜਨਾ, ਤੁਰਨਾ-ਫਿਰਨਾ ਚੁਣੌਤੀਪੂਰਨ**

ਪੋਲ ਨੇ ਦੱਸਿਆ ਕਿ ਇਸ ਨਸਲ ਦੇ ਡਾਇਨਾਸੋਰ ਇੰਨੇ ਵੱਡੇ ਸਨ ਕਿ ਟਾਇਰਨੋਸੌਰਸ ਰੇਕਸ ਅਤੇ ਹੋਰ ਮਾਸਾਹਾਰੀ ਡਾਇਨਾਸੋਰ ਇਨ੍ਹਾਂ ਦੇ ਮੂਹਰੇ ਛੋਟੇ ਲੱਗਦੇ ਸਨ ਜਿਵੇਂ ਹਾਥੀ ਦੇ ਸਾਹਮਣੇ ਸ਼ੇਰ ਖੜ੍ਹਾ ਹੋਵੇ। ਉਨ੍ਹਾਂ ਮੁਤਾਬਿਕ ਇੰਨੇ ਵਿਸ਼ਾਲ ਜੀਵਾਂ ਲਈ ਖੜ੍ਹਾ ਹੋਣਾ, ਤੁਰਨਾ-ਫਿਰਨਾ ਅਤੇ ਦੌੜਨ ਦੀ ਕੋਸ਼ਿਸ਼ ਕਰਨਾ ਵੀ ਬਹੁਤ ਚੁਣੌਤੀਪੂਰਨ ਰਿਹਾ ਹੋਵੇਗਾ।

**✪ ਦੱਖਣ-ਪੂਰਬੀ ਏਸੀਆ ਚ 70000 ਸਾਲ ਪਹਿਲਾਂ ਹੋਇਆ ਸੀ ਆਧੁਨਿਕ ਮਨੁੱਖਾਂ ਦਾ ਆਗਮਨ**

ਵਿਗਿਆਨੀਆਂ ਦਾ ਕਹਿਣਾ ਹੈ ਕਿ ਆਧੁਨਿਕ ਮਨੁੱਖ ਅਫਰੀਕਾ ਤੋਂ ਲਗਭਗ 70000 ਸਾਲ ਪਹਿਲਾਂ ਦੱਖਣ ਪੂਰਬੀ ਏਸ਼ੀਆ ਪਹੁੰਚੇ ਸਨ। ਪਹਿਲਾਂ ਅੰਦਾਜ਼ਾ ਸੀ ਕਿ ਉਹ ਬਹੁਤ ਦੇਰ ਬਾਅਦ ਅਫ਼ਰੀਕਾ ਤੋਂ ਬਾਹਰ ਨਿਕਲੇ ਸਨ। ਆਸਟ੍ਰੇਲੀਆ ਦੀ 'ਮੈਕਵੇਰੀ ਯੂਨੀਵਰਸਿਟੀ' ਦੇ ਖੋਜਕਾਰਾਂ ਦੀ ਅਗਵਾਈ ਵਿੱਚ ਕੀਤੇ ਅਧਿਐਨ ਮੁਤਾਬਕ ਮਨੁੱਖ ਲਗਭਗ 60000 ਤੋਂ 65000 ਸਾਲ ਪਹਿਲਾਂ ਆਸਟ੍ਰੇਲੀਆ ਤੋਂ ਹੋ ਕੇ ਲੰਘੇ ਸਨ।

ਇੰਡੋਨੇਸ਼ੀਆ ਦੇ ਪੱਛਮ ਸੁਮਾਤਰਾ ਵਿੱਚ ਗੁਫਾ ਵਿਦਾ ਅਜਰ ਦੀ ਡੇਟਿੰਗ ਤੋਂ ਆਧੁਨਿਕ ਮਨੁੱਖਾਂ ਦੇ ਰੇਨ ਫਾਰੇਸਟ ਦੀ ਵਰਤੋਂ ਕਰਨ ਦੇ ਪਹਿਲੇ ਸਬੂਤ ਮਿਲੇ ਹਨ।

ਆਸਟ੍ਰੇਲੀਆ ਵਿੱਚ 'ਕਵੀਂਲੈਂਡ ਯੂਨੀਵਰਸਿਟੀ' ਦੇ ਗਿਲਬਰਟ ਪ੍ਰਾਈਸ ਨੇ ਕਿਹਾ ਕਿ ਰੇਨ ਫਾਰੇਸਟ ਜੀਵਨ ਬਿਤਾਉਣ ਲਈ ਸੌਖਾਲੀ ਥਾਂ ਨਹੀਂ ਹੈ, ਵਿਸ਼ੇਸ਼ ਕਰਕੇ ਸਵਾਨਾ ਦੇ ਮਾਹੌਲ ਵਿੱਚ ਰਹੇ ਨਰਵਾਨਰਾਂ ਲਈ, ਇਸ ਲਈ ਪ੍ਰਤੀਤ ਹੁੰਦਾ ਹੈ ਕਿ ਉਹ ਲੋਕ ਬੁੱਧੀਮਾਨ, ਯੋਜਨਾ ਅਤੇ ਤਕਨੀਕ ਮੁਤਾਬਕ ਖ਼ੁਦ ਨੂੰ ਢਾਲਣ ਦੀ ਦਿਸ਼ਾ ਵਿੱਚ ਔਸਤ ਤੋਂ ਬਿਹਤਰ ਸਨ। ਨਤੀਜੇ ਦੇ ਫਲਸਰੂਪ ਨਮੂਨਿਆਂ ਦੇ ਪੁਨਰ ਵਿਸ਼ਲੇਸ਼ਣ ਅਤੇ ਇੱਕ ਨਵੇਂ ਡੇਟਿੰਗ ਪ੍ਰੋਗਰਾਮ ਤੋਂ ਇਹ ਪੁਸ਼ਟੀ ਹੋ ਗਈ ਹੈ ਕਿ ਉੱਥੇ ਮਿਲੇ ਦੰਦ ਲਗਭਗ 73000 ਸਾਲ ਪਹਿਲਾਂ ਆਧੁਨਿਕ ਮਨੁੱਖਾਂ,

ਮਨੁੱਖੀ ਜਾਤਾਂ ਦੇ ਹਨ।

## ✪ ਹੁਣ ਇਨਸਾਨਾਂ ਵਿੱਚ ਟਰਾਂਸਪਲਾਂਟ ਕੀਤੇ ਜਾ ਸਕਣਗੇ ਸੂਰ ਦੇ ਅੰਗ

ਅੰਗ ਟਰਾਂਸਪਲਾਂਟ ਕਰਨ ਦੇ ਖੇਤਰ ਵਿੱਚ ਵਿਗਿਆਨੀਆਂ ਦੇ ਹੱਥ ਇੱਕ ਨਵੀਂ ਸਫਲਤਾ ਲੱਗੀ ਹੈ। ਅਮਰੀਕੀ ਵਿਗਿਆਨੀਆਂ ਦਾ ਦਾਅਵਾ ਹੈ ਕਿ ਹੁਣ ਇਨਸਾਨਾਂ ਵਿੱਚ ਸੂਰ ਦੇ ਅੰਗ ਆਸਾਨੀ ਨਾਲ ਟਰਾਂਸਪਲਾਂਟ ਕੀਤੇ ਜਾ ਸਕਣਗੇ।

ਵਿਗਿਆਨੀਆਂ ਨੇ ਜੀਨ ਐਡੀਟਿੰਗ ਟੂਲ ਕ੍ਰਿਸਪਰ ਕਾਸ -9 ਦੀ ਮੱਦਦ ਨਾਲ ਸੂਰ ਦੇ ਡੀ. ਐਨ. ਏ. ਵਿੱਚ ਮਿਲਣ ਵਾਲਾ ਉਹ ਵਾਇਰਸ ਹਟਾ ਦਿੱਤਾ ਹੈ, ਜਿਸ ਕਾਰਨ ਹੁਣ ਤੱਕ ਉਸ ਦੇ ਅੰਗ ਇਨਸਾਨ ਵਿੱਚ ਟਰਾਂਸਪਲਾਂਟ ਕਰਨ ਵਿੱਚ ਮੁਸ਼ਕਿਲ ਆ ਰਹੀ ਸੀ। ਸੂਰ ਦੇ ਡੀ.ਐਨ.ਏ. ਵਿੱਚ ਪੋਰਸਿਨ ਇੰਡੋਜੀਨਸ ਰੈਟ੍ਰੋਵਾਇਰਜ਼ (ਪਰਵਰਸ) ਪਾਏ ਜਾਂਦੇ ਹਨ, ਜਿਨ੍ਹਾਂ ਕਾਰਨ ਮਨੁੱਖੀ ਸੈੱਲ ਨੂੰ ਖ਼ਤਰਾ ਹੁੰਦਾ ਹੈ।

## ✪ 25 ਸੂਰਾਂ ਦੀ ਕੀਤੀ ਮੈਪਿੰਗ

ਅਮਰੀਕੀ ਵਿਗਿਆਨੀਆਂ ਨੇ ਸਭ ਤੋਂ ਪਹਿਲਾਂ 25 ਸੂਰਾਂ ਦੀ ਮੈਪਿੰਗ ਕੀਤੀ। ਫਿਰ ਸੂਰ ਦੇ ਉਨ੍ਹਾਂ ਸੈੱਲਾਂ ਨੂੰ ਪਰਖਿਆ, ਜੋ ਮਨੁੱਖੀ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਸ ਤੋਂ ਬਾਅਦ ਵਿਗਿਆਨੀਆਂ ਨੇ ਇਨ੍ਹਾਂ ਪਰਵਰਸ ਨੂੰ 100 ਫੀਸਦੀ ਤੱਕ ਹਟਾਉਣ ਵਿੱਚ ਸਫ਼ਲਤਾ ਹਾਸਲ ਕੀਤੀ। ਇਸ ਨਾਲ ਸੂਰ ਦੇ ਗੁਰਦੇ, ਦਿਲ ਅਤੇ ਹੋਰ ਅੰਗਾਂ ਨੂੰ ਇਨਸਾਨ ਵਿੱਚ ਟਰਾਂਸਪਲਾਂਟ ਕੀਤਾ ਜਾ ਸਕੇਗਾ।

ਬਾਇਓਟੈਕ ਕੰਪਨੀ ਈ-ਜੇਨੇਸਿਸ ਦੇ ਸਹਿ ਸੰਸਥਾਪਕ ਅਤੇ ਮੁੱਖ ਵਿਗਿਆਨੀ ਡਾਕਟਰ ਲੂਹਾਨ ਯਾਂਗ ਕਹਿੰਦੇ ਹਨ ਕਿ ਇਹ ਖੋਜ ਆਰਗਨ ਟਰਾਂਸਪਲਾਂਟ ਵਿੱਚ ਸੁਰੱਖਿਆ ਸਬੰਧੀ ਚਿੰਤਾ ਪੱਖੋਂ ਕਾਫ਼ੀ ਅਹਿਮ ਹੈ। ਨਾਲ ਹੀ ਕ੍ਰਾਸ ਸਪੀਸੀਜ਼ ਵਾਇਰਸ ਟਰਾਂਸਮਿਸ਼ਨ ਰਾਹੀਂ ਹੋਣ ਵਾਲੇ ਖਤਰੇ ਨੂੰ ਦੱਸਿਆ ਗਿਆ ਹੈ। ਸਾਡੀ ਟੀਮ ਆਉਣ ਵਾਲੇ ਸਮੇਂ ਵਿੱਚ ਜੀਨ ਐਡੀਟਿੰਗ ਰਾਹੀਂ ਪਰਵਰਸ ਫ੍ਰੀ ਸੂਰ ਦੇ ਆਰਗਨ ਡਲਿਵਰ ਕਰੇਗੀ। ਪਰਸਵਰ ਫ੍ਰੀ ਸੂਰ ਦੀ ਇਹ ਰਿਪੋਰਟ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਹੈ।

ਕੈਂਬਿਜ ਯੂਨੀਵਰਸਿਟੀ ਦੇ ਪ੍ਰੋਫੈਸਰ ਈਆਨ ਦਾ ਕਹਿਣਾ ਹੈ ਕਿ ਆਧੁਨਿਕ ਮੈਡੀਕਲ ਸਾਇੰਸ ਲਈ ਇਹ ਪਿਛਲੇ 20 ਸਾਲ ਦੀ ਸਭ ਤੋਂ ਵੱਡੀ ਸਫ਼ਲਤਾ ਹੈ

ਇਸ ਨਾਲ ਆਉਣ ਵਾਲੇ ਸਮੇਂ ਵਿੱਚ ਜਾਨਵਰਾਂ ਦੇ ਆਰਗਨ ਅਤੇ ਟਿਸ਼ੂ, ਇਨਸਾਨ ਵਿੱਚ ਟਰਾਂਸਪਲਾਂਟ ਕਰਨ ਵਿੱਚ ਮੱਦਦ ਮਿਲੇਗੀ। ਨਾਲ ਹੀ ਆਰਗਨ ਡੋਨਰ ਦੀ ਮੱਦਦ ਦੀ ਲੋੜ ਨਹੀਂ ਪਵੇਗੀ।

## ✪ ਅਮਰੀਕੀ ਵਿਗਿਆਨੀਆਂ ਦੀ ਸਫਲਤਾ ਬਹੁਤ ਅਹਿਮ

ਦੁਨੀਆਂ ਵਿੱਚ ਮੈਡੀਕਲ ਸਾਇੰਸ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਟਰਾਂਸਪਲਾਂਟ ਲਈ ਆਰਗਨ ਦੀ ਲੋੜ ਹੈ। ਇਸ ਕਾਰਨ ਹਰ ਸਾਲ ਲੱਖਾਂ ਲੋਕਾਂ ਦੀ ਮੌਤ ਹੁੰਦੀ ਹੈ। ਇਸ ਲਈ ਅਮਰੀਕੀ ਵਿਗਿਆਨੀਆਂ ਦੀ ਇਸ ਸਫਲਤਾ ਨੂੰ ਬਹੁਤ ਅਹਿਮ ਮੰਨਿਆਂ ਜਾ ਰਿਹਾ ਹੈ।

### ਕਈ ਸਾਲਾਂ ਤੋਂ ਹੋ ਰਿਹਾ ਸੀ ਯਤਨ

ਦੂਜੇ ਜਾਨਵਰਾਂ ਦਾ ਦਿਲ, ਲਿਵਰ ਅਤੇ ਕਿਡਨੀ ਨੂੰ ਇਨਸਾਨਾਂ ਵਿੱਚ ਟਰਾਂਸਪਲਾਂਟ ਕਰਨ ਦੀ ਕੋਸ਼ਿਸ਼ ਵਿਗਿਆਨੀ 1960 ਦੇ ਦਹਾਕੇ ਤੋਂ ਕਰ ਰਹੇ ਸਨ ਪਰ ਅਜੇ ਤੱਕ ਇਸ ਵਿੱਚ ਪੂਰੀ ਸਫਲਤਾ ਨਹੀਂ ਮਿਲੀ, ਜੋ ਸਫਲਤਾ ਮਿਲੀ ਹੈ, ਉਸ ਨੂੰ ਅਜੇ ਅੰਸ਼ਕ ਨਹੀਂ ਕਿਹਾ ਜਾ ਸਕਦਾ।

ਦੋ ਸਾਲ ਪਹਿਲਾਂ ਇੱਕ ਸੂਰ ਦੇ ਅੰਗ ਨੂੰ ਇੱਕ ਲੰਗੂਰ ਵਿੱਚ ਲਗਾਇਆ ਗਿਆ ਸੀ ਪਰ ਇਸ ਸਾਲ ਲੰਗੂਰ ਦੀ ਮੌਤ ਹੋ ਗਈ ਸੀ।

ਸੂਰ ਦਾ ਦਿਲ, ਕਿਡਨੀ ਅਤੇ ਲੀਵਰ ਇਨਸਾਨ ਨਾਲ ਬਹੁਤ ਮਿਲਦੇ ਜੁਲਦੇ ਹਨ। ਹੁਣ ਤੱਕ ਬਾਂਦਰ ਬਾਰੇ ਹੀ ਇਸ ਤਰ੍ਹਾਂ ਮੰਨਿਆਂ ਜਾਂਦਾ ਸੀ।

ਵਿਗਿਆਨੀਆਂ ਨੇ ਆਰਗਨ ਟਰਾਂਸਪਲਾਂਟ ਲਈ ਬਾਕੀ ਜਾਨਵਰਾਂ ਦੇ ਮੁਕਾਬਲੇ ਸੂਰ ਨੂੰ ਵਧੇਰੇ ਵਧੀਆ ਬਦਲ ਦੱਸਿਆ ਹੈ।

## ✪ ਨੀਂਦ ਦੀਆਂ ਸਮੱਸਿਆਵਾਂ ਨਾਲ ਹੋ ਸਕਦੀ ਹੈ ਅਲਜ਼ਾਈਮਰ ਦੀ ਬਿਮਾਰੀ

ਨੀਂਦ ਸਹੀ ਤਰੀਕੇ ਨਾਲ ਨਾ ਆਉਣਾ, ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਹਰ ਪੱਖੋਂ ਤੰਦਰੁਸਤ ਰਹਿਣ ਵਾਲੇ ਵਿਅਕਤੀ ਨੂੰ ਅਲਜ਼ਾਈਮਰ ਦੀ ਬੀਮਾਰੀ ਹੋਣ ਦਾ ਖ਼ਤਰਾ ਹੋ ਸਕਦਾ ਹੈ। ਇਹ ਜਾਣਕਾਰੀ ਇੱਕ ਅਧਿਐਨ 'ਚ ਸਾਹਮਣੇ ਆਈ ਹੈ। ਖੋਜਕਾਰਾਂ ਨੂੰ ਨੀਂਦ ਦੀਆਂ ਸਮੱਸਿਆਵਾਂ ਅਤੇ ਰੀੜ੍ਹ ਦੀ ਹੱਡੀ ਦੇ ਤਰਲ ਦ੍ਰਵ ਵਿੱਚ ਪਾਏ ਜਾਣ ਵਾਲੇ ਅਲਜ਼ਾਈਮਰ ਰੋਗ ਦੇ ਜੈਵਿਕ ਸੰਕੇਤਕ ਮਾਰਕਰ ਵਿਚਾਲੇ ਇੱਕ ਕੜੀ ਨਜ਼ਰ ਆਈ।

ਅਮਰੀਕਾ ਵਿੱਚ ਵਿਸਕਾਨਸਿਨ ਮੈਡੀਸਨ ਦੀ ਬਾਰਬਾਰਾ ਬੀ ਬੇਂਡਲਿਨ ਨੇ ਦੱਸਿਆ ਹੈ ਕਿ ਪਹਿਲਾਂ ਮਿਲੇ ਤੱਥ ਦਰਸਾਉਂਦੇ ਹਨ ਕਿ ਨੀਂਦ ਕਈ ਤਰ੍ਹਾਂ ਨਾਲ ਅਲਜ਼ਾਈਮਰ ਰੋਗ ਦੇ ਪੈਦਾ ਹੋਣ ਜਾਂ ਵਿਕਸਿਤ ਹੋਣ ਦਾ ਕਾਰਨ ਬਣ ਸਕਦੀ ਹੈ। ਬੇਂਡਲਿਨ ਨੇ ਦੱਸਿਆ ਕਿ ਉਦਾਹਰਣ ਦੇ ਤੌਰ 'ਤੇ ਨੀਂਦ ਨਾ ਆਉਣ ਦਾ ਕਾਰਨ ਐਮੀਲੇਇਡ ਦਾ ਨਿਰਮਾਣ ਹੋਣ ਲੱਗਦਾ ਹੈ, ਕਿਉਂਕਿ ਸੌਣ ਦੌਰਾਨ ਦਿਮਾਗ ਦੀ ਨਿਕਾਸੀ ਪ੍ਰਣਾਲੀ ਕੰਮ ਕਰਨਾ ਸ਼ੁਰੂ ਕਰਦੀ ਹੈ। ਸਾਡੇ ਅਧਿਐਨ ਵਿੱਚ ਨਾ ਸਿਰਫ ਐਮੀਲੋਇਡ 'ਤੇ ਨਜ਼ਰ ਰੱਖੀ ਗਈ ਸਗੋਂ ਰੀੜ੍ਹ ਦੀ ਹੱਡੀ ਵਿੱਚ ਤਰਲ ਦ੍ਰਵ ਵਿੱਚ ਹੋਰ ਜੈਵਿਕ ਮਾਰਕਰ ਦੀ ਵੀ ਪੜਤਾਲ ਕੀਤੀ ਗਈ। ਐਮੀਲੋਇਡ ਇੱਕ ਪ੍ਰੋਟੀਨ ਟਾਓਇਕ ਪ੍ਰੋਟੀਨ ਹੈ, ਜੋ ਉਲਝ ਜਾਂਦਾ ਹੈ। ਖੋਜਕਾਰਾਂ ਨੇ 101 ਲੋਕਾਂ 'ਤੇ ਅਧਿਐਨ ਕੀਤਾ, ਜਿੰਨ੍ਹਾਂ ਦੀ ਔਸਤ ਉਮਰ 63 ਸਾਲ ਸੀ। ਇਨ੍ਹਾਂ ਲੋਕਾਂ ਦੀ ਸੋਚ ਨਾਰਮਲ ਅਤੇ ਯਾਦਦਾਸ਼ਤ ਸ਼ਕਤੀ ਸਹੀ ਸੀ।

## ✪ ਆਦਮੀ ਨੇ ਦਿੱਤਾ ਬੱਚੇ ਨੂੰ ਜਨਮ

ਬ੍ਰਿਟੇਨ 'ਚ ਅਜਿਹਾ ਪਹਿਲੀ ਵਾਰ ਹੋਇਆ ਹੈ, ਜਦੋਂ 21 ਸਾਲਾ ਇੱਕ ਆਦਮੀ ਹਾਈਡੇਨ ਕ੍ਰਾਸ ਨੇ ਬੱਚੇ ਨੂੰ ਜਨਮ ਦਿੱਤਾ

ਅਜਿਹਾ ਉਸ ਨੇ ਲਿੰਗ ਤਬਦੀਲੀ ਦੀ ਪ੍ਰਕਿਰਿਆ 'ਚੋਂ ਲੰਘਣ ਦੌਰਾਨ ਇੱਕ ਸ਼ੁਕਰਾਣੂਦਾਤਾ ਦੇ ਸਹਿਯੋਗ ਨਾਲ ਕੀਤਾ। ਇਸ ਸਾਲ ਦ ਸ਼ੁਰੂਆਤ ਵਿੱਚ ਇੱਕ ਸ਼ੁਕਰਾਣੂਦਾਤਾ ਦੇ ਸਹਿਯੋਗ ਨਾਲ ਗਰਭਵਤੀ ਹੋਣ ਦਾ ਐਲਾਨ ਕਰਨ ਮਗਰੋਂ ਹਾਈਡੇਨ ਕ੍ਰਾਸ ਦੁਨੀਆਂ ਭਰ 'ਚ ਸੁਰਖੀਆਂ ਵਿੱਚ ਆ ਗਿਆ ਸੀ।



# ਸ਼ਰਧਾ ਉੱਲੂਆਂ ਦੇ ਦੇਸ਼ 'ਚ

## ✪ ਜੰਨਤ ਦੀਆਂ ਕੁਆਰੀਆਂ ਹੂਰਾਂ ਲਈ' ਜੇਬ 'ਚ ਅੰਡਰਗਾਰਮੈਂਟਸ ਰੱਖ ਕੇ ਆਤਮਘਾਤੀ ਹਮਲਾ ਕਰਨ ਜਾਂਦੇ ਹਨ ਆਈ. ਐਸ. ਆਈ. ਦੇ ਜੇਹਾਦੀ

ਸੀਰੀਆ 'ਚ ਇਸਲਾਮਿਕ ਸਟੇਟ (ਆਈ.ਐਸ.ਆਈ.ਐਸ) ਵਿਰੁੱਧ ਚੱਲ ਰਹੀ ਜੰਗ ਨਾਲ ਜੁੜੀ ਇੱਕ ਖ਼ਬਰ ਤੁਹਾਨੂੰ ਹੈਰਾਨ ਕਰ ਦੇਵੇਗੀ। ਫੌਜ ਦੇ ਅਧਿਕਾਰੀਆਂ ਨੇ ਇੱਥੇ ਆਈ.ਐਸ.ਆਈ.ਐਸ ਲਈ ਲੜ ਰਹੇ ਅੱਤਵਾਦਆਂ ਨਾਲ ਜੁੜੀ ਇੱਕ ਅਜਿਹੀ ਗੱਲ ਦਾ ਖੁਲਾਸਾ ਕੀਤਾ ਹੈ ਜਿਸ ਨੂੰ ਜਾਣ ਕੇ ਤੁਹਾਨੂੰ ਬੜੀ ਹੈਰਾਨੀ ਹੋਵੇਗੀ। ਫੌਜੀ ਅਧਿਕਾਰੀਆਂ ਨੇ ਦੱਸਿਆ ਕਿ ਕਈ ਆਤਮਘਾਤੀ ਹਮਲਾਵਰਾਂ ਦੇ ਕੱਪੜਿਆਂ ਅੰਦਰ ਬਣੀਆਂ ਜੇਬਾਂ 'ਚ ਔਰਤਾਂ ਦੇ 'ਅੰਡਰਗਾਰਮੈਂਟਸ' ਮਿਲੇ ਹਨ। ਸੀਰੀਆਈ ਫੌਜ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਅਜਿਹੇ ਕਈ ਜੇਹਾਦੀਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਨ੍ਹਾਂ ਅੰਡਰਗਾਰਮੈਂਟਸ ਨੂੰ ਉਨ੍ਹਾਂ ਕੁਆਰੀਆਂ ਹੂਰਾਂ ਲਈ ਲੈ ਕੇ ਜਾ ਰਹੇ ਹਨ, ਜੋ ਉਨ੍ਹਾਂ ਨੂੰ ਜੰਨਤ 'ਚ ਮਿਲਣਗੀਆਂ। ਇਸ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਅੱਤਵਾਦੀਆਂ ਦਾ ਇਸ ਤਰ੍ਹਾਂ ਬ੍ਰੇਨਵਾਸ਼ ਕੀਤਾ ਜਾਂਦਾ ਹੈ ਕਿ ਉਹ



ਜੰਨਤ 'ਚ ਹੂਰਾਂ' ਮਿਲਣ ਦੀ ਕਲਪਨਾ ਕਰਦੇ ਹੋਏ ਆਤਮਘਾਤੀ ਹਮਲਾ ਕਰਨ ਵਾਲੀ ਦਲੇਰੀ ਨੂੰ ਅੰਜਾਮ ਦਿੰਦੇ ਹਨ।

ਸੀਰੀਆ 'ਚ ਇਸਲਾਮਿਕ ਸਟੇਟ ਵਿਰੁੱਧ ਜਾਰੀ ਜੰਗ 'ਚ ਲੜ ਰਹੇ ਕਈ ਸੀਰੀਆਈ ਕਮਾਂਡਰਾਂ ਅਤੇ ਜਨਰਲ ਦਾ ਕਹਿਣਾ ਹੈ ਕਿ 30 ਦਿਨਾਂ ਦੇ ਅੰਦਰ ਇਸ ਜੰਗ ਦਾ ਫੈਸਲਾ ਹੋ ਜਾਵੇਗਾ। ਉਨ੍ਹਾਂ ਅਨੁਸਾਰ ਇਰਾਕ ਦੇ ਮੌਸੂਲ 'ਚ ਹਾਰਨ ਮਗਰੋਂ ਆਈ.ਐਸ. ਆਈ.ਐਸ ਕੋਲ ਰੱਕਾ ਆਖਰੀ ਮਜ਼ਬੂਤ ਗੜ੍ਹ ਬਚਿਆ ਹੈ।

## ✪ ਸਹੁੰ ਚੁੱਕਣ ਦਾ ਸਮਾਂ ਮਿੱਥਿਆ ਜੋਤਸ਼ੀਆਂ ਨੇ

ਨਵੇਂ ਚੁਣੇ ਗਏ ਰਾਸ਼ਟਰਪਤੀ ਰਾਮਨਾਥ ਕੋਵਿੰਦ ਇੱਕ ਸਧਾਰਨ ਆਦਮੀ, ਦਿਖਾਵਾ ਰਹਿਤ ਅਤੇ ਮਿਲਣਸਾਰ ਹਨ। ਪਰ ਸਹੁੰ ਚੁੱਕ ਸਮਾਗਮ ਦੀ ਮਿੰਟ ਪ੍ਰਤੀ ਮਿੰਟ ਕਵਾਇਦ ਮਿੱਥਣ ਲਈ ਉਹਨਾਂ ਅਧਿਕਾਰੀਆਂ ਨੂੰ ਕਹਿ ਦਿੱਤਾ ਹੈ ਕਿ ਉਹ ਸਹੁੰ ਚੁੱਕਣ ਦੇ ਠੀਕ ਸਮੇਂ ਬਾਰੇ ਸੂਚਨਾ ਦੇਣਗੇ ਕਿਉਂਕਿ ਸਮਾਗਮ ਦੀ ਮਿਤੀ 25 ਜੁਲਾਈ ਮਿੱਥੀ ਗਈ ਹੈ। ਕੋਵਿੰਦ ਆਪਣੇ ਮਨਪਸੰਦ ਜੋਤਿਸ਼ੀ ਨਾਲ ਸਮੇਂ ਬਾਰੇ ਸਲਾਹ-ਮਸ਼ਵਰਾ ਕਰਨਗੇ। ਹੁਣ ਜਾਪਦਾ ਹੈ ਕਿ ਕੋਵਿੰਦ ਮੰਗਲਵਾਰ ਨੂੰ 10.15 ਵਜੇ 10 ਅਕਬਰ ਰੋਡ ਤੋਂ ਰਵਾਨਾ ਹੋਣਗੇ ਅਤੇ ਮਿਲਟਰੀ ਸਕੱਤਰ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਤੱਕ ਲੈ ਕੇ ਜਾਣਗੇ। ਇੱਥੇ ਉਹ ਅਹੁਦਾ ਛੱਡ ਰਹੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਗੱਲਬਾਤ ਕਰਨਗੇ। ਇਹ ਉਨ੍ਹਾਂ ਦੀ ਪਹਿਲੀ ਮੁਲਾਕਾਤ ਹੋਵੇਗੀ ਅਤੇ ਫਿਰ ਦੋਵੇਂ ਇਕੱਠੇ ਸੈਂਟਰਲ ਹਾਲ ਜਾਣਗੇ, ਜਿੱਥੇ ਭਾਰਤ ਦੇ ਮੁੱਖ ਜੱਜ ਕੋਵਿੰਦ ਨੂੰ ਸਹੁੰ ਚੁਕਾਉਣਗੇ। ਸਹੁੰ ਚੁੱਕ ਸਮਾਗਮ 14 ਮਿੰਟਾਂ ਵਿੱਚ ਮੁਕੰਮਲ ਹੋ ਜਾਵੇਗਾ।

## ✪ ਮੱਛੀਆਂ ਨੂੰ ਆਟਾ ਪਾਉਂਦੀ ਮਾਂ, ਧੀ ਦੀ ਭਾਖੜਾ ਨਹਿਰ ਵਿੱਚ ਡੁੱਬਣ ਕਾਰਨ ਮੌਤ

ਆਨੰਦਪੁਰ ਸਾਹਿਬ ਦੇ ਪਿੰਡ ਮਾਂਗੇਵਾਲ ਦੀ ਵਿਆਹੁਤਾ ਅਤੇ ਉਸ ਦੀ 4 ਸਾਲ ਦੀ ਬੇਟੀ ਦੀ ਭਾਖੜਾ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ।

ਐਸ.ਐਚ.ਓ. ਹਰਕੀਰਤ ਸਿੰਘ ਨੇ ਦੱਸਿਆ ਕਿ ਪਿੰਡ ਮਾਂਗੇਵਾਲ ਦੀ ਅਮਨਦੀਪ ਕੌਰ (26) ਪਤਨੀ ਸ਼ਵਿੰਦਰ ਸਿੰਘ ਆਪਣੀ 4 ਸਾਲਾ ਬੇਟੀ ਸਹਿਜਪ੍ਰੀਤ ਕੌਰ ਨਾਲ ਭਾਖੜਾ ਨਹਿਰ ਦੇ ਗੰਗੂਵਾਲ ਕੋਲ ਕਾਲੇ ਗੇਟਾਂ ਨੇੜੇ ਮੱਛੀਆਂ ਨੂੰ ਆਟਾ ਪਾ ਰਹੀ ਸੀ ਕਿ ਅਚਾਨਕ ਉਸ ਦੀ ਬੇਟੀ ਸਹਿਜਪ੍ਰੀਤ ਕੌਰ ਦਾ ਪੈਰ ਤਿਲਕ ਗਿਆ ਅਤੇ ਉਹ ਆਪਣੀ ਬੇਟੀ ਨੂੰ ਫੜਨ ਲੱਗੀ। ਸਿੱਟੇ ਵਜੋਂ ਦੋਵੇਂ ਮਾਂ ਧੀ ਨਹਿਰ ਵਿੱਚ ਰੁੜ ਗਈਆਂ। ਨਹਿਰ ਵਿੱਚ ਡੁੱਬਣ ਨਾਲ ਕੁੱਝ ਸਮੇਂ ਅੰਦਰ ਦੋਵਾਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਸਥਾਨਕ ਪੁਲੀਸ ਵਲੋਂ ਦੋਵੇਂ ਲਾਸ਼ਾਂ ਕੋਟਲਾ ਲਾਗਿਓਂ ਬਰਾਮਦ ਕਰ ਲਈਆਂ ਗਈਆਂ।

ਉਨ੍ਹਾਂ ਦੱਸਿਆ ਕਿ ਲੜਕੀ ਦੇ ਪਿਤਾ ਸੁਰਜੀਤ ਸਿੰਘ ਪੁੱਤਰ ਰਘੁਵੀਰ ਸਿੰਘ ਵਾਸੀ ਗੰਗੂਵਾਲ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਨ ਉਪਰੰਤ ਭਾਈ ਜੈਤਾ ਜੀ ਸਿਵਲ ਹਸਪਤਾਲ ਵਿਖੇ ਦੋਵਾਂ ਦਾ ਪੋਸਟ ਮਾਰਟਮ ਕੀਤਾ ਗਿਆ। ਜਿਸ ਬਾਅਦ ਗੰਗੂਵਾਲ ਸਮਸ਼ਾਨਘਾਟ ਵਿੱਚ ਦੋਵਾਂ ਦਾ ਸਸਕਾਰ ਕਰ ਦਿੱਤਾ ਗਿਆ।

## ✪ ਕੱਢੀਆਂ 92 ਪਿੰਨਾਂ, ਅਜੇ ਵੀ 60 ਬਾਕੀ

ਕੁੱਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਰਾਜਸਥਾਨ ਦੇ ਰਹਿਣ ਵਾਲੇ 56 ਸਾਲਾ ਬਦਰੀ ਲਾਲ ਮੀਰਾ ਦੇ ਸਰੀਰ ਵਿੱਚ ਪਿੰਨਾਂ ਮਿਲੀਆਂ ਹਨ। ਡਾਕਟਰਾਂ ਨੇ ਉਸ ਦੇ ਸਰੀਰ ਵਿੱਚਚ 92 ਪਿੰਨਾਂ ਕੱਢ ਦਿੱਤੀਆਂ ਹਨ ਪਰ ਉਸਦੇ ਸਰੀਰ ਵਿੱਚ ਅਜੇ ਵੀ 60 ਪਿੰਨਾਂ ਬਾਕੀ ਹਨ। ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਬਦਰੀ ਲਾਲ ਦੇ ਸਰੀਰ ਵਿੱਚ ਸਾਹ ਨਾਲੀ ਤੋਂ ਲੈ ਕੇ ਭੋਜਨ ਨਾਲੀ, ਆਰਟਰੀ, ਸਕਿਨ, ਪੇਟ, ਗੋਡੇ ਅਤੇ ਮੋਢਿਆਂ ਤੱਕ ਵਿੱਚ ਕਈ ਥਾਂ ਪਿੰਨਾਂ ਵੜੀਆਂ ਹੋਈਆਂ ਹਨ। ਉਸਦੀ ਇਹ ਹਾਲਤ ਦੇਖ ਕੇ ਕਈ ਹਸਪਤਾਲਾਂ ਨੇ ਤਾਂ ਉਸ ਨੂੰ ਦਾਖਲ ਕਰਨ ਤੋਂ ਵੀ ਨਾਂਹ ਕਰ ਦਿੱਤੀ ਪਰ ਬਾਅਦ ਵਿੱਚ ਡਾਕਟਰਾਂ ਨੇ 7 ਘੰਟੇ ਦੀ ਲੰਬੀ ਸਰਜਰੀ ਤੋਂ ਬਾਅਦ 92 ਪਿੰਨਾਂ ਕੱਢ ਕੇ ਬਦਰੀ ਲਾਲ ਨੂੰ ਮੌਤ ਦੇ ਮੂੰਹ 'ਚੋਂ ਬਚਾ ਲਿਆ ਹੈ।

## ✪ ਕੜਾਹੀ ਦੇਣ ਗਿਆ ਵਿਅਕਤੀ ਨਹਿਰ 'ਚ ਰੁੜਿਆ

ਪਿੰਡ ਨੱਤ ਦਾ ਵਿਅਕਤੀ ਪੀਰ ਖਵਾਜ਼ਾ ਬਲੀ ਨੂੰ ਖ਼ੁਸ਼ ਕਰਨ ਵਾਸਤੇ ਪਿੰਡ ਨੇੜਿਓਂ ਲੰਘਦੀ ਨਹਿਰ ਦੇ ਪਾਣੀ ਵਿੱਚ ਕੜਾਹੀ ਪਾਉਣ ਸਮੇਂ ਪੈਰ ਫਿਸਲਣ ਕਾਰਨ ਰੁੜ੍ਹ ਗਿਆ। ਜਿਸ ਦੀ ਲਾਸ਼

ਤਕਰੀਬਨ 12 ਕਿਲੋਮੀਟਰ ਦੂਰ ਕੋਟਬਖਤੂ ਹੈੱਡ ਤੋਂ ਬਰਾਮਦ ਹੋਈ। ਪੁਲੀਸ ਨੇ ਕਾਰਵਾਈ ਕਰਨ ਤੋਂ ਬਾਅਦ ਲਾਸ਼ ਵਾਰਸ਼ਾਂ ਹਵਾਲੇ ਕਰ ਦਿੱਤੀ ਹੈ। ਪਿੰਡ ਨੱਤ ਵਾਸੀ ਬਲਦੇਵ ਸਿੰਘ (50) ਪੁੱਤਰ ਜੱਗਰ ਸਿੰਘ, ਜੋ ਖੂਹੀਆਂ ਤੇ ਲੈਟਰੀਨਾਂ ਦੇ ਟੋਏ ਪੁੱਟਣ ਦਾ ਕੰਮ ਕਰਦਾ ਸੀ, ਬੀਤੇ ਕੱਲ੍ਹ ਪੀਰ ਖਵਾਜ਼ਾ ਬਲੀ ਨੂੰ ਖੁਸ਼ ਕਰਨ ਲਈ ਘਰੋਂ ਕੜਾਹੀ ਕਰਕੇ ਪਿੰਡ ਕੋਲੋਂ ਲੰਘਦੀ ਕੋਟਲਾ ਨਹਿਰ ’ਚ ਕੜਾਹੀ ਪਾਉਣ ਗਿਆ ਸੀ। ਕੜਾਹੀ ਪਾਉਣ ਸਮੇਂ ਉਸਦਾ ਪੈਰ ਤਿਲਕ ਗਿਆ ਤੇ ਉਹ ਨਹਿਰ ’ਚ ਡਿੱਗ ਪਿਆ। ਉਹ ਕਾਫ਼ੀ ਦੇਰ ਤੱਕ ਘਰ ਨਾ ਆਇਆ ਤਾਂ ਪਰਿਵਾਰ ਵਾਲਿਆਂ ਨੇ ਉਸ ਦੀ ਭਾਲ ਕਰਨੀ ਸੁਰੂ ਕਰ ਦਿੱਤੀ ਪਰ ਅੱਜ ਉਸ ਦੀ ਲਾਸ਼ ਘਟਨਾ ਸਥਾਨ ਤੋਂ ਤਕਰੀਬਨ 12 ਕਿਲੋਮੀਟਰ ਅੱਗੇ ਪਿੰਡ ਕੋਟਬਖਤੂ ਕੋਲ ਬਣੇ ਹੈੱਡ ਕੋਲੋਂ ਬੁਰਜੀ ਨੰਬਰ 45 ਨੇੜਿਓਂ ਮਿਲੀ।

## ✪ ਅੰਧ ਵਿਸ਼ਵਾਸ ਦਾ ਭਾਂਡਾ ਫੁਟਿਆ

ਅੱਜ ਆਪਣੇ ਪਿੰਡ ਦੇ ਮੰਦਰ ਵਿੱਚ ਨਾਲ ਦੇ ਪਿੰਡ ਦੇ ਇੱਕ ਪਰਿਵਾਰ ਵਲੋਂ ਇਹ ਦਾ ਦਾਅਵਾ ਹਵਾ ਕਰਦਿਆਂ ਕਿ ਉਹਨਾਂ ਦੀ 7/8 ਸਾਲ ਦੀ ਲੜਕੀ ਵਿੱਚ ਦੇਵੀ ਮਾਤਾ ਪ੍ਰਵੇਸ਼ ਕਰ ਗਈ ਹੈ (ਪ੍ਰਗਟ ਹੋ ਗਈ ਹੈ) ਤੇ ਉਹ ਉਸ ਲੜਕੀ ਨੂੰ ਲੈਕੇ ਬੜੇ ਧੂਮ ਧੜੱਕੇ ਨਾਲ ਮੰਦਰ ਵਿੱਚ ਆਏ। ਆਏ ਨਹੀਂ ਸਗੋਂ ਮੰਦਰ ਵਿੱਚ ਉਹਨਾਂ ਦਾ ਸਵਾਗਤ ਕਰਨ ਵਾਲੇ ਅੰਧਵਿਸ਼ਵਾਸੀ ਲੋਕਾਂ ਵੱਲੋਂ ਜਾ ਕੇ ਲਿਆਂਦੇ ਗਏ। ਵਹਿਮੀ ਭਰਮੀ ਅੰਧਵਿਸ਼ਵਾਸੀ ਲਾਈਲੱਗ ਅਤੇ ਕੁਝ ਤਮਾਸ਼ਬੀਨ ਲੋਕਾਂ ਦੀ ਭੀੜ ਜੁੜੀ ਅਤੇ ਉਸ ਦੇਵੀ ਮਾਤਾ ਬਣਾਈ ਗਈ ਬੱਚੀ ਨੂੰ ਮੱਥਾ ਟੇਕਣ ਅਤੇ ਮੁਰਾਦਾਂ ਮੰਗਣ ਲੱਗੀ।



ਇਸ ਦੌਰਾਨ ਇਸ ਸਾਰੇ ਪਰਪੰਚ ਨੂੰ ਵੇਖ ਰਹੇ ਪਿੰਡ ਚੁੱਘੇ ਕਲਾਂ ਦੇ ਕੁੱਝ ਅਗਾਂਹ ਵਧੂ ਤੇ ਤਰਕਸ਼ੀਲ ਸੋਚ ਵਾਲੇ ਨੌਜਵਾਨਾਂ ਦਲਜੀਤ ਸਿੰਘ ਅਤੇ ਡਾ. ਜਸਵੀਰ ਸਿੰਘ ਪੰਚਾਇਤ ਮੈਂਬਰ ਵਲੋਂ ਲੰਗਰ ਕਮੇਟੀ ਅਤੇ ਇਸ ਪ੍ਰੋਗ੍ਰਾਮ ਦੀ ਪਰਬੰਧਕ ਕਮੇਟੀ ਤੋਂ ਆਗਿਆ ਲੈਕੇ, ਉਸ ਦੇਵੀ ਮਾਤਾ ਦਾ ਅਖੌਤੀ ਅਵਤਾਰ ਬਣੀ ਬੱਚੀ ਤੋਂ ਉਸ ਦੀ ਗੈਬੀ ਸ਼ਕਤੀਆਂ ਦੀ ਪਰਖ ਕਰਨ ਲਈ 5 ਸੁਆਲ ਪੁੱਛੇ ਗਏ। ਪਰ ਉਹ ਅਖੌਤੀ ਦੇਵੀ ਮਾਤਾ ਕਿਸੇ ਸੁਆਲ ਦਾ ਸਹੀ ਜੁਆਬ ਨਾਂ ਦੇ ਸਕੀ। ਇਸ ਉਪਰੰਤ ਉਥੇ ਪਹੁੰਚੇ ਲੋਕਾਂ ਨੂੰ ਸੰਬੋਧਨ ਕਰਦਿਆਂ ਦਲਜੀਤ ਸਿੰਘ ਤੇ ਡਾਕਟਰ ਜਸਵੀਰ ਸਿੰਘ ਪੰਚਾਇਤ ਮੈਂਬਰ ਨੇ ਕਿਹਾ ਕਿ ਇਸ ਲੜਕੀ ਵਿੱਚ ਕਿਸੇ ਦੇਵੀ ਮਾਤਾ ਦਾ ਪ੍ਰਵੇਸ਼ ਨਹੀਂ ਹੈ। ਨਾਂ ਹੀ ਇਸ ਵਿੱਚ ਕੋਈ ਗੈਬੀ ਸ਼ਕਤੀ ਹੈ। ਇਹ ਸਿਰਫ ਪਖੰਡ ਹੈ ਜੋ ਦੋ ਪਿੰਡਾਂ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਕੀਤਾ ਗਿਆ ਹੈ। ਅਸੀਂ ਇਸ ਗੁੰਮਰਾਹਕੁੰਨ ਪਰਚਾਰ ਦੀ ਨਿਖੇਧੀ ਕਰਦੇ ਹਾਂ।

ਇਹ ਗੱਲ ਸੁਣ ਕੇ ਉਸ ਦੇਵੀ ਬਣਾਈ ਗਈ ਲੜਕੀ ਦੀ ਮਾਂ (ਅਸਲ ਵਿੱਚ ਉਸ ਦੀ ਸਤੌਲੀ/ਮਤਰੇਈ ਮਾਂ ਜੋ ਖੁਦ ਇੱਕ ਚੇਲੀ ਹੈ ਅਤੇ ਇਸ ਲੜਕੀ ਨੂੰ ਮੰਦਰ ਵਿੱਚ ਚੜ੍ਹਾ/ਭੇਂਟ ਕਰਕੇ ਆਪਣਾ ਤੋਰੀ ਫੁਲਕਾ ਚਲਾਉਣਾ ਚਾਹੁੰਦੀ ਸੀ) ਉਹਨਾਂ ਨੌਜਵਾਨਾਂ ਦੀਆਂ ਮਿੰਨਤਾਂ ਕਰਨ ਲੱਗ ਪਈ ਕਿ ਸਾਥੋਂ ਗਲਤੀ ਹੋ ਗਈ ਹੈ ਸਾਨੂੰ ਮੁਆਫ਼ ਕਰੋ ਤੁਸੀਂ ਕਿਸੇ ਪੱਤਰਕਾਰ ਜਾਂ ਹੋਰ ਸੰਸਥਾ (ਤਰਕਸ਼ੀਲ ਸੁਸਾਇਟੀ ਆਦਿ) ਨੂੰ ਨਾ ਬੁਲਾਵੋ ਅਸੀਂ ਲੜਕੀ ਨੂੰ ਲੈ ਕੇ ਵਾਪਸ ਜਾਂਦੇ ਹਾਂ। ਜਿਵੇਂ ਕਿਹਾ ਜਾਂਦਾ ਹੈ ਕਿ ਝੂਠ ਦੇ ਪੈਰ ਨਹੀਂ ਹੁੰਦੇ ਉਹ ਜਲਦੀ ਨਾਲ ਉਸ ਕੁੜੀ ਨੂੰ ਲੰਡੀ ਜਿਹੀ ਜਿਪਸੀ ਵਿੱਚ ਬੈਠਾ ਕੇ ਆਪਣੇ ਪਿੰਡ ਲੈ ਗਏ।

ਇਸ ਸਾਰੇ ਦੰਭ ਅਤੇ ਪਾਖੰਡ ਦਾ ਪਰਦਾਫਾਸ਼ ਹੋਣ ਉਤੇ ਉਸ ਅਖੌਤੀ ਦੇਵੀ ਮਾਤਾ ਦੇ ਪਿੰਡ ਸਰਦਾਰਗੜ੍ਹ ਅਤੇ ਆਪਣੇ ਪਿੰਡ ਚੁੱਘੇ ਕਲਾਂ ਦੇ ਲੋਕਾਂ ਵਿੱਚ ਅੰਦਰੂਨੀ ਖੁਸ਼ੀ ਮਹਿਸੂਸ ਕੀਤੀ ਜਾ ਰਹੀ ਸੀ। ਦੋਵਾਂ ਪਿੰਡਾਂ ਦੇ ਲੋਕ ਇਸ ਪਾਖੰਡ ਨੂੰ ਵਧਣ ਤੋਂ ਸਮੇਂ ਸਿਰ ਨੱਥ ਪਾਉਣ ਵਾਲੇ ਦੋਵੇਂ ਉਦਮੀ ਤੇ ਤਰਕਸ਼ੀਲ ਵਿਚਾਰਾਂ ਦੇ ਸਮਰਥਕ ਨੌਜੁਆਨਾਂ ਅਤੇ ਉਹਨਾਂ ਦੇ ਸਮਰਥਕਾਂ ਦੀ ਪ੍ਰਸ਼ੰਸਾ ਕਰ ਰਹੇ ਹਨ।

ਅੱਖਾਂ ਵਿੱਚੋਂ ਧਾਗੇ ਕੱਢਣ ਵਾਲੀ ਕੁੜੀ ਦਾ ਅਸਲੀ ਸੱਚ ਆਇਆ ਸਾਹਮਣੇ, ਵੀਡੀਓ ਦੇਖ ਕੇ ਰਹਿ ਜਾਓਗੇ ਹੈਰਾਨ। ਅੰਧਵਿਸ਼ਵਾਸ ਦੇ ਘੋੜੇ ਚੜ੍ਹਾ ਜਿੰਨੀ ਮਰਜ਼ੀ ਦੁਨੀਆਂ ਲੁੱਟ ਲਵੋ। ਬੱਸ ਲੁੱਟਣ ਆਲੇ ਨੂੰ ਸਾਰੇ ਦਾਅ ਪੇਚ ਆਉਣੇ ਚਾਹੀਦੇ ਨੇ। ਵਾਲ ਕੱਟਣ ਦੀਆਂ ਅਫਵਾਹਾਂ ’ਚ ਤਰਨਤਾਰਨ ਦੇ ਇੱਕ ਪੁੱਛਾਂ ਦੇਣ ਆਲੇ ਨੇ ਆਪਣੀ ਕੁੜੀ ਨੂੰ ਮੋਹਰਾ ਬਣਾ ਧੂੜ ’ਚ ਟੱਟੂ ਦਵੱਲਤਾ, ਪਰ ਸਮੇਂ ਸਿਰ ਪਤਾ ਲੱਗਿਆ ਤੇ ਖੁਲਾਸਾ ਹੋ ਗਿਆ। ਬਹੁਤੇ ਅਕਲੋਂ ਅੰਨੇ ਤਾਂ ਅਖ਼ਬਾਰ ’ਚ ਛਪੀ ਖ਼ਬਰ ਨੂੰ ਪੜ੍ਹ ਪੜ੍ਹ ਹੀ ਮੱਥੇ ਟੇਕੀ ਗਏ।

ਮਾਮਲਾ ਜਿਲ੍ਹੇ ਤਰਨਤਾਰਨ ਦੇ ਮਾੜੀ ਥੇਹ ਦਾ ਹੈ। ਜਿੱਥੋਂ ਦੀ ਇੱਕ ਲੜਕੀ ਦੀ ਕੁੱਝ ਅਖ਼ਬਾਰਾਂ ਨੇ ਖ਼ਬਰ ਛਾਪੀ ਕਿ ਕੁੜੀ ਦੀਆਂ ਅੱਖਾਂ ’ਚੋਂ ਰੰਗ ਬਿਰੰਗੇ ਧਾਗੇ ਬਾਹਰ ਆਉਂਦੇ ਨੇ ਬੱਸ ਅਗਲੇ ਦਿਨ ਕਈਆਂ ਨੇ ਖ਼ਬਰ ਪੜ੍ਹੀ ਕਈਆਂ ਨੇ ਸੁਣੀ ਤੇ ਦੇਵੀ ਦੇਵੀ....ਆਖ਼ ਕੁੜੀ ਦੇ ਘਰ ਵੱਲ ਨੂੰ ਕੋਈ ਸੜਕੇ ਸੜਕੀ ਤੇ ਕੋਈ ਵੱਟੋ ਵੱਟੀਂ ਮਗਰ ਮੂਰੇ ਹੋ ਤੁਰਿਆ। ਖ਼ਬਰ ਕੰਮ ਕਰਗੀ। ਕੁੜੀ ਦੇ ਬਾਪ ਵੱਲੋਂ ਮੀਡੀਆ ਕਮਾਨ ਰਾਹੀਂ ਨੇਰ੍ਹੇ ’ਚ ਛੱਡਿਆ ਤੀਰ ਜਾ ਟਿਕਾਣੇ ਲੱਗਿਆ।

ਲਾਲਾ-ਲਾਲਾ ਹੋਣ ਬਾਅਦ ਸਿਹਤ ਵਿਭਾਗ ਵੀ ਹਰਕਤ ’ਚ ਆ ਗਿਆ ਤੇ ਲੂੰਗ ਲਾਣੇ ਸਮੇਤ ਕੁੜੀ ਦੇ ਦੁਆਲੇ ਹੋ ਗਿਆ ਤੇ ਕਿਹਾ ਲਿਆ ਕੁੜੀਏ ਕੱਢ ਧਾਗੇ!!! ਅਸੀਂ ਵੀ ਦੇਖੀਏ....ਪਰ ਜੇ ਕੁਝ ਹੋਵੇ ਤਾਂ ਨਿਕਲੇ....

ਬਾਕੀ ਆਲੇ ਦੁਆਲੇ ਪੱਤਰਕਾਰਾਂ ਦਾ ਝੁੰਡ ਸੀ ਤੇ ਗੱਲ ਨਾ ਹਾਂ ਤੇ ਨਾ ਹੂੰ....

ਸਿਹਤ ਵਿਭਾਗ ਕੁੜੀ ਨੂੰ ਐਸ. ਐਮ. ਓ. ਅੱਗੇ ਸੁਰ ਸਿੰਘ ਵਾਲੇ ਲੈ ਆਇਆ, ਪਰ ਕੋਈ ਧਾਗਾ ਨਹੀਂ ਨਿਕਲਿਆ। ਜਦ ਲੜਕੀ ਨੂੰ ਸਿਵਲ ਹਸਪਤਾਲ ਤਰਨਤਾਰਨ ਜਾਂਚ ਲਈ ਭੇਜਿਆ ਜਾਣ ਲੱਗਾ ਤੇ ਕੁੜੀ ਪਰਿਵਾਰ ਸਮੇਤ ਉੱਥੋਂ ਖਿਸਕ ਗਈ। ਰੰਗ ਬਰੰਗੇ ਧਾਗਿਆਂ ਨਾਲ ਜਿਹੜੇ ਭਾਂਡੇ ਭਰੇ ਪਏ ਸਨ ਉਹ ਧਾਗੇ ਦਰੀਆਂ, ਖੇਸਾਂ ’ਚੋਂ ਖਿੱਚ ਕੱਢੇ ਹੋਏ ਸਨ...

ਕੁੜੀ ਦਾ ਬਾਪ ਪੁੱਛਾਂ ਦੇਣ ਦਾ ਕੰਮ ਕਰਦਾ ਸੀ ਧੰਦਾ ਮੰਦਾ ਸੀ। ਪਰਿਵਾਰ ਸਮੇਤ ਇਹ ਡਰਾਮਾ ਰਚ ਲਿਆ ਤੇ ਕੁੱਝ ਮੀਡੀਏ ਨੇ ਸਾਥ ਦੇ ਖੰਭਾਂ ਦੀਆਂ ਡਾਰਾਂ ਬਣਾ ਛੱਡੀਆਂ.....


ਜੇ ਤੁਸੀਂ ਆਪਣੇ ਇਲਾਕੇ ਵਿੱਚ ਕੋਈ ਤਰਕਸ਼ੀਲ ਨਾਟਕ ਮੇਲਾ ਜਾਂ ਕੋਰੀਓਗ੍ਰਾਫੀ ਕਰਵਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ।

ਲੋਕ ਕਲਾ ਮੰਚ ਜੀਰਾ

ਨਿਰਦੇਸ਼ਕ ਮੇਘ ਰਾਜ ਰੱਲਾ ਜੀ

ਸੰਪਰਕ : 98558-30400

# ਸਾਡੀਆਂ ਸਰਕਾਰਾਂ ਕਿਉਂ ਜ਼ਾਲਮ ਹਨ ? -ਜਗਤਾਰ ਸਹੋਤਾ

ਰਾਜ ਚਾਹੇ ਬਾਦਸ਼ਾਹ ਦਾ ਜਾਂ ਲੋਕ ਰਾਜ ਦਾ ਹੀ ਹੋਵੇ, ਹਕੂਮਤ ਕਰਦੀ ਜੁੰਡਲੀ ਕੋਲ ਬਹੁਤ ਤਾਕਤ ਆ ਜਾਂਦੀ ਹੈ। ਅਥਾਹ ਤਾਕਤ ਹਰੇਕ ਨੂੰ ਖ਼ਰਾਬ ਕਰ ਦਿੰਦੀ ਹੈ। ਇਸੇ ਲਈ ਕੋਸ਼ਸ਼ ਕੀਤੀ ਜਾਂਦੀ ਹੈ ਕਿ ਅਥਾਹ ਤਾਕਤ ਤੇ ਚੈੱਕ ਅਨਡ ਬੈਲਅਨਸ ਦਾ ਅਸੂਲ ਲਾਇਆ ਜਾਵੇ, ਇਹ ਦੇਸ ਦੇ ਲੋਕੀ ਹੀ ਕਰ ਸਕਦੇ ਹਨ। ਪਰ ਜਿਸ ਦੇਸ਼ ਦੇ ਲੋਕਾਂ ਵਿਚ ਪੂਰੀ ਸਿਆਸੀ ਸੂਝ ਨਾ ਹੋਵੇ, ਜਿਸ ਤਰ੍ਹਾਂ ਭਾਰਤ ਵਿਚ, ਉਥੇ ਇਹ ਅਸੂਲ ਕੰਮ ਨਹੀਂ ਕਰਦਾ। ਵਿਕਸਿਤ ਦੇਸਾਂ ਵਿਚ, ਜਿਥੇ ਲੋਕਾਂ ਵਿਚ ਸਿਆਸੀ ਸੂਝ ਹੈ, ਸਰਕਾਰ ਦੀਆਂ ਤਿੰਨ ਸ਼ਾਖ਼ਾਂ ਇਕ ਕਾਨੂੰਨ ਬਣਾਉਣ ਵਾਲੀ, ਦੂਜੀ ਕਾਨੂੰਨ ਲਾਗੂ ਕਰਨ ਵਾਲੀ ਅਤੇ ਤੀਜੀ ਇਨਸਾਫ਼ ਕਰਨ ਵਾਲੀ ਨੂੰ ਇਕ ਦੂਸਰੇ ਤੋਂ ਅਜ਼ਾਦ ਰੱਖਿਆ ਜਾਂਦਾ ਹੈ ਤਾਂ ਕਿ ਲੋਕਾਂ ਨੂੰ ਕਚਿਹਰੀਆਂ ਵਿੱਚ ਇਨਸਾਫ਼ ਮਿਲ ਸਕੇ। ਅਥਾਹ ਸਿਆਸੀ ਤਾਕਤ ਜਾਂ/ਅਤੇ ਪੈਸਾ ਚੰਗੇ ਤੋਂ ਚੰਗੇ ਇਨਸਾਨ ਨੂੰ ਵੀ ਵਿਗਾੜ ਦਿੰਦਾ ਹੈ ਜਾਨੀ ਤਾਨੇਸ਼ਾਹ ਬਣਾ ਦਿੰਦਾ ਹੈ। ਭਾਰਤ ਵਿਚ ਕਾਨੂੰਨ ਬਣਾਉਣ ਵਾਲਿਆ ਥੱਲੇ ਕਾਨੂੰਨ ਲਾਗੂ ਕਰਨ ਵਾਲੇ ਹਨ। ਦੂਸਰੇ ਲਫਜ਼ਾਂ ਵਿਚ ਐਮ.ਪੀ. ਅਤੇ ਐਮ.ਐੱਲ. ਏ. ਦੇ ਥੱਲੇ ਪੁਲੀਸ ਹੈ। ਇਸੇ ਕਰਕੇ ਭਾਰਤ ਵਿਚ ਕਾਨੂੰਨ ਦੀਆਂ ਧੱਜੀਆਂ ਉਡਦੀਆਂ ਹਨ। ਇਸੇ ਲਈ ਵਿਕਸਿਤ ਦੇਸਾਂ ਦੇ ਲੋਕ ਕਾਨੂੰਨ ਬਣਾਉਣ ਵਾਲੇ ਨੂੰ ਕਾਨੂੰਨ ਲਾਗੂ ਕਰਨ ਦੀ ਆਗਿਆ ਨਹੀਂ ਦਿੰਦੇ। ਸਰਕਾਰੀ ਤਾਕਤ ਦੀ ਦੁਰਵਰਤੋਂ ਰੋਕਣ ਲਈ ਲੋਕਾਂ ਵਿਚ ਏਕਤਾ ਦਾ ਹੋਣੀ ਅਤੀ ਜ਼ਰੂਰੀ ਹੈ। ਕਿਉਂਕਿ ਇਸ ਤੋਂ ਬਿਨ੍ਹਾਂ ਸਰਕਾਰਾਂ ਦੀ ਤਾਕਤ ਤੇ ਕੋਈ ਖ਼ਾਸ ਪਬੰਦੀ ਨਹੀਂ। ਪਰ ਜੇ ਲੋਕ ਆਪਸ ਵਿਚ ਵੰਡੇ ਹੋਏ ਹੋਣ ਅਤੇ ਸਿਆਸੀ ਸੂਝ ਵਾਲੇ ਨਾ ਹੋਣ, ਫਿਰ ਸਰਕਾਰਾਂ ਦੀ ਮਨ ਮਰਜ਼ੀ ਨੂੰ ਖੁੱਲ੍ਹੀ ਛੁੱਟੀ ਮਿਲ ਜਾਂਦੀ ਹੈ। ਭਾਰਤ ਵਿਚ ਸਰਕਾਰਾਂ ਦਾ ਇਹੀ ਹਾਲ ਹੈ।

ਸਾਰੀਆਂ ਸਰਕਾਰਾਂ, ਅਕਸਰ, ਲੋਕਾਂ ਨੂੰ ਵੱਖਰੇ ਵੱਖਰੇ ਫ਼ਿਰਕਿਆਂ ਵਿਚ ਵੰਡਣ ਦੀਆਂ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ। ਸਮਝਦਾਰ ਲੋਕ ਇਸ ਦੀ ਡੱਟ ਕੇ ਵਿਰੋਧਤਾ ਕਰਦੇ ਹਨ ਅਤੇ ਇਸ ਤਰ੍ਹਾਂ ਹੋਣ ਨਹੀਂ ਦਿੰਦੇ। ਭਾਰਤ ਦੇ ਲੋਕਾਂ ਨੂੰ ਧਰਮਾਂ ਵਿਚ ਵੰਡ ਕੇ ਅੰਗਰੇਜ਼ਾਂ ਨੇ ਰਾਜ ਕੀਤਾ, ਇਸੇ ਲਈ ਮੁੱਠੀ ਭਰ ਅੰਗਰੇਜ਼ ਕਰੋੜਾਂ ਭਾਰਤੀਆਂ ਤੇ 200 ਸਾਲ ਤਕ ਰਾਜ ਕਰਦੇ ਰਹੇ ਸਨ। ਦੁੱਖ ਹੈ ਕਿ ਅਜੇ ਵੀ ਇਹੀ ਸਿਲਸਿਲਾ ਜਾਰੀ ਹੈ। ਅੰਗਰੇਜ਼ਾਂ ਨੇ ਤਾਂ ਭਾਰਤੀਆਂ ਨੂੰ ਧਰਮਾਂ ਵਿਚ ਹੀ ਵੰਡਿਆ ਸੀ, ਸਾਡੀਆਂ ਅਖੌਤੀ ਹਾਕਮ ਜਮਾਤਾਂ ਨੇ ਧਰਮਾਂ ਦੀ ਵੰਡ ਨੂੰ ਘਟਾਉਣਾ ਤਾਂ ਕੀ ਸੀ ਸਗੋਂ ਭਾਰਤੀ ਲੋਕਾਂ ਨੂੰ ਜਾਤਾਂ ਪਾਤਾਂ ਵਿਚ ਵੀ ਵੰਡ ਦਿਤਾ ਹੈ। ਇਸੇ ਲਈ ਹੁਣ ਜਾਤ ਪਾਤ ਦੇ ਅਧਾਰ ਤੇ ਵੀ ਸਿਆਸੀ ਪਾਰਟੀਆਂ ਬਣ ਗਈਆਂ ਹਨ। ਅੱਜ ਇਸ ਵੰਡ ਦੀ ਕੋਝੀ ਨੀਤੀ ਨੇ ਭਾਰਤ ਵਿਚ ਬੋਲਣ, ਖਾਣ ਪੀਣ, ਪਹਿਨਣ ਅਤੇ ਘੱਟ ਗਿਣਤੀ ਦੇ ਧਰਮਾਂ ਦੀ ਅਜ਼ਾਦੀ ਨੂੰ ਖਤਮ ਕਰਕੇ ਰੱਖ ਦਿਤਾ ਹੈ ।



ਮੁੱਢਲੀਆਂ ਅਜ਼ਾਦੀਆਂ ਨੂੰ ਬਕਰਾਰ ਰੱਖਣ ਲਈ ਸਾਰੇ ਲੋਕਾਂ ਵਿਚ ਏਕਤਾ ਦਾ ਹੋਣਾ ਅਤੀ ਜ਼ਰੂਰੀ ਹੈ ਤਾਂ ਜੋ ਉਹ ਆਪਣੇ ਹੱਕਾਂ ਦੀ ਰਾਖੀ ਕਰ ਸਕਣ।

ਅਸੀਂ ਭਾਵੇਂ ਇਕੀਵੀਂ ਸਦੀ ਵਿਚ ਜੀ ਰਹੇ ਹਾਂ ਪਰ ਸਾਡੀ ਸੋਚ ਅਠਾਰਵੀਂ ਸਦੀ ਤੋਂ ਵੀ ਪਿੱਛੇ ਹੈ। ਵਾਹਲਟੇਅਰ ਦਾ ਜਨਮ 1694 ਵਿੱਚ ਹੋਇਆ ਸੀ ਅਤੇ ਉਸ ਦੀ ਮੌਤ 1778 ਵਿੱਚ ਹੋਈ ਸੀ। ਉਸ ਨੇ ਇਨਸਾਨਾਂ ਦੇ ਮੁੱਢਲੇ ਹੱਕਾਂ ਦੀ ਰਾਖੀ ਕਰਨ ਲਈ ਲੋਕਾਂ ਵਿਚ ਏਕਤਾ ਬਣਾਏ ਰੱਖਣ ਲਈ ਆਪਣੇ ਵਿਰੋਧੀ ਵਿਚਾਰਾਂ ਵਾਲੇ ਨੂੰ ਕਿਹਾ ਸੀ "ਜੋ ਤੂੰ ਕਹਿੰਦਾ ਹੈ ਮੈਨੂੰ ਪਸੰਦ ਨਹੀਂ ਹੈ, ਪਰ ਤੇਰੇ ਬੋਲਣ ਦੀ ਅਜ਼ਾਦੀ ਲਈ ਮੈਂ ਮਰ ਵੀ ਸਕਦਾ ਹਾਂ"। ਜਾਨੀ ਜੇ ਵਿਰੋਧੀ ਨੂੰ ਬੋਲਣ ਦੀ ਅਜ਼ਾਦੀ ਨਹੀਂ, ਫਿਰ ਤੁਹਾਨੂੰ ਵੀ ਨਹੀਂ ਹੋਵੇਗੀ। ਜਦ 1984 ਵਿਚ ਕਾਂਗਰਸ ਦੇ ਰਾਜ ਵਿੱਚ ਸਿੱਖਾਂ ਤੇ ਦਿੱਲੀ ਵਿਚ ਜ਼ੁਲਮ ਢਾਇਆ ਗਿਆ ਸੀ, ਤਦ ਕੋਈ ਲੋਕਾਂ ਦਾ ਖ਼ਾਸ ਰੋਹ ਨਹੀਂ ਉਠਿਆ ਸੀ। ਇਸੇ ਤਰ੍ਹਾਂ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਨੇ ਮੁਸਲਮਾਨਾਂ ਨਾਲ ਕੀਤੀ। ਧਰਮ ਦੇ ਅਧਾਰ ਤੇ ਲੋਕਾਂ ਤੇ ਅੱਤਿਆਚਾਰ ਕਰਨਾ ਲੋਕਾਂ ਦੀ ਮੁੱਢਲੀ ਅਜ਼ਾਦੀ ਤੇ ਹਮਲਾ ਹੀ ਨਹੀਂ ਸਗੋਂ ਗੈਰ ਇਨਸਾਨੀਅਤ ਵੀ ਹੈ। ਪੰਜਾਬ ਵੱਲ ਜਦ ਝਾਤੀ ਮਾਰਦੇ ਹਾਂ, ਉਥੇ ਅਕਾਲੀ ਅਤੇ ਕਾਂਗਰਸ ਨੇ ਪਹਿਲਾਂ ਨਕਸਲਵਾੜੀਆਂ ਅਤੇ ਫਿਰ ਖ਼ਾਲਸਤਾਨੀਆਂ ਤੇ ਅਕਹਿ ਜ਼ੁਲਮ ਢਾਹੇ। ਪਰ ਵੰਡੇ ਹੋਏ ਲੋਕਾਂ ਵਿਚ ਗੈਰ ਕਾਨੂੰਨੀ ਜ਼ੁਲਮਾ ਵਿਰੁੱਧ ਕੋਈ ਵੱਡੀ ਲਹਿਰ ਨਹੀਂ ਉਠ ਸਕੀ। ਪੁਲੀਸ ਮੁਕਾਬਲਾ ਬਣਾ ਕੇ ਲੋਕਾਂ ਨੂੰ ਮਾਰਨ ਦੀ, ਚਾਹੇ ਉਹ ਨਕਸਲਵਾੜੀ ਸੀ ਜਾਂ ਖ਼ਾਲਸਤਾਨੀ ਸੀ, ਕਾਨੂੰਨ ਇਜਾਜ਼ਤ ਨਹੀਂ ਦਿੰਦਾ। ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਜੇ ਕਿਸੇ ਨੇ ਗੈਰ ਕਾਨੂੰਨੀ ਕੰਮ ਕੀਤਾ ਹੋਵੇ, ਤਦ ਉਸ ਨੂੰ ਕਚਿਹਰੀ ਵਿਚ ਲਿਜਾ ਕੇ ਜੱਜ ਦੇ ਫ਼ੈਸਲੇ ਦਾ ਇੰਤਜ਼ਾਰ ਕਰੇ। ਪੁਲੀਸ ਮੁਕਾਬਲੇ ਬਣਾ ਕੇ ਮਾਰਨਾ ਕਤਲ ਕਰਨ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਜੁਰਮ ਹੈ। ਇਹ ਸਾਰਾ ਇਸ ਲਈ ਵਾਪਰਿਆ ਕਿ ਜਦ ਨਕਸਲਵਾੜੀਆਂ ਨੂੰ ਪੁਲੀਸ ਮੁਕਾਬਲੇ ਬਣਾ ਕੇ ਮਾਰਿਆ ਜਾ ਰਿਹਾ ਸੀ, ਖਾਲਸਤਾਨੀ ਬੈਠੇ ਤਮਾਸ਼ਾ ਦੇਖ ਰਹੇ ਸਨ ਅਤੇ ਜਦ ਖਾਲਸਤਾਨੀਆਂ ਦੀ ਵਾਰੀ ਆਈ ਤਾਂ ਨਕਸਲਵਾੜੀ ਖੁਸ਼ ਹੋ ਰਹੇ ਸਨ। ਸੱਚ ਇਹ ਹੈ ਕਿ ਸਾਡੀ ਮੁੱਢਲੀ ਅਜ਼ਾਦੀ ਤਦ ਹੀ ਕਾਇਮ ਰਹੇਗੀ ਜਦ ਅਸੀਂ ਆਪਣੇ ਵਿਰੋਧੀ ਦੀ ਮੁੱਢਲੀ ਅਜ਼ਾਦੀ ਦੀ ਰਾਖੀ ਕਰੀਏ। ਸਰਕਾਰਾਂ ਤੋਂ ਇਸ ਦੀ ਆਸ ਨਹੀਂ ਕੀਤੀ ਜਾ ਸਕਦੀ। ਜੇ ਅਸੀਂ ਏਕਤਾ ਬਣਾ ਕੇ ਆਪਣੇ ਹੱਕਾਂ ਦੀ ਰਾਖੀ ਨਾ ਕਰਾਂਗੇ, ਤਦ ਸਾਡੇ ਤੇ ਵਾਰੋ ਵਾਰੀ ਜ਼ੁਲਮ ਢਹਿੰਦੇ ਹੀ ਰਹਿਣਗੇ।

ਅਸੀਂ ਦੇਖਦੇ ਹਾਂ ਭਾਰਤ ਸਰਕਾਰ ਦੀਆਂ ਲੋਕ ਦੋਖੀ ਨੀਤੀਆਂ ਅੱਜ ਵੀ ਚਾਲੂ ਹਨ। ਭਾਰਤ ਵਿਚ ਮੁਸਲਮਾਨ ਗਾਂ ਦਾ ਮਾਸ ਨਹੀਂ ਖਾ ਸਕਦੇ, ਜੋ ਉਹ ਸਦੀਆਂ ਤੋਂ ਖਾਂਦੇ ਆਏ ਹਨ। ਬਾਕੀ ਦੁਨੀਆਂ ਗਾਂ ਦਾ ਮਾਸ ਖਾਂਦੀ ਹੈ। ਭਾਰਤ ਬਾਹਰਲੇ ਦੇਸ਼ਾਂ ਨੂੰ ਗਾਂ ਦਾ ਮਾਸ ਵੇਚਦਾ ਹੈ। ਇਨਸਾਨ ਸ਼ੁਰੂ ਤੋਂ ਜਾਨਵਰਾਂ ਦਾ ਮਾਸ ਖਾਂਦਾ ਆ ਰਿਹਾ ਹੈ। ਇਥੋਂ ਤੱਕ ਕਿ ਆਰੀਆ ਲੋਕ ਵੀ ਗਾਂ ਦਾ ਮਾਸ ਖਾਂਦੇ ਸਨ। ਪਰ ਹੁਣ ਇਹ ਮੋਦੀ ਦੇ ਚੇਲਿਆਂ ਨੇ ਨਵਾਂ ਚਮਤਕਾਰ ਕੱਢ ਦਿਤਾ ਹੈ ਕਿਉਂਕਿ ਹਿੰਦੂ ਗਾਂ ਦਾ ਮਾਸ ਨਹੀਂ ਖਾਂਦੇ, ਇਸ ਲਈ ਬਾਕੀ ਭਾਰਤੀ ਲੋਕ ਵੀ ਗਾਂ ਦਾ ਮਾਸ ਨਹੀਂ ਖਾ ਸਕਦੇ। ਕੁੜੀਆਂ,

ਔਰਤਾਂ ਬਾਹਰ ਨਹੀਂ ਜਾ ਸਕਦੀਆਂ। ਉਨ੍ਹਾਂ ਨੂੰ ਸਰੀਰ ਢੱਕ ਕੇ ਬਾਹਰ ਜਾਣਾ ਚਾਹੀਦਾ ਹੈ। ਉਧਰ ਬਿਲਕੁਲ ਨੰਗੇ ਸਾਧਾਂ ਨੂੰ ਤੁਰਨ ਫਿਰਨ ਦੀ ਅਜ਼ਾਦੀ ਹੈ, ਕਿਉਂਕਿ ਉਹ ਮਰਦ ਹਨ। ਮੰਦਰਾਂ ਵਿਚ ਨੰਗੇਜ਼ ਚਿੱਤਰਕਾਰੀਆਂ ਦੇਖਣ ਵਿਚ ਕੋਈ ਹਰਜ਼ ਨਹੀਂ। ਤਰਕਸ਼ੀਲ ਇਨਸਾਨਾਂ ਦਾ ਕਤਲ ਇਸ ਲਈ ਕੀਤਾ ਜਾ ਰਿਹਾ ਹੈ ਕਿ ਉਹ ਤਰਕ ਦੀ ਗੱਲ ਕਰਦੇ ਹਨ। ਮੋਦੀ ਮੂੰਹ ਰੱਖਣ ਲਈ ਬਿਆਨ ਦੇ ਦਿੰਦਾ ਹੈ ਪਰ ਆਰ.ਐਸ.ਐਸ. ਦੇ ਬੰਦੇ ਹੱਥ ਵਿਚ ਕਾਨੂੰਨ ਲੈ ਕੇ ਜਿਸ ਨੂੰ ਚਾਹੁੰਣ ਕੁੱਟ ਮਾਰ ਕਰ ਸਕਦੇ ਹਨ। ਇਹੋ ਜਿਹੀ ਹਾਲਤ ਜਰਮਨੀ ਵਿਚ ਵੀ ਹੋਈ ਸੀ, ਜਦ ਹਿਟਲਰ ਨੇ ਤਾਕਤ ਫੜੀ ਸੀ। ਉਸ ਨੇ ਲੋਕਾਂ ਨੂੰ ਇਕੱਲੇ ਇਕੱਲੇ ਕਰਕੇ ਮਾਰਿਆ ਸੀ। ਉਥੇ ਵੀ ਲੋਕਾਂ ਵਿਚ ਮੁੱਢਲੇ ਹੱਕਾਂ ਲਈ ਏਕਤਾ ਨਹੀਂ ਬਣ ਸਕੀ ਸੀ। ਭਾਰਤ ਹਿਟਲਰਵਾਦੀ ਤਾਨਾਸ਼ਾਹੀ ਵੱਲ ਵੱਧ ਰਿਹਾ ਹੈ। ਜਦ ਪੂਰਾ ਤਾਨਾਸ਼ਾਹੀ ਦਾ ਰਾਜ ਭਾਰਤ ਵਿਚ ਆ ਜਾਵੇਗਾ, ਉਹ ਹਿੰਦੂ ਵੀ ਪਛਤਾਉਣਗੇ ਜੋ ਅੱਜ ਮੋਦੀ ਦੇ ਹਾਮੀ ਹਨ, ਜਿਸ ਤਰ੍ਹਾਂ ਜਰਮਨੀ ਵਿਚ ਇਕ ਪਾਦਰੀ ਨੇ ਬਾਅਦ ਵਿਚ ਪਛਤਾਵਾ ਕੀਤਾ ਸੀ:-

"ਪਹਿਲਾਂ ਉਹ ਕਮਿਊਨਿਸਟਾਂ ਲਈ ਆਏ, ਤੇ ਮੈਂ ਕੁੱਝ ਨਾ ਬੋਲਿਆ।

ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ।

ਫਿਰ ਉਹ ਟਰੇਡ ਯੂਨੀਅਨਾਂ ਲਈ ਆਏ, ਤੇ ਮੈਂ ਕੁੱਝ ਨਾ ਬੋਲਿਆ।

ਕਿਉਂਕਿ ਮੈਂ ਟਰੇਡ ਯੂਨੀਅਨ 'ਚ ਨਹੀਂ ਸੀ।

ਫਿਰ ਉਹ ਯਹੂਦੀਆਂ ਲਈ ਆਏ, ਤੇ ਮੈਂ ਕੁੱਝ ਨਾ ਬੋਲਿਆ।

ਕਿਉਂਕਿ ਮੈਂ ਯਹੂਦੀ ਨਹੀਂ ਸੀ।

ਫਿਰ ਉਹ ਮੇਰੇ ਲਈ ਆਏ, ਤੇ ਉਸ ਵੇਲੇ ਹੋਰ ਕੋਈ ਨਹੀਂ ਸੀ।

ਜੋ ਮੇਰੇ ਹੱਕ ਵਿਚ ਬੋਲਦਾ"।

ਪਾਦਰੀ ਮਾਰਟਨ ਨਿਮੋਲਰ, ਜਰਮਨੀ।

---

# ਮੇਰਾ ਸੁਆਲ

**ਕੁਲਦੀਪ ਸਿੰਘ ਫਾਜ਼ਿਲਕਾ**

ਮੇਰੇ ਪਿੰਡ ਘੱਟਿਆ ਵਾਲੀ ਦਾ ਕੁੱਝ ਰਕਬਾ ਅਜਿਹਾ ਹੈ ਜਿਥੇ ਬਹੁਤ ਜਿਆਦਾ ਬਾਰਿਸ਼ ਹੋ ਜਾਵੇ ਤਾਂ ਫਸਲ ਦਾ ਡੁੱਬਣਾ ਲਗਭਗ ਤੈਅ ਹੁੰਦਾ ਹੈ। ਕਿਉਂਕਿ ਪਿਛਲੇ ਕਾਫੀ ਸਾਰੇ ਪਿੰਡਾਂ ਦਾ ਪਾਣੀ ਉੱਥੇ ਇੱਕ ਜਗ੍ਹਾ ਆ ਕੇ ਰੁਕ ਜਾਂਦਾਂ ਹੈ ਜੋ ਹੌਲੀ ਹੌਲੀ ਛੋਟੇ ਜਿਹੇ ਸੇਮਨਾਲੇ ਵਿੱਚ ਦੀ ਹੋ ਕੇ ਅੱਗੇ ਜਾਂਦਾ, ਪਰ ਜਦ ਤੱਕ ਪਾਣੀ ਨਿਕਲਦਾ ਏ ਫਸਲ ਖਤਮ ਹੋ ਚੁਕੀ ਹੁੰਦੀ ਹੈ।

2013 ਤੇ 2014 'ਚ ਲਗਾਤਾਰ ਉੱਥੇ ਫਸਲ ਹੁੰਦੀ ਰਹੀ ਏ ਤੇ ਪਾਣੀ ਕਾਰਨ ਆਏ ਸੇਮ ਦਾ ਅਸਰ ਅੱਜ ਵੀ ਵੇਖਿਆ ਜਾ ਸਕਦਾ।

ਪਰ ਪਿਛਲੇ ਕੁਝ ਕੁ ਸਾਲਾਂ ਤੋਂ ਪਿੰਡ ਦੇ ਕਿਸਾਨ ਭਰਾਵਾਂ ਵੱਲੋਂ ਉਸ ਜਗ੍ਹਾ ਤੇ ਗੁਰੂ ਗ੍ਰੰਥ ਸਾਹਿਬ ਲਿਜਾ ਕੇ ਅਖੰਡ ਪਾਠ ਕੀਤਾ ਜਾਂਦਾ ਹੈ ਤਾਂ ਕਿ ਫਸਲ ਦਾ ਬਚਾਅ ਹੋ ਸਕੇ। ਅਤੇ ਇਹ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਜਾਰੀ ਹੈ। ਉਸੇ ਲੜੀ ਤਹਿਤ ਅੱਜ ਵੀ ਉਥੇ ਭੋਗ ਪਾਏ ਗਏ।

ਮੈਂ ਹੁਣ ਬੈਠਾ ਸੋਚ ਰਿਹਾ ਸੀ ਤੇ ਮੇਰੇ ਮਨ 'ਚ ਕੁੱਝ ਸਵਾਲ ਉਪਜ ਰਹੇ ਸੀ ਜੋ ਇਸ ਤਰ੍ਹਾਂ ਹਨ :

1. ਕੀ ਏਦਾਂ ਖੇਤਾਂ ਵਿੱਚ ਅਖੰਡ ਪਾਠ ਕਰਾਉਣ ਨਾਲ ਸੱਚ ਮੁੱਚ ਹੀ ਫਸਲਾਂ ਦਾ ਫਾਇਦਾ ਹੋ ਸਕਦਾ ?
2. ਕੀ ਅਖੰਡ ਪਾਠ ਦੇ ਭੋਗ ਨਾਲ ਪਾਣੀ ਤੋਂ ਬਚਿਆ ਜਾ ਸਕਦਾ ?
3. ਕੀ ਅਖੰਡ ਪਾਠ ਖੇਤ ਵਿੱਚ ਲਿਜਾ ਕੇ ਹੀ ਕਰਾਉਣਾ ਜਰੂਰੀ ਏ ?
4. ਕੀ ਰੱਬ ਨੂੰ ਵੈਸੇ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਖੇਤਾਂ ਨੂੰ ਬਚਾ ਕੇ ਰੱਖਣਾ, ਜਦੋ ਕਿ ਉਹਦੀ ਮਰਜ਼ੀ ਬਿਨਾਂ ਪੱਤਾ ਵੀ ਨਹੀਂ ਹਿੱਲਦਾ ?
5. ਕੀ ਰੱਬ ਨੂੰ ਵੀ ਕੰਮ ਦੱਸ ਕੇ ਕਰਾਉਣਾ ਪੈਂਦਾ ?

ਕਾਸ਼! ਕਿਸੇ ਨੇ ਇਹ ਤਜਰਬਾ ਨਰਮੇ ਦੇ ਇਲਾਕੇ 'ਚ ਜਾ ਕੇ ਚਿੱਟੇ ਮੱਛਰ ਤੇ ਕੀਤਾ ਹੁੰਦਾ!

ਇੱਕ ਗੱਲ ਮੈਂ ਹੋਰ ਸਪੱਸ਼ਟ ਕਰ ਦੇਣੀ ਚਾਹੁੰਦਾ ਕਿ ਮੈਂ ਉੱਥੇ ਕੀਤੇ ਅਖੰਡ ਪਾਠ ਦੇ ਖਿਲਾਫ ਨਹੀਂ ਸੀ ਕਿਉਂਕਿ ਪਿੰਡ 'ਚ ਪਹਿਲਾਂ ਹੀ ਕਿੱਥੇ ਪਾਠ ਹੋਵੇ ਕਿੱਥੇ ਨਾ ਹੋਵੇ ਦਾ ਰੌਲਾ ਚੱਲ ਰਿਹਾ, ਜਿਸ ਨਾਲ ਮੇਰਾ ਕੋਈ ਵਾਸਤਾ ਨਹੀਂ। ਉਸ ਖੇਤਰ 'ਚ ਮੇਰੇ ਹੀ ਚਾਚੇ ਤਾਏ ਤੇ ਭਰਾਵਾਂ ਦੇ ਖੇਤ ਨੇ ਜੋ ਪਿਛਲੇ ਕੁਝ ਸਾਲ ਕੁਦਰਤੀ ਮਾਰ ਦੇ ਸ਼ਿਕਾਰ ਹੁੰਦੇ ਰਹੇ ਨੇ। ਮੈਂ ਦਿਲੋਂ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਭਰਭੂਰ ਫਸਲ ਹੋਵੇ ਤੇ ਮੇਰਾ ਪਿੰਡ ਖੁਸ਼ਹਾਲੀ ਮਾਣੇ।

ਇਹ ਤਾਂ ਸਿਰਫ ਮੇਰੇ ਮਨ 'ਚ ਕੁਝ ਸਵਾਲ ਉੱਠੇ ਸੀ ਜੋ ਜਨਤਕ ਕਰ ਦਿਤੇ।

ਹੋ ਸਕਦਾ ਕਿਸੇ ਹੋਰ ਦੇ ਮਨ 'ਚ ਇਹ ਸਵਾਲ ਆਏ ਹੋਣ ਪਰ ਕੋਈ ਡਰਦਾ ਨਾ ਕਹਿ ਸਕਿਆ ਹੋਵੇ

---

## ਸੋਨ-ਸਵੇਰਾ

/ਅਸ਼ੋਕ ਕੁਮਾਰ ਤਰਕਸ਼ੀਲ, ਮੋਬਾ : 9988142163

ਚੱਲ ਨੀ ਜ਼ਿੰਦੜੀਏ ਅਗਲੇ ਗਰਾਂ,
ਜਿੱਥੇ ਸਭਨਾਂ ਦੀ ਸਾਂਝੀ ਹੋਵੇ ਧੁੱਪ ਅਤੇ ਛਾਂ,
ਨਾ ਨਰਕਾਂ ਦਾ ਡਰ ਨਾ ਹੀ ਸਵਰਗਾਂ ਦੀ ਚਾਹ,
ਆਖਿਆ ਸਿਆਣੇ ਜਿੱਥੇ ਚਾਹ ਉੱਥੇ ਹੀ ਰਾਹ।

ਇਹ ਦਿਸਦਾ ਮੰਡਪ ਜੋ ਮੰਡਲ ਤੇ ਕਮੰਡਲ ਦਾ,
ਦਿਸਹੱਦਾ ਹੈ, ਸਿਰਫ ਹਨੇਰੇ ਦੇ ਜੰਗਲ,
ਧਰਮ-ਕਰਮ ਦੀ ਰਾਜਨੀਤੀ ਦੇ ਮੋਟੇ ਸੰਗਲ ਦਾ,
ਖੋਹੇ ਜਾ ਰਹੇ ਸਭਨਾਂ ਦੇ ਮੰਗਲ ਦਾ।

ਇੱਥੇ ਸਾਧ-ਸੰਤ ਤੇ ਮਠਾਦੀਸ਼ਾਂ ਦਾ ਸ਼ੋਰ,
ਕਿਵੇਂ ਲੱਭੀਏ ਅਸਲੀ ਚੋਰ,
ਸਭ ਹੀ ਹਨ ਸਿਆਸੀ ਚਿਤ-ਚੋਰ,
ਅੱਜ ਮੋਰ ਕੱਲ ਨੂੰ ਚੋਰ।

ਇੱਥੇ ਵਿੱਚ ਡੇਰਿਆਂ ਕਾਲਖ਼ ਉੱਡਦੀ,
ਦਿਨੇ-ਰਾਤ ਪਈ ਇੱਜਤ ਲੁੱਟਦੀ,
ਹੁਣ ਤਾਂ ਘਰ-ਘਰ ਅੰਦਰ ਭੰਗ ਹੀ ਭੁੱਜਦੀ,
ਕੋਈ ਨਾ ਫੜੇ ਕਿਸੇ ਦੀ ਰਗ ਦੁੱਖਦੀ।

ਇਨ੍ਹਾਂ ਸਾਰਿਆਂ ਦੀ ਅੱਖ ਵਿੱਚ ਟੀਰ,
ਤਾਹਿਓਂ ਹੀ ਤਾਂ ਇਹ ਸਾਰੇ ਖੰਡ-ਖੀਰ,
ਕੋਈ ਨੀ ਐਥੇ ਉੱਚ ਦਾ ਪੀਰ,
ਖੁਦ ਹੀ ਬਣੇ ਫਿਰਨ ਫਕੀਰ।

ਇਹ ਹੁੰਦੇ ਬੜੇ ਹੰਕਾਰੀ ਨੇ,
ਇਹ ਮੋਹਿਨੀ ਦੇ ਵਪਾਰੀ ਨੇ,
ਐਪਰ ਸਭ ਜੁਗਨੂੰਆਂ ਦੇ ਸ਼ਿਕਾਰੀ ਨੇ,
ਬਸ ਤਰਕਸ਼ੀਲ ਹੀ ਸਕਦੇ ਖੋਲ ਪਟਾਰੀ ਨੇ।

'ਸੰਗਲਾਦੀਪੀ 'ਤੇ ਵੀ ਜਲ ਦੇ ਹੁਣ ਦੀਪ ਕੋਈ ਕਰਕੇ ਜੇਰਾ,
ਜੁਲਮ ਹੁਣ ਤੈਂ ਵੀ ਸਹਿ ਲਿਆ ਬਥੇਰਾ,
ਭਰ ਲੈ ਤਰਕ-ਜੁਗਨੂੰਆਂ ਦੀ ਪਰਵਾਜ,
ਮਤਾਂ ਹੋ ਜਾਏਂਗਾ ਫਿਰ ਉਮਰ ਦਰਾਜ।

ਫੜ ਗਿਆਨ ਦੇ ਚਾਨਣ ਦਾ ਬੇੜਾ,
ਸਿੱਧ ਕਰਦੇ ਚੁਰਾਸੀ ਦਾ ਵੀ ਝੂਠਾ ਗੇੜਾ,
ਕੋਈ ਨੀ ਆਇਆ ਇੱਥੇ ਮੁੜ ਕੇ ਫੇਰ,
ਅੱਡੀਆਂ ਚੁੱਕ ਉਡੀਕਣ ਸਭ ਸਾਂਝੀ ਸੋਨ-ਸਵੇਰ।
✪

# ਮੇਰਾ ਭਾਰਤ ਮਹਾਨ ਕਿਵੇਂ ?

**-ਮੁਨੀਸ਼ ਬੁਢਲਾਡਾ ਆਸਟ੍ਰੇਲੀਆ**

.....ਆਸਟ੍ਰੇਲੀਆ ਵਿੱਚ ਮੈਂ ਬੀਤੇ ਬਾਰਾਂ ਸਾਲਾਂ ਤੋਂ ਨਿਵਾਸ ਕਰ ਰਿਹਾ ਹਾਂ। ਸਕੂਲ ਬੋਰਡਾਂ ਵਿੱਚ ਵਿਚਰਣ ਕਾਰਨ ਮੇਰਾ ਵਾਹ ਮੁੱਖ ਧਾਰਾ ਦੇ ਲੋਕਾਂ ਨਾਲ ਬਹੁਤ ਨੇੜਿਓਂ ਰਿਹਾ ਹੈ।

ਇਹ ਲੋਕ ਨਾ ਟੂਣਾ-ਟਾਮਣ ਕਰਦੇ ਹਨ, ਨਾਂ ਚੌਂਕੀਆਂ ਲਾਉਂਦੇ ਹਨ, ਨਾ ਜਲਧਾਰਾ, ਨਾ ਧੂਣੀਆਂ, ਨਾ ਆਪਣੇ ਗ੍ਰੰਥਾਂ ਦਾ ਸਹਿਜ ਪਾਠ ਜਾਂ ਅਖੰਡ ਪਾਠ, ਨਾ ਤੀਰਥ ਯਾਤਰਾ, ਨਾ ਮੱਸਿਆ, ਪੁੰਨਿਆ ਨਹਾਉਣ।

ਸਵੇਰੇ ਜਦੋਂ ਲੋਕ ਨੀਂਦ ਦਾ ਆਨੰਦ ਲੈ ਰਹੇ ਹੁੰਦੇ ਹਨ, ਇਹ ਲੋਕ ਲਾਊਡ ਸਪੀਕਰ ਉੱਪਰ ਆਪਣੀ ਬਾਈਬਲ ਦਾ 'ਪਾਠ' ਵੀ ਨਹੀਂ ਸੁਣਾਉਂਦੇ। ਨਾ ਹੀ ਮੰਦਰਾਂ ਵਿੱਚ ਤੜਕੇ ਤੜਕੇ ਲਾਊਡ ਸਪੀਕਰਾਂ ਰਾਹੀਂ ਭਜਨ ਗਾਉਣ ਵਾਂਗ ਇਹ ਲੋਕ ਬਾਈਬਲ ਦੇ ਭਜਨ ਗਾਉਂਦੇ ਹਨ।

ਨਾ ਸਾਰੀ ਰਾਤ ਜਗਰਾਤੇ ਕਰਦੇ ਹੋਏ ਲੋਕਾਂ ਦੀ ਨੀਂਦ ਖਰਾਬ ਕਰਦੇ ਹਨ, ਨਾ ਇਹ ਗਊਆਂ ਦੇ ਨਾਮ ਤੇ ਦੰਗੇ ਕਰਦੇ ਹਨ, ਇਹਨਾਂ ਕੋਲ ਨਾਂ ਢੱਡਰੀਆਂ ਵਾਲਾ ਬਾਬਾ, ਨਾ ਕਲੇਰਾਂ ਵਾਲਾ, ਨਾ ਰਾੜੇਵਾਲਾ, ਨਾ ਆਸ਼ੂਤੋਸ਼, ਨਾ ਸਰਸਾ, ਨਾ ਰਾਮਪਾਲ, ਨਾ ਨਿਰਮਲ ਬਾਬਾ, ਨਾ ਹਨੂੰਮਾਨ ਚਾਲੀਸਾ, ਨਾ ਪੁਰੀ ਦਾ ਮੰਦਰ, ਨਾ ਅਮਰਨਾਥ ਦੀ ਯਾਤਰਾ, ਨਾ ਸੋਮਨਾਥ, ਨਾ ਅਜਮੇਰ ਸ਼ਰੀਫ਼, ਨਾ ਹੇਮਕੁੰਟ ਤੇ ਨਾ ਹੀ ਉਹ ਸਾਰਾ ਕੁਝ ਜਿਹੜਾ ਅਸੀਂ ਹਿੰਦੂਆਂ ਸਿੱਖਾਂ ਨੇ ਮੰਦਰਾਂ, ਮਸੀਤਾਂ, ਗੁਰਦਵਾਰਿਆਂ 'ਚ ਆਪਣੇ-ਆਪਣੇ "ਰੱਬਾਂ" ਦੇ ਨਾਮ 'ਤੇ ਰੱਖਿਆ ਹੋਇਆ ਹੈ।

ਇਹ ਨਾ ਕਿਸੇ ਖ਼ਾਸ ਕਿਸਮ ਦੀ ਮਰਿਆਦਾ ਦੇ ਪਾਬੰਦ ਹਨ। ਜੋ ਜੀ ਕਰੇ ਖਾਂਦੇ ਹਨ, ਜੋ ਜੀ ਕਰੇ ਪਹਿਨਦੇ ਹਨ। ਦਾਹੜੀ ਰੱਖਣੀ ਹੈ ਰੱਖ ਲਵੋ, ਕੱਟਣੀ ਹੈ ਕੱਟ ਲਵੋ। ਇਹ ਲੋਕ ਮੈਂ ਕਦੇ ਪਾਠ ਪੂਜਾ ਕਰਦੇ ਨਹੀਂ ਦੇਖੇ। ਸਾਡੇ ਹਰ ਘਰ ਵਿੱਚ ਪਾਠ ਪੂਜਾ, ਨਾਮ ਸਿਮਰਨ, ਦਾ ਪਰਵਾਹ ਚੱਲਦਾ ਹੈ। ਪਰ ਆਸਟ੍ਰੇਲੀਆ ਮੁਲਕ ਏਨਾ ਖੁਸ਼ਹਾਲ ਹੈ ਕਿ ਚੌਵੀ ਘੰਟੇ ਰੱਬ ਰੱਬ ਕਰਨ ਵਾਲੇ ਲੋਕ ਵੀ ਹਰ ਗੈਰਕਾਨੂੰਨੀ ਰਸਤਾ ਅਖਤਿਆਰ ਕਰ ਕੇ ਏਥੇ ਦਾਖ਼ਲ ਹੋਣਾ ਚਾਹੁੰਦੇ ਹਨ।

ਹੁਣ ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਜਿਹੜਾ ਰੱਬ ਘਾਟ ਘਾਟ 'ਚ ਵੱਸਦਾ ਹੈ, ਸਰਬਸ਼ਕਤੀਮਾਨ ਹੈ, ਉਹ ਚੌਵੀ ਘੰਟੇ ਪਾਠ ਪੂਜਾ ਵਾਲੇ ਮੁਲਕ ਦੀ ਬਜਾਏ ਉਸ ਮੁਲਕ ਤੇ ਦਿਆਲ ਕਿਉਂ ਹੈ ਜਿੱਥੇ ਪਾਠ ਪੂਜਾ ਚੁੱਭੀ ਮਾਰਿਆ ਵੀ ਨਹੀਂ ਲੱਭਦੀ ?

ਕੀ ਸਾਡੇ ਪਰਮਾਤਮਾ, ਭਗਵਾਨ ਤੇ ਅੱਲਾ ਨਾਲੋਂ ਜ਼ਿਆਦਾ ਸ਼ਕਤੀ ਲਈ ਬੈਠੀ ਹੈ ਇੱਥੋਂ ਦੀ ਇਨਸਾਨੀਅਤ ਕਿ ਏਥੇ ਏਨੀ ਖੁਸ਼ਹਾਲੀ ਹੈ ?

-------

## ਅਵਾਰਾ ਪਸ਼ੂਆਂ ਵਲੋਂ ਬਰਬਾਦੀ- ਮਿੰਟੂ ਹਿੰਮਤਪੁਰਾ

ਅਵਾਰਾ ਪਸ਼ੂਆਂ ਤੇ ਕੁੱਤਿਆਂ ਨੇ ਪੰਜਾਬੀਆਂ ਦਾ ਜਿਉਣਾ ਹਰਾਮ ਕਰਿਆ ਪਿਆ ਹੈ, ਭਾਜਪਾ ਦੀ ਮੰਤਰੀ ਮੇਨਕਾ ਗਾਂਧੀ ਦੇ ਕੁੱਤਾ ਪਰੇਮ ਕਰਕੇ ਹੁਣ ਤੱਕ ਸੈਕੜੇ ਮਨੁੱਖੀ ਜਾਨਾਂ ਲੈ ਚੁੱਕਿਆ ਹੈ। ਇਸ ਕਤੀਹੜ ਤੋਂ ਅੱਕਿਆ ਜੇ ਕੋਈ ਕੁੱਤਿਆਂ ਤੇ ਡਾਂਗ ਵਰਾਹੁੰਦੈ ਤਾਂ ਅਖੌਤੀ ਪਸ਼ੂ ਪਰੇਮੀ ਆਪਣਾ ਕਾਨੂੰਨ ਲੈ ਕੇ ਖੜ੍ਹੇ ਹੋ ਜਾਂਦੇ ਨੇ, ਇਸ ਤਰ੍ਹਾਂ ਲਗਦੈ ਜਿਵੇਂ ਮਨੁੱਖੀ ਜ਼ਿੰਦਗੀਆਂ ਦੀ ਕੋਈ ਕਦਰ ਹੀ ਨਾ ਹੋਵੇ ਅਤੇ ਅਵਾਰਾ ਕੁੱਤਿਆਂ ਨੇ ਜਿੱਥੇ-ਜਿੱਥੇ, ਜਿੰਨ੍ਹਾ ਜਿੰਨ੍ਹਾਂ ਘਰਾਂ 'ਚ ਕਹਿਰ ਢਾਹਿਆ ਉਹ ਕਹਿਣ ਦੀ ਗੱਲ ਨਹੀਂ।

ਪੰਜਾਬ ਵਾਸੀਆਂ ਨਾਲ ਕੁੱਤਿਆਂ ਨਾਲੋਂ ਵੀ ਭੈੜੀ ਅਵਾਰਾ ਗਾਵਾਂ ਦੇ ਵੱਗ ਕਰ ਰਹੇ ਹਨ। ਪੰਜਾਬ ਦੀ ਕਿਸਾਨੀ ਅੱਗੇ ਹੀ ਬੁਰੇ ਹਾਲਾਤਾਂ 'ਚੋਂ ਲੰਘ ਰਹੀ ਹੈ ਉੱਪਰੋਂ ਕਹਿਰ ਇਹ ਅਵਾਰਾ ਪਸ਼ੂ ਢਾਹ ਰਹੇ ਨੇ। ਲੱਗਭੱਗ ਹਰ ਪਿੰਡ ਦੇ ਕਿਸਾਨਾਂ ਨੇ ਆਪਣੀਆਂ ਫ਼ਸਲਾਂ ਦੀ ਇਹਨਾਂ ਗਾਵਾਂ ਦੇ ਵੱਗਾਂ ਤੋਂ ਰਾਖੀ ਲਈ ਰਾਖੇ ਸਾਲ ਭਰ ਲਈ ਸਾਂਝੇ ਰਾਖੇ ਰੱਖੇ ਹੋਏ ਨੇ ਜੋ ਤਕਰੀਬਨ ਸਾਲ ਦਾ 70,000 ਤੋਂ 10,0000 ਤੱਕ ਲੈਂਦੇ ਨੇ ਪੰਜਾਬ 'ਚ ਸਾਢੇ ਬਾਰਾਂ ਹਜ਼ਾਰ ਪਿੰਡ ਨੇ ਜੇਕਰ ਅੱਧੇ ਪਿੰਡ ਵੀ ਰਾਖੇ ਰੱਖਦੇ ਨੇ ਤਾਂ ਮੰਦੇ ਹਾਲਾਤਾਂ ਨਾਲ ਜੂਝਦੀ ਕਿਸਾਨੀ ਨੂੰ ਪੁੱਤਾਂ ਵਾਂਗ ਪਾਲੀ ਫ਼ਸਲ ਬਚਾਉਣ ਲਈ ਇੱਕ ਬਹੁਤ ਵੱਡੀ ਰਕਮ ਮਜਬੂਰੀ ਬੱਸ ਤਾਰਨੀ ਪੈ ਰਹੀ ਹੈ।

ਅਵਾਰਾ ਪਸ਼ੂ ਜਿੱਥੇ ਕਿਸਾਨਾਂ ਦੀ ਜੇਬ ਕੁਤਰ ਰਹੇ ਨੇ ਉੱਥੇ ਸੜਕਾਂ ਤੇ ਕੀਮਤੀ ਜਾਨਾਂ ਦਾ ਖੌ ਵੀ ਬਣ ਰਹੇ ਨੇ।

ਸਰਕਾਰ ਨੂੰ ਨਾਗਰਿਕਾਂ ਦੀ ਜ਼ਿੰਦਗੀ ਸੌਖੀ ਕਰਨ ਲਈ ਚੁਣਿਆ ਜਾਂਦਾ ਹੈ ਤੇ ਇਹਨਾਂ ਮੰਤਰੀਆਂ ਦੀ ਫ਼ੌਜ ਤੇ ਸਬੰਧਤ ਵਿਭਾਗਾਂ ਦੀਆਂ ਤਨਖਾਹਾਂ ਅਤੇ ਹੋਰ ਖਰਚੇ ਸੂਬੇ ਦੇ ਨਾਗਰਿਕ ਟੈਕਸਾਂ ਰਾਹੀਂ ਤਾਂ ਦਿੰਦੇ ਨੇ ਕਿ ਉਹਨਾਂ ਦੇ ਮਸਲੇ ਹੱਲ ਹੁੰਦੇ ਰਹਿਣ, ਸੋ ਆਪਣੇ ਆਪ ਨੂੰ ਮਨੁੱਖਤਾ ਦੀ ਰਾਖੀ ਅਖਵਾਉਂਦੀ ਸਰਕਾਰ ਨੂੰ ਚਾਹੀਦਾ ਕਿ ਉਹ ਨਾਗਰਿਕਾਂ ਦੁਆਰਾ ਟੈਕਸਾਂ ਦੇ ਰੂਪ 'ਚ ਦਿੱਤੀ ਮਿਹਨਤ ਦੀ ਕਮਾਈ ਦਾ ਮੁੱਲ ਤਾਰੇ, ਤੇ ਇਹਨਾਂ ਗੰਭੀਰ ਮਸਲਿਆ ਵੱਲ ਸੰਜੀਦਾ ਹੋ ਕੇ ਧਿਆਨ ਦੇਵੇ।

-------

## ਅੰਧਵਿਸ਼ਵਾਸ਼ੀ ਮੁੱਖ ਮੰਤਰੀ

ਯੋਗੀ ਅਦਿਤਿਆ ਨਾਥ ਨੇ ਕਾਂਵੜੀਆਂ ਦੇ ਰਸਤੇ ਵਿੱਚ ਆਉਣ ਵਾਲੇ ਗੂਲਰ ਦੇ ਦਰੱਖਤਾਂ ਨੂੰ ਕੱਟਣ ਦੇ ਹੁਕਮ ਦੇ ਦਿੱਤੇ ਹਨ। ਕਿਉਂਕਿ ਮੁੱਖ ਮੰਤਰੀ ਦੀ ਸੋਚ ਦੇ ਮੁਤਾਬਿਕ ਗੂਲਰ ਦਾ ਦਰੱਖਤ ਅਸ਼ੁਭ ਮੰਨਿਆਂ ਜਾਂਦਾ ਹੈ। ਅੱਜ ਮੈਂ ਫਿਰ ਤੋਂ ਪੜ੍ਹਿਆ ਕਿ ਮੁੱਖ ਮੰਤਰੀ ਨੇ ਕਿਹਾ ਕਿ ਬੁਰੀਆਂ ਆਤਮਾਵਾਂ ਨੂੰ ਦੂਰ ਰੱਖਣ ਲਈ ਅਤੇ ਬੁਰੇ ਗ੍ਰਹਿਆਂ ਦੇ ਪ੍ਰਕੋਪ ਤੋਂ ਬਚਣ ਲਈ ਨੌਂਗ੍ਰਹਿ ਦਰੱਖਤ ਅਤੇ ਸ਼ੁਭ ਦਰੱਖਤ ਲਗਾਉਣੇ ਚਾਹੀਦੇ ਹਨ। ਵਿਗਿਆਨ ਦੇ ਅਨੁਸਾਰ ਕੋਈ ਵੀ ਦਰੱਖਤ ਅਸ਼ੁਭ ਨਹੀਂ ਹੁੰਦਾ। ਖਾਸ ਤੌਰ ਤੇ ਗੂਲਰ ਤਾਂ ਬਿਲਕੁੱਲ ਵੀ ਅਣਉਪਯੋਗੀ ਦਰੱਖਤ ਨਹੀਂ ਹੈ। ਯੋਗੀ ਆਦਿੱਤਿਆ ਨਾਥ ਨੇ ਜੋ ਕਿਹਾ ਹੈ ਉਹ ਗਿਆਨ ਅਤੇ ਵਿਗਿਆਨ ਦੇ ਬਿਲਕੁੱਲ ਉਲਟ ਗੱਲ ਹੈ। ਅਜਿਹੀਆਂ ਗੱਲਾਂ ਤਾਂ ਕੋਈ ਅੰਧਵਿਸਵਾਸ਼ੀ ਹੀ ਕਰ ਸਕਦਾ ਹੈ।

ਭਾਰਤ ਦਾ ਸੰਵਿਧਾਨ ਕਹਿੰਦਾ ਹੈ ਕਿ ਰਾਜ ਦਾ ਕਰਤੱਵ ਇਹ ਹੈ ਕਿ ਉਹ ਆਪਣੇ ਨਾਗਰਿਕਾਂ ਵਿੱਚ ਵਿਗਿਆਨਿਕ ਸੋਚ ਦਾ ਪ੍ਰਸਾਰ ਕਰੇ।" ਪਰ ਜਿਸ ਤਰ੍ਹਾਂ ਰਾਜ ਸਤਾ ਦੇ ਸਿਖਰ ਤੇ ਬੈਠੇ ਹੋਏ ਲੋਕ ਅੰਧਵਿਸਵਾਸ਼ੀ ਅਤੇ ਅਵਿਗਿਆਨਿਕ ਗੱਲਾਂ ਦਾ ਪ੍ਰਚਾਰ ਕਰ ਰਹੇ ਹਨ। ਉਹ ਨਾ ਕੇਵਲ ਨੌਜਵਾਨ ਪੀੜ੍ਹੀ ਨੂੰ ਪਿੱਛੇ ਲੈ ਜਾਣਗੇ ਬਲਕਿ ਇਹ ਇੱਕ ਸੰਵਿਧਾਨ ਵਿਰੋਧੀ ਕੁਰੀਤੀ ਵੀ ਹੈ। ਸੰਵਿਧਾਨ ਮੁਤਾਬਕ ਚੱਲਣ ਵਾਲਾ ਵਿਅਕਤੀ ਸੰਵਿਧਾਨ ਦੇ ਵਿਰੁੱਧ ਕੰਮ ਨਹੀਂ ਕਰ ਸਕਦਾ। ਜਨਤਾ ਨੇ ਆਪਣੇ ਦੇਸ਼ ਦਾ ਵਿਕਾਸ ਕਰਨ ਲਈ ਇੱਕ ਮੁੱਖ ਮੰਤਰੀ ਚੁਣਿਆਂ ਹੈ ਨਾ ਕਿ ਪੂਜਾ-ਪਾਠ ਜਾਂ ਸ਼ੁਭ-ਅਸ਼ੁਭ ਦਾ ਵਿਚਾਰ ਕਰਵਾਉਣ ਲਈ ਜੋਤਿਸ਼ੀ ਨੂੰ ਨਿਯੁਕਤ ਕੀਤਾ ਹੈ। ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਭਾਰਤ ਦੇ ਸਭ ਤੋਂ ਵੱਡੇ ਪ੍ਰਦੇਸ਼ ਦਾ ਮੁੱਖ ਮੰਤਰੀ ਇਸ ਤਰ੍ਹਾਂ ਦੀਆਂ ਮੂਰਖਤਾ ਭਰੀਆਂ ਅਤੇ ਅਵਿਗਿਆਨਕ ਗੱਲਾਂ ਕਰੇ। ਇਸ ਨਾਲ ਨਾ ਸਿਰਫ਼ ਜਨਤਾ ਦਾ ਨੁਕਸਾਨ ਹੋਵੇਗਾ ਸਗੋਂ ਪੂਰੀ ਦੁਨੀਆਂ ਵਿੱਚ ਭਾਰਤ ਦੀ ਖਿੱਲੀ ਵੀ ਉੱਡ ਜਾਵੇਗੀ। ✪✪✪

# ਲੋਕ ਕਵੀ ਸੰਤ ਰਾਮ ਉਦਾਸੀ ਦੀ ਯਾਦ ਵਿੱਚ ਸਲਾਨਾ ਸਮਾਗਮ

ਸੰਤ ਰਾਮ ਉਦਾਸੀ ਯਾਦਗਾਰੀ ਕਮੇਟੀ ਬਰਨਾਲਾ ਵੱਲੋਂ ਹਰ ਸਾਲ ਉਦਾਸੀ ਜੀ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਏ ਜਾਂਦੇ ਪ੍ਰੋਗਰਾਮਾਂ ਦੀ ਲੜੀ ਤਹਿਤ ਕਮੇਟੀ ਵੱਲੋਂ ਜਾਤ-ਪਾਤ ਦਾ ਸਵਾਲ ਵਿਸ਼ੇ ਉੱਪਰ ਕਨਵੈਨਸ਼ਨ ਸਥਾਨਕ ਸੀਨੀਅਰ ਸਕੈਂਡਰੀ ਸਕੂਲ ਵਿੱਚ ਕਰਵਾਈ ਗਈ। ਇਸ ਕਨਵੈਨਸ਼ਨ ਦੀ ਸ਼ੁਰੂਆਤ ਲੋਕ ਗਾਇਕ ਜਗਰਾਜ ਧੌਲਾ ਵੱਲੋਂ ਸੰਤ ਰਾਮ ਉਦਾਸੀ ਨਾਲ ਬਿਤਾਏ ਆਪਣੇ ਅਨੁਭਵ ਸਾਂਝੇ ਕਰਦਿਆ, ਉਦਾਸੀ ਜੀ ਦੀ ਵਿਚਾਰਧਾਰਾ ਅਤੇ ਗੀਤਾਂ ਨਾਲ ਕੀਤੀ ਗਈ। ਜਾਤ-ਪਾਤ ਦਾ ਸਵਾਲ ਵਿਸ਼ੇ ਉੱਪਰ ਬੋਲਦਿਆਂ ਉੱਘੇ ਮਰਾਠੀ ਕਵੀ ਅਤੇ ਦਲਿਤ ਚਿੰਤਕ ਸੁਧੀਰ ਡਾਵਰੇ ਨੇ ਕਿਹਾ ਕਿ ਅੱਜ ਵੀ ਸਾਡੇ ਸਮਾਜ ਵਿੱਚ ਦਲਿਤਾਂ ਨਾਲ ਸਮਾਜਿਕ ਤੌਰ ਤੇ ਵਿਤਕਰਾ ਹੋ ਰਿਹਾ ਹੈ ਅਤੇ ਜਦ ਤੱਕ ਸਮਾਜ ਵਿੱਚ ਆਰਥਿਕ ਬਰਾਬਰੀ ਨਹੀਂ ਹੁੰਦੀ ਤਦ ਤੱਕ ਸਮਾਜਿਕ ਬਰਾਬਰੀ ਸੰਭਵ ਹੀ ਨਹੀਂ ਹੈ। ਜੈ ਭੀਮ ਲਾਲ ਸਲਾਮ ਦਾ ਨਾਅਰਾ ਦਿੰਦਿਆਂ ਉਹਨਾਂ ਕਿਹਾ ਕਿ ਅੱਜ ਸਮਾਜ ਦੇ ਪੀੜਤ ਵਰਗਾਂ ਅਤੇ ਦਲਿਤਾਂ ਨੂੰ ਆਪਣੀ ਮੁਕਤੀ ਲਈ ਇਨਕਲਾਬੀ ਵਿਚਾਰਧਾਰਾ ਸੰਗ ਜੁੜਨਾ ਚਾਹੀਦਾ ਹੈ ਅਤੇ ਉਹਨਾਂ ਕਿਹਾ ਕਿ ਡਾ. ਭੀਮ ਅੰਬੇਦਕਰ ਨੇ ਵੀ ਜਾਤ-ਪਾਤ ਦਾ ਸਵਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਤੇ ਉਹ ਕੁੱਝ ਰਿਆਇਤਾਂ ਦਿਵਾਉਣ ਵਿੱਚ ਸਫ਼ਲ ਵੀ ਰਹੇ ਪਰ ਇਸ ਮਸਲੇ ਦਾ ਠੋਸ ਹੱਲ ਪਾਰਲੀਮੈਂਟਰੀ ਪਾਰਟੀਆਂ ਕਰ ਹੀ ਨਹੀਂ ਸਕਦੀਆਂ, ਉਹ ਇਨਕਲਾਬੀ ਸ਼ਕਤੀਆਂ ਸੰਗ ਜੁੜਕੇ ਹੀ ਸੰਭਵ ਹੈ।

ਉਹਨਾਂ ਇਸ ਗੱਲ ਉੱਪਰ ਵੀ ਡੂੰਘੀ ਚਿੰਤਾ ਜ਼ਾਹਿਰ ਕੀਤੀ ਕਿ ਦੇਸ਼ ਫਿਰਕੂ ਫਾਸ਼ੀਵਾਦ ਦੇ ਵੱਡੇ ਹੱਲੇ ਦਾ ਸਾਹਮਣਾ ਕਰ ਰਿਹਾ ਹੈ ਜਿਸ ਦਾ ਮੁੱਖ ਨਿਸ਼ਾਨਾ ਦਲਿਤ, ਔਰਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਅੱਜ ਵੀ ਕੁੱਝ ਪਿੰਡਾਂ ਅੰਦਰ ਦਲਿਤਾਂ ਦੇ ਬਾਈਕਾਟ ਦੀਆਂ ਖ਼ਬਰਾਂ ਮਿਲ ਰਹੀਆਂ ਹਨ ਤਾਂ ਇਸ ਦਾ ਸਪੱਸ਼ਟ ਮਤਲਬ ਹੈ ਕਿ ਅਜੇ ਵੀ ਦੇਸ਼ ਅੰਦਰ ਜਾਤ-ਪਾਤ ਦੀਆਂ ਜੜ੍ਹਾਂ ਡੂੰਘੀਆਂ ਲੱਗੀਆਂ ਹੋਈਆਂ ਹਨ।

ਉਦਾਸੀ ਯਾਦਗਾਰੀ ਕਮੇਟੀ ਦੀ ਆਗੂ ਮੈਡਮ ਚਰਨਜੀਤ ਕੌਰ ਨੇ ਇਸ ਮੌਕੇ ਕਈ ਮਤੇ ਪੇਸ਼ ਕੀਤੇ ਗਏ ਜਿੰਨ੍ਹਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਪ੍ਰਿੰਸੀਪਲ ਇਕਬਾਲ ਕੌਰ ਉਦਾਸੀ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਰਚਨਾ 'ਅਜੇ ਨਾ ਆਈ ਮੰਜ਼ਿਲ ਤੇਰੀ, ਅਜੇ ਵਡੇਰਾ ਪਾੜਾ ਹੈ' ਨਾਲ ਉਨ੍ਹਾਂ ਨੂੰ ਯਾਦ ਕੀਤਾ। ਮਨਿੰਦਰ ਰੰਧਾਵਾ ਨੇ ਆਏ ਸੋਰਤਿਆਂ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਨੂੰ ਸਫ਼ਲ ਬਨਾਉਣ ਵਿੱਚ ਰਜਿੰਦਰ ਭਦੌੜ, ਅਮਿਤ ਮਿੱਤਰ, ਪ੍ਰਦੀਪ ਕਸਬਾ, ਗੁਰਪ੍ਰੀਤ ਰੂੜੇਕੇ, ਰਾਜੀਵ ਕੁਮਾਰ ਨੇ ਅਹਿਮ ਭੂਮਿਕਾ ਨਭਾਈ। ਅੰਤ ਵਿੰਚ ਕਮੇਟੀ ਵੱਲੋਂ ਮੁੱਖ ਬੁਲਾਰੇ ਨੂੰ ਕਿਤਾਬਾਂ ਦੇ ਸੈੱਟ ਨਾਲ ਸਨਮਾਨਤ ਕੀਤਾ ਗਿਆ।

ਸਟੇਜ ਸਕੱਤਰ ਦਾ ਫਰਜ਼ ਜਗਰਾਜ ਟੱਲੇਵਾਲ ਨੇ ਨਿਭਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾਂ ਪ੍ਰਸਿੱਧ ਲੇਖਕ ਓਮ ਪ੍ਰਕਾਸ਼ ਗਾਸੋ, ਸਰਜੀਤ ਤਲਵਾਰ, ਰਾਜਾ ਰਾਮ ਹੰਢਿਆਇਆ, ਜਗਮੋਹਨ ਪਟਿਆਲਾ, ਸਵਰਨਜੀਤ ਸੰਗਰੂਰ, ਗੁਰਪ੍ਰੀਤ ਸ਼ਹਿਣਾ, ਰਾਮ ਸਰੂਪ ਸ਼ਰਮਾਂ ਆਦਿ ਵੀ ਮੌਜੂਦ ਸਨ।



# ਵਹਿਮ ਭਰਮ

✶ ਬੂਹਿਆਂ 'ਤੇ ਟੰਗੀਆਂ ਮਿਰਚਾਂ ਅਤੇ ਨਿੰਬੂ

✶ ਘਰ ਉੱਤੇ ਲੱਗਾ ਭੂਤ ਵਾਲਾ ਮਖੌਟਾ

✶ ਬੱਚਿਆਂ ਦੇ ਮੱਥੇ 'ਤੇ ਲੱਗੇ ਕਾਲੇ ਟਿੱਕੇ

✶ ਗੱਡੀ ਦੇ ਅੱਗੇ ਪਿੱਛੇ ਟੰਗੀਆਂ ਜੁੱਤੀਆਂ

✶ ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ

✶ ਛਿੱਕ ਵੱਜੀ 'ਤੇ ਰੁਕ ਜਾਣਾ

✶ ਪੌਣ ਵਾਲੇ ਸਮੇਂ 'ਚ ਘਰੋਂ ਨਾ ਤੁਰਨਾ

✶ ਦਿਨ ਵਾਰ ਦੇਖਕੇ ਕੱਪੜੇ, ਵਾਲ ਆਦਿ ਧੋਣੇ

✶ ਮੀਟ ਸ਼ਰਾਬ ਲਈ ਵੀ ਦਿਨ ਮਿੱਥ ਲੈਣੇ

✶ ਜੋਤਿਸ਼, ਰੱਬ ਰੇਖਾ, ਟੇਵੇ, ਮੰਗਲੀਕ, ਗ੍ਰਹਿ ਦਿਸ਼ਾ ਨੂੰ ਮੰਨਣਾ

✶ ਬੁੱਧ ਕੰਮ ਸ਼ੁੱਧ 'ਚ ਯਕੀਨ ਰੱਖਣਾ

ਆਦਿ ਵਹਿਮ, ਕਥਨ, ਕਹਾਵਤਾਂ ਸਭ ਦੱਸਦੇ ਹਨ ਕਿ ਆਪਾਂ ਅਜੇ ਵੀ ਕਿਥੇ ਖੜੇ ਹਾਂ ਦੁਨੀਆ ਵਿੱਚ?

✶ ਤੁਹਾਨੂੰ ਆਪਣੇ ਕੰਮਾਂ, ਕਰਮ ਦੀ ਜਗ੍ਹਾ ਕਿਸਮਤ, ਕਥਨਾਂ ਵਿੱਚ ਜ਼ਿਆਦਾ ਭਰੋਸਾ ਹੈ!

✶ ਤੁਹਾਨੂੰ ਅਣਦੇਖੀਆਂ ਚੀਜ਼ਾ ਦਾ ਡਰ ਹੈ, ਬੇਸ਼ੱਕ ਤੁਸੀਂ ਖ਼ੁਦ ਨੂੰ ਅਣਖੀ ਪੰਜਾਬੀ ਆਖੀ ਜਾਵੋ!

✶ ਤੁਹਾਨੂੰ ਆਪਣੀ Driving ਦੇ ਤਰੀਕੇ ਨਾਲੋਂ ਕਾਰ ਵਿੱਚ ਲੱਗੀ ਪੀਰ, ਬਾਬੇ ਦੀ ਫੋਟੋ 'ਤੇ ਜਿਆਦਾ ਵਿਸ਼ਵਾਸ ਹੈ ਕਿ ਉਹੀ ਬਚਾਉ Accident ਵੱਲੋਂ, ਆਪਾਂ ਮੱਥਾ ਟੇਕ ਗੇਅਰ ਹੀ ਪਾਉਣਾ!

✶ ਬੱਬਰ ਸ਼ੇਰ ਰੁੱਕ ਜਾਂਦੇ ਨੇ ਜੇ ਬਿੱਲੀ ਰਸਤਾ ਕੱਟ ਜਾਵੇ ਤਾਂ!

✶ ਸਾਨੂੰ ਰਹਿਮਤਾਂ 'ਤੇ ਜ਼ਿਆਦਾ ਯਕੀਨ ਹੈ, ਮਿਹਨਤਾਂ ਭਾਵੇਂ ਨਾ ਕਰੀਏ!

### ਪਾਖੰਡੀ

ਮੈਂ ਇੱਕ ਨਾਸਤਿਕ ਹਾਂ ਪਰ ਜਦੋਂ ਕੋਈ ਕਹਿੰਦਾ

✶ "ਕਿਰਤ ਕਰੋ ਵੰਡ ਛਕੋ" ਮੈਂ ਉਸ ਨਾਲ ਸਹਿਮਤ ਹਾਂ!

✶ ਜੇ ਕਿਸੇ ਧਾਰਮਿਕ ਸਥਾਨ 'ਤੇ ਕਹਿੰਦੇ ਹਨ ਕਿ "ਖਾਣੇ ਤੋਂ ਬਾਅਦ ਜੂਠ ਨਹੀਂ ਛੱਡਣੀ ਚਾਹੀਦੀ" ਤਾਂ ਵੀ ਮੈਂ ਸਹਿਮਤ ਹਾਂ!

✶ ਜੋ ਕੋਈ ਧਾਰਮਿਕ ਕਹਿੰਦਾ ਹੈ ਕਿ "ਜੀਉ ਅਤੇ ਜੀਣ ਦਿਉ" ਮੈਂ ਉਸ ਨਾਲ ਵੀ ਸਹਿਮਤ ਹਾਂ!

✶ ਮੈਂ ਉਸ ਧਾਰਮਿਕ ਵਿਅਕਤੀ ਨਾਲ ਵੀ ਸਹਿਮਤ ਹਾਂ ਜੋ ਕਹਿੰਦਾ "ਵੱਡਿਆਂ ਦਾ ਸਤਿਕਾਰ ਕਰੋ, ਛੋਟਿਆਂ ਨਾਲ ਪਿਆਰ ਕਰੋ, ਲੋੜਵੰਦ ਦੀ ਸਹਾਇਤਾ ਕਰੋ"

✶ ਪਰ ਜਦੋਂ ਕੋਈ ਕਹਿੰਦਾ ਕਿ "ਇਹ ਅਮੀਰੀ-ਗਰੀਬੀ, ਐਸ਼ ਭਰੀ ਜ਼ਿੰਦਗੀ, ਨਰਕ ਭਰੀ ਜ਼ਿੰਦਗੀ, ਸਭ ਪਿਛਲੇ ਜਨਮਾਂ ਦੇ ਫਲ ਹਨ"

ਮੈਂ ਵਿਰੋਧ ਕਰਦਾ ਹਾਂ!

✶ ਜਦੋਂ ਕੋਈ ਕਹਿੰਦਾ ਕਿ "ਇਹ ਸੰਸਾਰ ਸਮਾਜ ਸ਼ੁਰੂ ਤੋਂ ਹੀ ਇਵੇਂ ਹੀ ਸੀ ਅਤੇ ਬਦਲਿਆਂ ਨਹੀਂ ਜਾ ਸਕਦਾ" ਮੈਂ ਵਿਰੋਧ ਕਰਦਾ ਹਾਂ!

✶ ਜਦ ਕੋਈ ਧਾਰਮਿਕ ਕਹਿੰਦਾ ਹੈ "ਸਭ ਉੱਪਰ ਵਾਲਾ ਕਰਦਾ ਹੈ" ਮੈਂ ਵਿਰੋਧ ਕਰਦਾ ਹਾਂ!

✶ ਜਦ ਉਹ ਕਹਿੰਦਾ ਹੈ "ਜੋ ਲਿਖਿਆ ਉਹੀ ਹੋ ਕੇ ਰਹਿਣਾ" ਮੈਂ ਵਿਰੋਧ 'ਚ ਜਾ ਖੜਦਾ ਹਾਂ!

✶ ਮੈਂ ਉਸ ਗਾਣੇ ਦਾ ਵੀ ਵਿਰੋਧ ਕਰਦਾ ਹਾਂ "ਦਾਨਾ ਪਾਨੀ ਖਿੱਚ ਲਿਆਂਦਾ, ਕੌਣ ਕਿਸੇ ਦਾ ਖਾਂਦਾ" ਭਾਵ ਕਿਰਤੀ ਕਿਸਾਨ ਦੀ ਮਿਹਨਤ ਕੋਈ ਵਿਹਲੜ ਖਾ ਜਾਵੇ ਤਾਂ ਲੁੱਟ ਨਹੀਂ, ਦਾਨਾ ਪਾਨੀ ਖਿੱਚਕੇ ਲਿਆਇਆ!

ਬਸ ਇਸ ਨਾਲ ਸਹਿਮਤ ਨਹੀਂ!

# ਨਾਸਤਿਕ ਹੋਣ ਬਾਅਦ

**ਸਾਧੂ ਬਿਨਿੰਗ**

ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ
ਹਲਕੇ ਸੁਰਖਰੂ ਹੋਣ ਦਾ
ਮਿੱਠਾ ਜਿਹਾ ਅਹਿਸਾਸ ਬਾਕੀ ਰਹਿ ਜਾਂਦਾ ਹੈ

ਨਾਸਤਿਕ ਹੋਣ ਬਾਅਦ
ਚੱਲੇ ਪਤਾ
ਡਰ ਡਰ ਕੇ ਜੀਣ ਵਿੱਚ
ਨਹੀਂ ਕੋਈ ਮਜ਼ਾ
ਇਹ ਜੀਵਨ
ਨਾ ਚੰਗੇ ਕਰਮਾਂ ਦਾ ਫਲ਼
ਨਾ ਮਾੜੇ ਕਰਮਾਂ ਦੀ ਸਜ਼ਾ
ਨਾ ਸਵਰਗਾਂ ਦੀ ਆਸ
ਨਾ ਨਰਕਾਂ ਦਾ ਡਰ
ਬਸ ਜੀਓ ਤੇ ਜੀਣ ਦਿਓ
ਨਾ ਕਿਸੇ ਤੋਂ ਡਰੋ ਨਾ ਡਰਾਓ

ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ ਕਲਗੀਆਂ ਸਜਾਉਣ ਲਈ

ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦਾ ਬੰਦਸ਼ਾ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ ਤੇ ਕੀ ਪਾਉਣਾ ਹੈ ਕੀ ਨਹੀਂ
ਸਿਰ ਮੂੰਹ 'ਤੇ ਉੱਗੇ ਵਾਲ਼ਾਂ ਨੂੰ
ਹੈ ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ

ਨਾਸਤਿਕ ਹੋਣ ਬਾਅਦ ਪੈਂਦੀ ਹੈ ਸਮਝ
ਇਨਸਾਨ ਬਣ ਕੇ ਜੀਣ ਦੀ
ਤੇ ਦੂਜਿਆਂ ਨੂੰ ਇਨਸਾਨ ਦੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲ਼ਾ ਗੋਰਾ ਭੂਰਾ ਤੇ ਪੀਲ਼ਾ ਨਹੀਂ
ਸਿਰਫ ਤੇ ਸਿਰਫ ਇਨਸਾਨ
ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ 'ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ 'ਚ ਹੌਂਸਲੇ ਨਾਲ ਮਾਰੀ
ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ
ਧਰਤੀ 'ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿੱਚ
ਵੱਖਰੀ ਹੀ ਖੁਸ਼ੀ ਵਿੱਚ ਨੱਚਦੇ ਹਨ

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਊਰੀਅਸ
ਸਿਸਰੋ, ਸੈਨੇਕਾ ਜਿਹੇ ਨਾਸਤਿਕ ਬਾਣੀ ਦੇ ਰਚੇਤਿਆਂ ਨੂੰ
ਜਿਹਨਾਂ ਨੇ ਸਿੰਜਿਆ ਹੈ ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿੱਚ ਡੋਲ੍ਹਿਆ ਹੈ ਆਪਣਾ ਖ਼ੂਨ ਵੀ

ਨਾਸਤਿਕ ਹੋਣ ਬਾਅਦ
ਤੁਸੀਂ ਅੰਬਰਾਂ ਵੱਲ ਵੱਖਰੀ ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ ਨਾਲ ਭਰ ਜਾਂਦੇ ਹੋ

ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉੱਤਲਾ ਸਮੁੱਚਾ ਜੀਵਨ
ਇੱਕ ਲੜੀ 'ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ
ਫੇਰ ਰਤਾ ਲੱਗਣ ਨਾ ਪਰਾਏ

ਨਾਸਤਿਕ ਹੋਣ ਬਾਅਦ ਬਦਲ ਜਾਂਦਾ ਹੈ
ਆਸਾ ਪਾਸਾ ਤੇ ਖੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉੱਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲੱਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ

ਪਰ ਇਸ ਗੱਲ ਦੀ ਸਮਝ
ਸਿਰਫ ਸੁਣਿਆਂ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆਂ ਜਾ ਸਕਦਾ ਹੈ
ਖੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ.....

---

## ਕਦੇ ਮੂਰਤੀਆਂ ਦੁੱਧ ਪੀਣ ਲੱਗ ਜਾਂਦੀਆਂ

ਕਦੇ ਮੂਰਤੀਆਂ ਦੁੱਧ ਪੀਣ ਲੱਗ ਜਾਂਦੀਆਂ,
ਕਦੇ ਚੰਦ ਵਿੱਚ ਬਾਬਾ ਨਾਨਕ ਆ ਜਾਂਦਾ,
ਕਦੇ ਪਾਣੀ 'ਚ ਨਹਾ ਕੇ ਨਜ਼ਰ ਮੁੜ ਆਂਦੀ,
ਕਦੇ ਨਲਕੇ ਦਾ ਪਾਣੀ ਦਵਾਈ ਬਣ ਗਿਆ,
ਕਦੇ ਮੰਤਰ ਪੜ੍ਹ ਕੇ ਕੈਂਸਰ ਠੀਕ ਹੋ ਜਾਂਦਾ,
ਕਦੇ ਫਿਲਮ ਵੇਖਣ ਨਾਲ ਗੁਰਦੇ ਠੀਕ ਹੋਗੇ,
ਕਦੇ ਗਊ ਗੋਬਰ 'ਚੋਂ ਸੋਨਾ ਨਿਕਲਣ ਲੱਗਦਾ,
ਕਦੇ ਕੰਧਾਂ ਤੇ ਭੂਤਨੀਆਂ ਆ ਬੈਠ ਗਈਆਂ,
ਕਦੇ ਗਊ ਗੋਬਰ ਨਾਲ ਬੰਕਰ ਬਣ ਜਾਂਦੇ,
ਕਦੇ ਗਊ ਮਾਸ ਪਿੱਛੇ ਦੰਗੇ ਹੋ ਜਾਂਦੇ ਨੇ,
ਤੇ ਹੁਣ ਚੂੜੇਲਾ ਗੁੱਤਾਂ ਵੱਢਣ ਲੱਗ ਗਈਆਂ,
ਇੱਥੇ ਹੀ ਬਸ ਨਹੀਂ ਹੋਰ ਵੀ ਬਥੇਰਾ ਕੁਝ ਹੈ,
ਚਲੋ ਹੁਣ ਮਾਣ ਕਰੋ ਮੂਰਖਸਥਾਨ ਦੇ ਵਾਸੀ ਹੋਣ ਤੇ।

## ਚੱਪਲਾਂ

ਇੱਕ ਮੰਦਰ ਵਿੱਚ ਇੱਕ ਕਾਰੀਗਰ ਦੇਵੀ ਦੀ ਵੱਡੀ ਮੂਰਤੀ ਬਣਾ ਰਿਹਾ ਸੀ। ਮੂਰਤੀ ਬਣਨ ਤੋਂ ਬਾਅਦ ਪੁਜਾਰੀ ਨੇ ਪਾਠ-ਪੂਜਾ ਕਰਕੇ ਮੂਰਤੀ ਦੀ ਮੰਦਰ ਵਿੱਚ ਸਥਾਪਨਾ ਕਰ ਦਿੱਤੀ। ਇੱਕ ਦਿਨ ਮੂਰਤੀ ਬਣਾਉਣ ਵਾਲਾ ਕਾਰੀਗਰ ਸਮੇਤ ਚੱਪਲਾਂ ਮੰਦਰ ਵਿੱਚ ਚਲਾ ਗਿਆ। ਪੁਜਾਰੀ ਉਸ ਨੂੰ ਕਹਿਣ ਲੱਗਾ ਕਿ "ਮੂਰਖਾ! ਚੱਪਲਾਂ ਸਮੇਤ ਮੰਦਰ ਵਿੱਚ ਨਹੀਂ ਆਈਦਾ।" ਉਹ ਕਾਰੀਗਰ ਕਹਿਣ ਕਿ ਜਦੋਂ ਮੈਂ ਮੂਰਤੀ ਬਣਾ ਰਿਹਾ ਸੀ ਤਾਂ ਮੈਂ ਚੱਪਲਾਂ ਪਹਿਨੀਆਂ ਹੋਈਆਂ ਸਨ। ਹੁਣ ਮਨਾਹੀ ਕਿਉਂ? ਪੁਜਾਰੀ ਕਹਿਣ ਲੱਗਿਆ ਕਿ "ਮੈਂ ਹੀ ਇਸਨੂੰ ਪਾਠ-ਪੂਜਾ ਕਰਕੇ ਸਥਾਪਿਤ ਕੀਤਾ ਹੈ। ਇਸ ਲਈ ਹੁਣ ਇਸ ਵਿੱਚ ਜਾਨ ਪੈ ਗਈ। ਸੋਚਾਂ ਵਿੱਚ ਡੁੱਬਿਆ ਕਾਰੀਗਰ ਚਲਾ ਗਿਆ। ਇੱਕ ਦਿਨ ਮੰਦਰ ਨਾ ਖੁੱਲ੍ਹਿਆ ਤਾਂ ਉਸਨੂੰ ਪਤਾ ਲੱਗਿਆ ਕਿ ਪੁਜਾਰੀ ਜੀ ਦਾ ਮੁੰਡਾ ਮਰ ਗਿਆ ਹੈ। ਉਹ ਭੱਜਿਆ-ਭੱਜਿਆ ਪੁਜਾਰੀ ਜੀ ਕੋਲ ਗਿਆ ਅਤੇ ਕਹਿਣ ਲੱਗਿਆ ਕਿ "ਛੇਤੀ ਤੋਂ ਛੇਤੀ ਪਾਠ-ਪੂਜਾ ਕਰੋ ਤਾਂ ਜੋ ਮੁੰਡੇ ਵਿੱਚ ਜਾਨ ਪੈ ਜਾਵੇ।" ਕਾਰੀਗਰ ਦੀ ਗੱਲ ਸੁਣ ਕੇ ਲੋਕ ਸੋਚਣ ਲੱਗੇ ਕਿ ਇਹ ਕਿੰਨਾ ਮੂਰਖ ਹੈ? ਜੋ ਪਾਠ-ਪੂਜਾ ਰਾਹੀ ਮਰੇ ਮੁੰਡੇ ਨੂੰ ਜਿਉਂਦਾ ਕਰਨ ਲਈ ਕਹਿ ਰਿਹਾ ਹੈ। ਪਰ ਕਾਰੀਗਰ ਸੋਚਾਂ ਵਿੱਚ ਡੁੱਬਿਆ ਸੀ।